Punjabi Parwaz

# ਪੰਜਾਬੀ ਪਰਵਾਜ਼

ਅੰਕ 31ਵਾਂ (ਸ਼ਿਕਾਗੋ): 20 ਜੁਲਾਈ ਤੋਂ 2 ਅਗਸਤ 2024 ਤੱਕ | ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com | www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548




'ਪੰਜਾਬੀ ਪਰਵਾਜ਼' ਦੇ ਪਲੇਠੇ ਸਮਾਗਮ 'ਪੰਜਾਬੀ ਪਰਵਾਜ਼ ਨਾਈਟ' ਮੌਕੇ ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ ਬੋਰਡ ਮੈਂਬਰ- (ਪਿੱਛੇ ਖੜ੍ਹੇ ਖੱਬਿਓਂ) ਬਿਕਰਮ ਸਿੰਘ ਸਿੱਧੂ, ਬੇਅੰਤ ਸਿੰਘ ਬੋਪਾਰਾਏ, ਅਮਰੀਕ ਸਿੰਘ ਸ਼ਿਕਾਗੋ, ਕਿਰਪਾਲ ਸਿੰਘ ਰੰਧਾਵਾ, ਦਵਿੰਦਰ ਸਿੰਘ ਰੰਗੀ, ਬਲਵਿੰਦਰ ਸਿੰਘ (ਬੌਬ) ਸੰਧੂ, ਅੰਮ੍ਰਿਤਪਾਲ ਸਿੰਘ ਗਿੱਲ, ਬਲਵਿੰਦਰ ਸਿੰਘ ਚੱਠਾ, ਦਰਸ਼ਨ ਸਿੰਘ ਪੰਮਾ, ਗੁਰਿੰਦਰਜੀਤ ਸਿੰਘ ਗਰੇਵਾਲ, ਜੋਧ ਸਿੰਘ ਸਿੱਧੂ, ਯਾਦਵਿੰਦਰ ਸਿੰਘ (ਰਿੰਪੀ) ਖੱਟੜਾ; ਅਤੇ (ਅੱਗੇ ਖੜ੍ਹੇ ਸੱਜਿਓਂ) ਜਿਗਰਦੀਪ ਸਿੰਘ ਢਿੱਲੋਂ, ਦੀਦਾਰ ਸਿੰਘ ਧਨੋਆ, ਮਨਮਿੰਦਰ ਸਿੰਘ ਹੀਰ, ਗੁਰਵਿੰਦਰ ਸਿੰਘ (ਬੱਬੂ) ਐਪਲਟਨ, ਅਮਰਜੀਤ ਸਿੰਘ ਢੀਂਡਸਾ, ਮਿੰਨੀ ਮੁਲਤਾਨੀ, ਗੁਰਪ੍ਰੀਤ ਕੇ. ਸਿੰਘ, ਇੰਦਰ ਹੁੰਜਣ; ਤੇ ਪੱਤਰਕਾਰ ਕੁਲਜੀਤ ਦਿਆਲਪੁਰੀ ਤੇ ਮੰਚ ਸੰਚਾਲਕ ਮਨਜੀਤ ਸਿੰਘ ਗਿੱਲ (ਸਮਾਗਮ ਦੀ ਵਿਸਤ੍ਰਿਤ ਰਿਪੋਰਟ ਸਫਾ 8, 9 ਅਤੇ 10 ਉਤੇ ਪੜ੍ਹੋ)









# ਯੂਨੀਵਰਸਿਟੀਆਂ ਨੂੰ ਮੁੱਖ ਮੰਤਰੀ ਦੇ ਅਧੀਨ ਲਿਆਉਣ ਵਾਲਾ ਬਿਲ ਰਾਸ਼ਟਰਪਤੀ ਵੱਲੋਂ ਰੱਦ

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਦੀਆਂ 12 ਸਟੇਟ ਯੂਨੀਵਰਸਿਟੀਆਂ ਨੂੰ ਰਾਜਪਾਲ ਰਾਹੀਂ ਕੇਂਦਰ ਦੀ ਅਧੀਨਗੀ ਤੋਂ ਮੁਕਤ ਕਰਨ ਸੰਬੰਧੀ ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ ਇੱਕ ਬਿਲ 'ਤੇ ਰਾਸ਼ਟਰਪਤੀ ਨੇ ਮੋਹਰ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਬਿਲ ਦੇ ਪਾਸ ਹੋ ਜਾਣ ਤੋਂ ਬਾਅਦ ਇਨ੍ਹਾਂ ਯੂਨੀਵਰਸਟੀਆਂ ਦਾ ਚਾਂਸਲਰ ਮੁੱਖ ਮੰਤਰੀ ਨੇ ਬਣ ਜਾਣਾ ਸੀ। ਇਸ ਨਾਲ ਰਾਜਾਂ ਵਿੱਚ

## *ਕੇਂਦਰੀਕਰਨ ਵੱਲ ਜਾ ਰਹੀ ਹੈ ਹਰ ਹਦਾਇਤ

ਮੌਜੂਦ ਯੂਨੀਵਰਸਿਟੀਆਂ ਨੂੰ ਪੰਜਾਬ ਸਰਕਾਰ ਆਪਣੀਆਂ ਖੇਤਰੀ ਲੋੜਾਂ ਅਨੁਸਾਰ ਢਾਲ ਸਕਦੀ ਸੀ। ਇਸ ਤਰ੍ਹਾਂ ਰਾਜ ਦੇ ਫੰਡਾਂ ਨਾਲ ਚਲਦੀਆਂ ਇਨ੍ਹਾਂ ਯੂਨੀਵਰਸਿਟੀਆਂ 'ਤੇ ਰਾਜਪਾਲ ਦੇ ਰਾਹੀਂ ਕੇਂਦਰ ਦੀ ਜਕੜ ਭਵਿੱਖ ਵਿੱਚ ਵੀ ਬਰਕਰਾਰ ਰਹੇਗੀ। ਇਹ ਬਿਲ ਰਾਜ ਵਿਧਾਨ ਸਭਾ ਨੇ ਪਿਛਲੇ ਸਾਲ 21 ਜੂਨ ਨੂੰ ਪਾਸ ਕੀਤਾ ਸੀ ਅਤੇ ਫਿਰ ਰਾਜਪਾਲ ਕੋਲ ਮਨਜ਼ੂਰੀ ਲਈ ਭੇਜ ਦਿੱਤਾ ਸੀ। ਉਦੋਂ ਵੱਖ-ਵੱਖ ਮਾਮਲਿਆਂ ਨੂੰ ਲੈ ਕੇ ਪੰਜਾਬ ਦੇ ਰਾਜਪਾਲ ਅਤੇ ਮੁੱਖ ਮੰਤਰੀ ਵਿਚਕਾਰ ਪਾਵਰ-ਸੰਘਰਸ਼ ਚੱਲ ਰਿਹਾ ਸੀ। ਇਹ ਬਿਲ ਵੀ ਇਸ ਖਿੱਚੋਤਾਣ ਦਾ ਸ਼ਿਕਾਰ ਹੋਇਆ।

ਪੰਜਾਬ ਤੋਂ ਇਲਾਵਾ ਬੰਗਾਲ, ਕੇਰਲਾ, ਰਾਜਸਥਾਨ, ਮਹਾਰਾਸ਼ਟਰ ਅਤੇ ਤਾਮਿਲਨਾਡੂ ਨੇ ਵੀ ਇਸ ਕਿਸਮ ਦੇ ਬਿਲ ਪਾਸ ਕਰਕੇ ਮਨਜ਼ੂਰੀ ਲਈ ਭੇਜੇ ਸਨ, ਇਨ੍ਹਾਂ ਦਾ ਹਾਲ ਵੀ ਪੰਜਾਬ ਵਾਲਾ ਹੀ ਹੋਇਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਬਿਲ ਉਦੋਂ ਵਿਧਾਨ ਸਭਾ ਵਿੱਚ ਲਿਆਉਣ ਦਾ ਫੈਸਲਾ ਕੀਤਾ ਸੀ, ਜਦੋਂ ਰਾਜਪਾਲ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਉਪ-ਕੁਲਪਤੀ ਦੀ ਨਿਯੁਕਤੀ ਵਿੱਚ ਅੜਿਕਾ ਪਾ ਦਿੱਤਾ ਸੀ।

ਅਸਲ ਵਿੱਚ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਬਣੀਆਂ ਯੂਨੀਵਰਸਿਟੀਆਂ ਦਾ ਕੇਂਦਰੀਕਰਨ ਮੌਜੂਦਾ ਕੇਂਦਰ ਸਰਕਾਰ ਦੀਆਂ ਸਮੁੱਚੀਆਂ ਨੀਤੀਆਂ ਦਾ ਹਿੱਸਾ ਹੈ। ਇਸੇ ਦੇ ਤਹਿਤ ਰਾਜਾਂ ਵਿੱਚੋਂ ਇਕੱਤਰ ਕੀਤੇ ਜਾਣ ਵਾਲੇ ਟੈਕਸ ਸਮੇਤ ਹਰ ਚੀਜ਼ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਦੇਸ਼ ਦੀ ਕੇਂਦਰ ਸਰਕਾਰ ਅਸਲ ਵਿੱਚ ਰਾਜਾਂ ਅਤੇ ਸਥਾਨਕ ਪ੍ਰਸ਼ਾਸਨ ਦੇ ਛੋਟੇ-ਛੋਟੇ ਮਸਲਿਆਂ ਦੇ ਹੱਲ ਵੀ ਆਪਣੇ ਹੱਥ ਲੈਣਾ ਚਾਹੁੰਦੀ ਹੈ। ਜਦਕਿ ਅਜਿਹਾ ਕਤਈ ਵੀ ਸੰਭਵ ਨਹੀਂ ਹੁੰਦਾ, ਸਗੋਂ ਤਾਕਤਾਂ ਦੇ ਪਸਾਰੇ ਅਤੇ ਵੰਡ ਨਾਲ ਜ਼ਿੰਮੇਵਾਰੀ ਦਾ ਅਹਿਸਾਸ ਜਾਗਦਾ ਹੈ। ਵਿਕਾਸ ਅਮਲ ਵਿੱਚ ਇਸ ਜ਼ਿੰਮੇਵਾਰ ਸ਼ਮੂਲੀਅਤ ਨਾਲ ਹੀ ਤੁਸੀਂ ਮੁਲਕ ਦੇ ਲੋਕਾਂ ਨੂੰ ਆਪਣੇ ਨਾਲ ਜੋੜ ਸਕਦੇ ਹੋ। ਤਾਕਤਾਂ ਤੋਂ ਮਹਿਰੂਮ ਰੱਖ ਕੇ ਲੋਕਾਂ 'ਤੇ ਸਿਰਫ ਭ੍ਰਿਸ਼ਟ ਤੰਤਰ ਦਾ ਡੰਡਾ ਹੀ ਚਲਾਇਆ ਜਾ ਸਕਦਾ ਹੈ।

ਇਸ ਵਾਰ ਦੀਆਂ ਆਮ ਚੋਣਾਂ ਵਿੱਚ ਕਈ ਰਾਜਾਂ ਅੰਦਰ




> *ਯੂਨੀਵਰਸਿਟੀਆਂ ਦੇ ਮਸਲੇ 'ਤੇ ਉਨ੍ਹਾਂ ਸਾਰੇ ਰਾਜਾਂ ਨੂੰ ਇੱਕ ਮੰਚ 'ਤੇ ਆਉਣਾ ਚਾਹੀਦਾ ਹੈ, ਜਿਨ੍ਹਾਂ ਦੇ ਇਸ ਕਿਸਮ ਦੇ ਬਿਲ ਰੋਕੇ ਗਏ ਹਨ। ਇਹ ਅਸਲ ਵਿੱਚ ਆਪਣੇ ਬੌਧਿਕ ਵਿਕਾਸ ਨੂੰ ਖੁਦ ਆਪਣੇ ਹੱਥ ਲੈਣ ਦਾ ਮਾਮਲਾ ਵੀ ਹੈ। ਤੁਸੀਂ ਕੋਈ ਭਾਈਚਾਰਾ, ਕੌਮੀਅਤ ਜਾਂ ਰਾਜ ਛੱਡੋ, ਧਰਤੀ 'ਤੇ ਵੱਸਦਾ ਕੋਈ ਮਾੜੇ ਤੋਂ ਮਾੜਾ ਵਿਅਕਤੀ ਵੀ ਕਿਸੇ ਦੂਜੇ ਦਾ ਗੁਲਾਮ ਨਹੀਂ ਰਹਿਣਾ ਚਾਹੁੰਦਾ। ਭਾਵੇਂ ਹਾਲਾਤ ਦੇ ਵੱਸ ਉਹ ਅਜਿਹਾ ਕਰਦਾ ਹੈ, ਪਰ ਜਦੋਂ ਹਾਲਤ ਅਨੁਕੂਲ ਹੁੰਦੇ ਹਨ, ਉਹ ਗੁਲਾਮੀ ਦਾ ਜੂਲਾ ਲਾਹ ਸੁੱਟਦਾ ਹੈ।*

ਲੱਗੇ ਵੱਡੇ ਧੱਕੇ ਦੇ ਬਾਵਜੂਦ ਕੇਂਦਰ ਸਰਕਾਰ ਨੇ ਆਪਣੀ ਪਹੁੰਚ ਵਿੱਚ ਕੋਈ ਤਬਦੀਲੀ ਨਹੀਂ ਕੀਤੀ। ਜਿਹੜੀਆਂ ਛੋਟੀਆਂ/ਖੇਤਰੀ ਪਾਰਟੀਆਂ ਦੇ ਆਗੂ ਕੇਂਦਰ ਸਰਕਾਰ ਦੀ ਹਮਾਇਤ ਕਰ ਰਹੇ ਹਨ ਅਤੇ ਰਾਜਭਾਗ ਵਿੱਚ ਭਾਈਵਾਲ ਹਨ, ਉਨ੍ਹਾਂ ਦਾ ਉਂਝ ਹੀ ਮੱਚ ਮਰਿਆ ਹੋਇਆ ਹੈ। ਨਵੀਂ ਵਿਦਿਅਕ ਨੀਤੀ ਦੇ ਅਧੀਨ ਕੇਂਦਰ ਸਰਕਾਰ ਦੇਸ਼ ਦੀਆਂ ਸਮੁੱਚੀਆਂ ਵਿਦਿਅਕ ਸੰਸਥਾਵਾਂ 'ਤੇ ਇੱਕ ਵਿਆਪਕ ਗਲਬਾ ਵੀ ਪਾ ਲਿਆ ਹੈ। ਸਰਕਾਰ ਇਸ ਤੱਥ ਤੋਂ ਵੀ ਬੇਖ਼ਬਰ ਹੈ ਕਿ ਤਾਕਤਾਂ ਦਾ ਕੇਂਦਰੀਕਰਨ ਭ੍ਰਿਸ਼ਟਾਚਾਰ ਨੂੰ ਜਨਮ ਦਿੰਦਾ ਹੈ। ਨੈਟ ਅਤੇ ਨੀਟ ਦੇ ਇਮਤਿਹਾਨਾਂ ਵਿੱਚ ਹੋ ਰਹੀ ਘਪਲੇਬਾਜ਼ੀ ਤੋਂ ਪਹਿਲਾਂ ਹੀ ਪਰਦਾ ਉਠ ਗਿਆ ਹੈ। ਨਕਲੀ ਸਰਟੀਫਿਕੇਟਾਂ ਨਾਲ ਪੂਜਾ ਖੇਡਕਰ ਆਈ.ਏ.ਐਸ. ਬਣ ਗਈ! ਇਦੂੰ ਅੱਗੇ ਨਿਘਾਰ ਹੋ ਸਕਦਾ ਕੋਈ? ਆਈ.ਏ.ਐਸ., ਆਈ.ਪੀ.ਐਸ. ਕੇਂਦਰ ਹੀ ਬਣਾਉਂਦਾ? ਇਸ ਹਾਲਤ ਵਿੱਚ ਕੇਂਦਰ ਸਰਕਾਰ ਇਹ ਕਿਵੇਂ ਕਹਿ ਸਕਦੀ ਹੈ ਕਿ ਕੇਂਦਰ ਅਧੀਨ ਚਲਦੀਆਂ ਸੰਸਥਾਵਾਂ ਰਾਜਾਂ ਨਾਲੋਂ ਵਧੇਰੇ ਬਿਹਤਰ ਹਨ?

ਪੰਜਾਬ ਦੇ ਮਾਮਲੇ ਵਿੱਚ ਇਹ ਹਕੀਕਤ ਹੋਰ ਵੀ ਸਮੱਸਿਆ ਪੂਰਨ ਹੈ। ਪੰਜਾਬ ਨੇ ਪੰਜਾਬੀ ਯੂਨੀਵਰਸਿਟੀ ਪੰਜਾਬੀ ਭਾਸ਼ਾ ਦੇ ਨਾਮ 'ਤੇ ਬਣਾਈ ਸੀ, ਜਿਵੇਂ ਇਜ਼ਰਾਇਲ ਵਿੱਚ ਹੇਬਰਿਊ ਯੂਨੀਵਰਸਿਟੀ ਹੈ। ਹੁਣ ਇਸ ਦਾ ਵੀ ਸੰਕ੍ਰਿਤੀਕਰਨ ਕੀਤਾ ਜਾ ਰਿਹਾ। ਜਿਉਂਦੇ ਸਮਾਜਾਂ ਦੀ ਫੰਕਸ਼ਨਲ ਭਾਸ਼ਾ (ਪੰਜਾਬੀ) 'ਤੇ ਇੱਕ ਮਰੀ ਹੋਈ ਭਾਸ਼ਾ ਮੜ੍ਹੀ ਜਾ ਰਹੀ ਹੈ। ਕੋਈ ਭਾਸ਼ਾ ਐਵੇਂ ਨਹੀਂ ਮਰਦੀ, ਪਹਿਲਾਂ ਇਸ ਨਾਲ ਜੁੜਿਆ, ਇਸ ਨੂੰ ਬੋਲਣ ਵਾਲਾ ਸਮਾਜ ਮਰਦਾ ਹੈ, ਨਾਲ ਹੀ ਭਾਸ਼ਾ ਮਰ ਜਾਂਦੀ ਹੈ। ਸੰਸਕ੍ਰਿਤ ਬੋਲਣ ਵਾਲਾ ਸਮਾਜ ਕਿੱਥੇ ਹੈ ਹੁਣ? ਜਿਉਂਦੇ ਜਾਗਦੇ ਸਮਾਜਾਂ ਦੀਆਂ ਭਾਸ਼ਾਵਾਂ ਨੂੰ ਮਾਰਨਾ ਅਤੇ ਮਰੀਆਂ ਦੇ ਪ੍ਰੇਤ ਖੜ੍ਹੇ ਕਰਨਾ ਕਿੱਥੋਂ ਦੀ ਅਕਲਮੰਦੀ ਹੈ?

ਯੂਨੀਵਰਸਿਟੀਆਂ ਦੇ ਮਸਲੇ 'ਤੇ ਉਨ੍ਹਾਂ ਸਾਰੇ ਰਾਜਾਂ ਨੂੰ ਇੱਕ ਮੰਚ 'ਤੇ ਆਉਣਾ ਚਾਹੀਦਾ ਹੈ, ਜਿਨ੍ਹਾਂ ਦੇ ਇਸ ਕਿਸਮ ਦੇ ਬਿਲ ਰੋਕੇ ਗਏ ਹਨ। ਇਹ ਅਸਲ ਵਿੱਚ ਆਪਣੇ ਬੌਧਿਕ ਵਿਕਾਸ ਨੂੰ ਖੁਦ ਆਪਣੇ ਹੱਥ ਲੈਣ ਦਾ ਮਾਮਲਾ ਵੀ ਹੈ। ਤੁਸੀਂ ਕੋਈ ਭਾਈਚਾਰਾ, ਕੌਮੀਅਤ ਜਾਂ ਰਾਜ ਛੱਡੋ, ਧਰਤੀ 'ਤੇ ਵੱਸਦਾ ਕੋਈ ਮਾੜੇ ਤੋਂ ਮਾੜਾ ਵਿਅਕਤੀ ਵੀ ਕਿਸੇ ਦੂਜੇ ਦਾ ਗੁਲਾਮ ਨਹੀਂ ਰਹਿਣਾ ਚਾਹੁੰਦਾ। ਭਾਵੇਂ ਹਾਲਾਤ ਦੇ ਵੱਸ ਉਹ ਅਜਿਹਾ ਕਰਦਾ ਹੈ, ਪਰ ਜਦੋਂ ਹਾਲਤ ਅਨੁਕੂਲ ਹੁੰਦੇ ਹਨ, ਉਹ ਗੁਲਾਮੀ ਦਾ ਜੂਲਾ ਲਾਹ ਸੁੱਟਦਾ ਹੈ।

ਇਹ ਠੀਕ ਹੈ ਕਿ ਬਹੁਤ ਸਾਰੇ ਮਸਲੇ ਜਿਵੇਂ ਵਾਤਾਵਰਣ ਜਾਂ ਮਨੁੱਖੀ ਅਧਿਕਾਰਾਂ ਦਾ ਮਸਲਾ ਹੈ- ਸੰਘੀ, ਖੇਤਰੀ ਜਾਂ ਸਥਾਨਕ ਪੱਧਰ 'ਤੇ ਨਹੀਂ ਨਜਿੱਠੇ ਜਾ ਸਕਦੇ। ਇਨ੍ਹਾਂ ਲਈ ਸਮੁੱਚੇ ਸੰਸਾਰ ਦੀ ਆਮ ਰਾਏ ਬਣਾਉਣੀ ਪਏਗੀ। ਇਸ ਤੋਂ ਇਲਾਵਾ ਕੁਝ ਮਸਲੇ ਹਨ ਜਿਹੜੇ ਸੰਘੀ ਪੱਧਰ 'ਤੇ ਬਿਹਤਰ ਨਜਿੱਠੇ ਜਾ ਸਕਦੇ ਹਨ, ਜਦਕਿ ਕੁਝ ਹੋਰ ਖੇਤਰੀ ਜਾਂ ਸਥਾਨਕ ਪੱਧਰ 'ਤੇ। ਅਜਿਹੇ ਮਾਮਲਿਆਂ ਦੀ ਸੂਚੀ ਵੰਡ ਹਿੰਦੁਸਤਾਨੀ ਸੰਵਿਧਾਨ ਵਿੱਚ ਕੀਤੀ ਵੀ ਹੋਈ ਹੈ, ਫਿਰ ਵੀ ਇੱਕ ਦੂਜੇ ਦੇ ਮਾਮਲਿਆਂ 'ਚ ਦਖਲ ਅੰਦਾਜ਼ੀ ਜਾਰੀ ਰਹਿੰਦੀ ਹੈ?

ਸਾਡੀ ਅਸਲ ਸਮੱਸਿਆ ਦਿਆਨਤਦਾਰ ਮਨੁੱਖ ਪੈਦਾ ਕਰਨ ਦੀ ਹੈ। ਅਸੀਂ ਅਤਿ ਭ੍ਰਿਸ਼ਟ ਸਮਾਜਾਂ ਵਿੱਚੋਂ ਇੱਕ ਹਾਂ। ਇਸ ਦਾ ਵਿਅਕਤੀ ਵੀ ਉਹੋ ਜਿਹਾ ਹੀ ਹੋਵੇਗਾ, ਜਿਹੋ ਜਿਹੇ ਰਾਜ ਕਰਨ ਵਾਲੇ ਹਨ; ਜਾਂ ਜਿਹੋ ਜਿਹੇ ਧਾਰਮਿਕ-ਸਮਾਜਕ ਰੋਲ ਮਾਡਲ ਹਨ। ਇਓਂ ਵੀ ਹੁੰਦਾ ਕਿ ਜੇ ਸਮਾਜ ਦਾ ਡੀ.ਐਨ.ਏ. ਖਰਾਬ ਹੋਵੇ ਤਾਂ ਰਾਜ ਕਰਨ ਵਾਲੇ ਸਮਾਜ ਨਾਲੋਂ ਵੀ ਬਦ ਹੋ ਜਾਂਦੇ ਹਨ। ਜਦੋਂ ਤੱਕ ਦਿਆਨਤਦਾਰ ਮਨੁੱਖ ਅਸੀਂ ਪੈਦਾ ਨਹੀਂ ਕਰਦੇ, ਕੋਈ ਕੇਂਦਰੀਕਰਨ/ਤਾਨਾਸ਼ਾਹੀ/ਜਮਹੂਰੀਅਤ ਵਿੱਚ ਲੁਕੀ ਤਾਨਾਸ਼ਾਹੀ ਮਸਲੇ ਹੱਲ ਨਹੀਂ ਕਰ ਸਕਦੀ। ਪਹਿਲਾਂ ਰਾਜ ਨੇ ਦਾਣੇ ਦੇਣੇ ਸ਼ੁਰੂ ਕੀਤੇ। ਫਿਰ ਦਾਲਾਂ ਵੀ ਨਾਲ ਆ ਗਈਆਂ। ਹੁਣ ਵਾਲਿਆਂ ਨੇ ਚੱਕੀ 'ਤੇ ਜਾਣ ਦਾ ਵੀ ਜੱਭ ਮੁਕਾ ਦਿੱਤਾ, ਆਟਾ ਪੀਸਿਆ ਪਿਸਾਇਆ ਮਿਲੂ; ਦਾਲਾਂ ਦੇ ਥੈਲੇ ਨਾਲ। ਆਉਣ ਵਾਲੀਆਂ ਹਕੂਮਤਾਂ ਕੋਲ ਕੀ ਔਪਸ਼ਨ ਹੈ? ਛੱਡੋ ਸਭ ਕੁਝ, ਪੱਕੀ ਪਕਾਈ ਰੋਟੀ ਘਰ ਆਇਆ ਕਰੂ। ਟਿਫਨ ਹੀ ਭੇਜ ਦਿਆ ਕਰਾਂਗੇ, ਪਰ ਵੋਟ ਸਾਨੂੰ ਪਾਓ। ਰੁਜ਼ਗਾਰ ਨਾ ਭਲਿਓ, ਸਾਰੇ ਟੁੱਕ ਟੇਰ ਹੋ ਜਾਓ। ਛੱਡ ਦੋ ਸਾਰੀ ਗੈਰਤ, ਜ਼ਿੰਮੇਵਾਰੀ, ਅਸੀਂ ਸਿਆਸਤਦਾਨ ਜੋ ਹੈਗੇ? ਇਹ ਕਿਧਰ ਨੂੰ ਜਾ ਰਿਹਾ ਹੈ ਸਾਰਾ ਕੁਝ, ਬੰਦੇ ਨੂੰ ਅਪੰਗ ਬਣਾਉਣ ਵੱਲ?


Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group



Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਤੁਹਾਡੇ ਸੁਪਨਿਆਂ ਦਾ ਘਰ ਖਰੀਦਣ ਜਾਂ ਵੇਚਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ

ਘਰ ਲੈਣ ਲਈ ਮੁਫਤ ਸਲਾਹ ਵਾਸਤੇ ਮੇਰੇ ਨਾਲ ਸੰਪਰਕ ਕਰੋ

@properties

CHRISTIE'S INTERNATIONAL REAL ESTATE

AYUSHI KUKREJA HOMES

(OVER 40 MILLION IN SALES)

## BUYING OR SELLING?

**FREE HOME EVALUATION**

Contact me to find out what your home is worth!

**AYUSHI KUKREJA-RAJU**

**REAL ESTATE AGENT**

630-825-4652

ATPROPERTIES.COM/SITE/AYUSHIKUKREJA



# Elite Pro Solutions

- Trucking Permits
- MC ■DOT ■EIN
- Filling name with the state
- Fuel Permit ■Fuel Taxes
- Oregon Permit
- New Mexico Permit
- New York Permit
- Commercial Plates
- Safety Training

*Driver Training
*(Flat bed special class)*
*DOT Audit
*CDL Safety Class
*CA number required

To obtain these permits, trucking Companies often need to provide details such as vehicle specifications route in formation, and cargo descriptions.

**The application process can vary by state and type of permit.**

Elite Pro Solutions ਵਿੱਚ ਤੁਹਾਡਾ ਸੁਆਗਤ ਹੈ, ਜਿੱਥੇ ਨਵੀਨਤਾ ਮੁਹਾਰਤ ਨੂੰ ਪੂਰਾ ਕਰਦੀ ਹੈ। ਅਸੀਂ ਅੱਜ ਦੇ ਗਤੀਸ਼ੀਲ ਬਾਜ਼ਾਰ ਵਾਤਾਵਰਣ ਦੀਆਂ ਗੁੰਝਲਾਂ ਨੂੰ ਨੈਵੀਗੇਟ ਕਰਨ ਵਿੱਚ ਹਰ ਆਕਾਰ ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਸਮਰਪਿਤ ਪ੍ਰਮੁੱਖ ਸਲਾਹ ਸੇਵਾਵਾਂ ਪ੍ਰਦਾਨ ਕਰਦੇ ਹਾਂ। ਸਾਡਾ ਮਿਸ਼ਨ ਰਣਨੀਤਕ ਸੂਝ, ਕਾਰਜਸ਼ੀਲ ਸੰਸਥਾਵਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ।

Welcome to ELITEPRO-Solutions where innovation meets expertise. We are premier consulting Services dedicated to helping businesses of all sizes navigate the complexities of today's dynamic Market environment. Our Mission is to empower organizations with strategic insights, Operational.

## Business License

| | |
|---|---|
| Restaurant Permits | Construction |
| Food Service License | Beauty Salon |
| Liquor License | Convenience Store |
| Health Department | Cleaning Business |
| Building & Zoning Permits | Body Shop |
| Sign Permit | Mechanic Shop |
| Music License *(optional)* | Accounting Services |
| Fire Department | E-Commerce |

**ਸਾਡੀ ਮੁਹਾਰਤ***

ਤਜਰਬੇਕਾਰ ਪੇਸ਼ੇਵਰਾਂ ਦੀ ਇੱਕ ਟੀਮ ਦੇ ਨਾਲ Elite Pro Solutions ਸਲਾਹ ਸੇਵਾਵਾਂ ਦਾ ਇੱਕ ਵਿਆਪਕ ਸੂਟ ਪੇਸ਼ ਕਰਦਾ ਹੈ।

**Our Expertise*** With a team of seasoned professionals Elite Pro Solutions offers a Comprehensive Suite of Consulting services.

**ਸਾਡੀ ਪਹੁੰਚ**

A+ (Eilte Pro Soluitons) ਅਸੀਂ ਇੱਕ ਸਹਿਯੋਗੀ ਪਹੁੰਚ 'ਤੇ ਵਿਸ਼ਵਾਸ ਕਰਦੇ ਹਾਂ। ਅਸੀਂ ਆਪਣੇ ਗਾਹਕਾਂ ਦੀਆਂ ਚੁਣੌਤੀਆਂ ਅਤੇ ਉਦੇਸ਼ਾਂ ਨੂੰ ਸਮਝਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਦੇ ਹਾਂ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਸਾਡੇ ਹੱਲ ਵਿਹਾਰਕ, ਪ੍ਰਭਾਵਸ਼ਾਲੀ ਅਤੇ ਉਨ੍ਹਾਂ ਦੇ ਟੀਚਿਆਂ ਨਾਲ ਜੁੜੇ ਹੋਏ ਹਨ। ਸਾਡੀ ਕਾਰਜਪ੍ਰਣਾਲੀ ਮਾਪਣਯੋਗ ਨਤੀਜੇ ਪ੍ਰਦਾਨ ਕਰਨ ਲਈ ਨਵੀਨਤਾਕਾਰੀ ਸੋਚ ਦੇ ਨਾਲ ਉਦਯੋਗ ਦੇ ਸਭ ਤੋਂ ਵਧੀਆ ਅਭਿਆਸਾਂ ਨੂੰ ਜੋੜਦੀ ਹੈ।

**Contact: 317-319-3832 or 317-603-1597**

# ਭਾਜਪਾ ਦਾ ਪਤਨ ਜਾਰੀ, ਜ਼ਿਮਨੀ ਚੋਣਾਂ ਵਿੱਚ ਮਿਲੀ ਵੱਡੀ ਪਛਾੜ

## ਅਕਾਲੀਆਂ ਦੇ ਦੋਵੇਂ ਧੜੇ ਰੁਲ਼ੇ

ਜਸਵੀਰ ਸਿੰਘ ਸ਼ੀਰੀ

ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਲੱਗੇ ਧੱਕੇ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੂੰ ਇੱਕ ਹੋਰ ਝਟਕਾ ਲੱਗ ਗਿਆ ਹੈ। ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ 10 ਜੁਲਾਈ ਨੂੰ ਹੋਈਆਂ 13 ਵਿਧਾਨ ਸਭਾਈ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵਿੱਚ ਭਾਜਪਾ ਸਿਰਫ ਦੋ ਹਲਕਿਆਂ ਵਿੱਚ ਜਿੱਤ ਪ੍ਰਾਪਤ ਕਰ ਸਕੀ ਹੈ। 10 ਸੀਟਾਂ 'ਇੰਡੀਆ' ਗੱਠਜੋੜ ਨੇ ਜਿੱਤ ਲਈਆਂ ਹਨ, ਜਦੋਂਕਿ ਇੱਕ ਸੀਟ ਬਹੁਜਨ ਸਮਾਜ ਪਾਰਟੀ ਦੇ ਹਿੱਸੇ ਆਈ ਹੈ, ਜਿਹੜੀ ਕਿ ਹਾਲ ਦੀ ਘੜੀ ਕਿਸੇ ਗੱਠਜੋੜ ਦਾ ਹਿੱਸਾ ਨਹੀਂ ਹੈ।

ਇਨ੍ਹਾਂ ਜ਼ਿਮਨੀ ਚੋਣਾਂ ਵਿੱਚ ਪੱਛਮੀ ਬੰਗਾਲ ਦੀਆਂ ਚਾਰ, ਹਿਮਾਚਲ ਪ੍ਰਦੇਸ਼ ਦੀਆਂ ਤਿੰਨ, ਉੱਤਰਾ ਖੰਡ ਦੀਆਂ ਦੋ ਅਤੇ ਪੰਜਾਬ, ਮੱਧ ਪ੍ਰਦੇਸ, ਬਿਹਾਰ ਤੇ ਤਾਮਿਲਨਾਡੂ ਵਿੱਚ ਇੱਕ-ਇੱਕ ਸੀਟ 'ਤੇ 10 ਜੁਲਾਈ ਨੂੰ ਵੋਟਾਂ ਪਈਆਂ ਸਨ। ਕੁੱਲ 13 ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ 2 ਸੀਟਾਂ ਮਿਲੀਆਂ ਹਨ। ਜਦਕਿ ਕਾਂਗਰਸ ਪਾਰਟੀ ਨੂੰ ਚਾਰ (2 ਹਿਮਾਚਲ ਅਤੇ 2 ਉੱਤਰਾਖੰਡ ਵਿੱਚ) ਸੀਟਾਂ ਪ੍ਰਾਪਤ ਹੋਈਆਂ ਹਨ। ਤ੍ਰਿਣਮੂਲ ਕਾਂਗਰਸ ਪੱਛਮੀ ਬੰਗਾਲ ਦੀਆਂ ਚਾਰੋ ਸੀਟਾਂ ਜਿੱਤ ਗਈ ਹੈ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ, ਡੀ.ਐਮ.ਕੇ., ਜਨਤਾ ਦਲ ਯੂਨਾਈਟਿਡ ਅਤੇ ਬਹੁਜਨ ਸਮਾਜ ਪਾਰਟੀ ਨੂੰ ਇੱਕ-ਇੱਕ ਸੀਟ ਪ੍ਰਾਪਤ ਹੋਈ ਹੈ।

ਪੱਛਮੀ ਬੰਗਾਲ ਦੇ ਹਲਕਾ ਰਾਏਗੰਜ ਵਿੱਚ ਤ੍ਰਿਣਮੂਲ ਕਾਂਗਰਸ ਦੀ ਉਮੀਦਵਾਰ ਕ੍ਰਿਸ਼ਣਾ ਕਲਿਆਣੀ ਨੇ ਭਾਜਪਾ ਦੇ ਮਾਨਸ ਕੁਮਾਰ ਘੋਸ਼ ਨੂੰ 50,077 ਵੋਟਾਂ ਦੇ ਫਰਕ ਨਾਲ ਹਰਾ ਕੇ ਇਹ ਸੀਟ ਜਿੱਤੀ ਹੈ। ਇਸੇ ਤਰ੍ਹਾਂ ਰਾਣਾਘਾਟ ਦੱਖਣ ਵਿੱਚ ਮੁਕੁਤ ਨਾਮ ਦੇ ਇੱਕ ਸਾਬਕਾ ਅਧਿਕਾਰੀ ਨੇ ਭਾਜਪਾ ਦੇ ਮਨੋਜ ਕੁਮਾਰ ਬਿਸਵਾਸ ਨੂੰ 74,485 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ। ਬਗਦਾ ਵਿਧਾਨ ਸਭਾ ਹਲਕੇ ਤੋਂ ਮਧੂਪਰਨਾ ਠਾਕੁਰ ਨੇ ਭਾਜਪਾ ਦੇ ਬਿਨੈ ਕੁਮਾਰ ਬਿਸਵਾਸ ਨੂੰ 74,251 ਅਤੇ ਮਾਣਿਕਤਾਲ ਵਿੱਚ ਤ੍ਰਿਣਮੂਲ ਕਾਂਗਰਸ ਦੇ ਸੁਪਤੀ ਪਾਂਡੇ ਨੇ ਭਾਜਪਾ ਦੇ ਕਲਿਆਣ ਚੌਬੇ ਨੂੰ 62,312 ਵੋਟਾਂ ਦੇ ਫਰਕ ਨਾਲ ਹਰਾਇਆ। ਉੱਤਰਾ ਖੰਡ ਦੀਆਂ ਦੋ ਸੀਟਾਂ- ਬਦਰੀਨਾਥ ਅਤੇ ਮੰਗਲੌਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜੇਤੂ ਰਹੇ ਹਨ। ਇਸ ਤਰ੍ਹਾਂ ਕਾਂਗਰਸ ਨੇ ਆਪਣੀਆਂ ਚਾਰ ਸੀਟਾਂ ਵਿੱਚ ਦੋ ਹਿਮਾਚਲ ਪ੍ਰਦੇਸ਼ ਵਿੱਚ ਅਤੇ 2 ਉਤਰਾਖੰਡ ਵਿੱਚ ਜਿੱਤੀਆਂ ਹਨ। ਭਾਜਪਾ ਨੇ ਆਪਣੀਆਂ ਦੋ ਸੀਟਾਂ ਵਿੱਚੋਂ ਇੱਕ ਮੱਧ ਪ੍ਰਦੇਸ਼ ਵਿੱਚ ਅਤੇ ਦੂਜੀ ਹਿਮਾਚਲ ਪ੍ਰਦੇਸ਼ ਵਿੱਚ ਜਿੱਤੀ ਹੈ।

ਜ਼ਿਮਨੀ ਚੋਣਾਂ ਵਿੱਚ ਆਏ ਨਤੀਜਿਆਂ 'ਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਾਂਗਰਸ ਪਾਰਟੀ ਦੇ ਪ੍ਰਧਾਨ ਸ੍ਰੀ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਇਨ੍ਹਾਂ ਚੋਣ ਨਤੀਜਿਆਂ ਨੇ ਦਰਸਾ ਦਿੱਤਾ ਹੈ ਕਿ ਲੋਕ ਭਾਜਪਾ ਦੀ ਹੈਂਕੜ ਅਤੇ ਦੁਰ-ਪ੍ਰਸ਼ਾਸਨ ਨੂੰ ਪਸੰਦ ਨਹੀਂ ਕਰਦੇ। ਉਹ ਭਾਰਤੀ ਜਨਤਾ ਪਾਰਟੀ ਦੀ ਨਕਾਰਾਤਮਕ ਸਿਆਸਤ ਤੋਂ ਦੁਖੀ ਹਨ। ਰਾਏਬਰੇਲੀ ਤੋਂ ਕਾਂਗਰਸ ਪਾਰਟੀ ਦੇ ਮੈਂਬਰ ਪਾਰਲੀਮੈਂਟ ਅਤੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ 'ਭਾਜਪਾ ਵੱਲੋਂ ਡਰ ਅਤੇ ਭਰਮ ਦਾ ਬੁਣਿਆ ਗਿਆ ਤਾਣਾ-ਬਾਣਾ ਟੁੱਟ ਗਿਆ ਹੈ। ਇਸੇ ਤਰ੍ਹਾਂ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਨੇ ਚੋਣ ਜਿੱਤਣ ਵਾਲੇ ਆਪਣੇ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੂਰੇ ਭਾਰਤ ਵਿੱਚ ਰਾਜਨੀਤਿਕ ਰੁਝਾਨ ਭਾਰਤੀ ਜਨਤਾ ਪਾਰਟੀ ਦੇ ਖਿਲਾਫ ਹੈ। ਦੂਜੇ ਪਾਸੇ ਹਿਮਾਚਲ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਆਗੂ ਸ੍ਰੀ ਜੈ ਰਾਮ ਠਾਕੁਰ ਨੇ ਕਿਹਾ ਕਿ ਪਾਰਟੀ ਲੋਕਾਂ ਵੱਲੋਂ ਦਿੱਤੇ ਗਏ ਫਤਵੇ ਨੂੰ ਪ੍ਰਵਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਭਲੇ ਲਈ ਸਾਡੀ ਲੜਾਈ ਜਾਰੀ ਰਹੇਗੀ।

### 'ਆਪ' ਨੇ ਵੱਡੇ ਫਰਕ ਨਾਲ ਜਿੱਤੀ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ

ਪੰਜਾਬ ਵਿੱਚ ਜਲੰਧਰ ਪੱਛਮੀ ਵਿਧਾਨ ਸਭਾ ਸੀਟ 'ਤੇ ਹੋਈ ਚੋਣ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਭਗਤ ਨੇ ਭਾਜਪਾ ਦੇ ਸ਼ੀਤਲ ਅੰਗੁਰਾਲ ਕੋਲੋਂ 37,325 ਵੋਟਾਂ ਦੇ ਫਰਕ ਨਾਲ ਜਿੱਤ ਲਈ ਹੈ। ਸ਼ੀਤਲ ਅੰਗੁਰਾਲ ਨੂੰ ਕੁੱਲ 17,921 ਵੋਟਾਂ ਹਾਸਲ ਹੋਈਆਂ। ਕਾਂਗਰਸ ਦੀ ਕਰਮਜੀਤ ਕੌਰ ਤੀਜੇ ਨੰਬਰ 'ਤੇ ਰਹੀ। ਯਾਦ ਰਹੇ, ਇਹ ਸੀਟ ਸ਼ੀਤਲ ਅੰਗੁਰਾਲ ਦੇ ਅਸਤੀਫਾ ਦੇਣ 'ਤੇ



ਖਾਲੀ ਹੋਈ ਸੀ। ਕਾਂਗਰਸ ਵੱਲੋਂ ਉਤਾਰੇ ਗਏ ਉਮੀਦਵਾਰ ਬੀਬੀ ਸੁਰਿੰਦਰ ਕੌਰ ਨੂੰ 16,757 ਵੋਟਾਂ ਹਾਸਲ ਹੋਈਆਂ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪਹਿਲਾਂ ਖੜ੍ਹੀ ਕੀਤੀ ਗਈ ਅਤੇ ਬਾਅਦ ਵਿੱਚ ਨਕਾਰੀ ਗਈ ਉਮੀਦਵਾਰ (ਜਿਸ ਨੂੰ ਬਾਅਦ ਵਿੱਚ ਬਾਗੀ ਅਕਾਲੀ ਧੜੇ ਨੇ ਹਮਾਇਤ ਦਿੱਤੀ) ਨੂੰ ਸਿਰਫ 1242 ਵੋਟਾਂ ਪਈਆਂ। ਅਕਾਲੀ ਦਲ (ਬਦਲ) ਦੀ ਹਮਾਇਤ ਪ੍ਰਾਪਤ ਬਸਪਾ ਉਮੀਦਵਾਰ ਬਿੰਦਰ ਕੁਮਾਰ ਲਾਖਾ ਨੂੰ 735 ਅਤੇ ਅਕਾਲੀ ਦਲ (ਅ) ਦੇ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਨੂੰ 662 ਵੋਟਾਂ ਪ੍ਰਾਪਤ ਹੋਈਆਂ, ਜਦਕਿ 687 ਵੋਟਾਂ ਨੋਟਾ ਨੂੰ ਪਈਆਂ ਹਨ।

ਯਾਦ ਰਹੇ, ਜਲੰਧਰ ਵੈਸਟ ਦੀ ਸੀਟ ਸ਼ੀਤਲ ਅੰਗੁਰਾਲ ਵੱਲੋਂ ਅਸਤੀਫਾ ਦੇਣ ਤੋਂ ਬਾਅਦ ਖਾਲੀ ਹੋਈ ਸੀ। ਸ੍ਰੀ ਅੰਗੁਰਾਲ ਨੇ 2022 ਵਿੱਚ ਇਹ ਸੀਟ 'ਆਪ' ਉਮੀਦਵਾਰ ਵਜੋਂ ਜਿੱਤੀ ਸੀ। ਅੰਗੁਰਾਲ ਅਸਤੀਫਾ ਦੇਣ ਤੋਂ ਬਾਅਦ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਿੱਚ ਚਲੇ ਗਏ ਸਨ, ਪਰ ਸੀਟ ਮਿਲਣ ਦੀ ਆਸ ਨੂੰ ਬੂਰ ਨਾ ਪੈਂਦਾ ਵੇਖ ਕੇ ਉਨ੍ਹਾਂ ਅਸਤੀਫਾ ਵਾਪਸ ਲੈਣ ਦਾ ਯਤਨ ਕੀਤਾ, ਪਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਅਸਤੀਫਾ ਪ੍ਰਵਾਨ ਕਰ ਲਏ ਜਾਣ ਤੋਂ ਬਾਅਦ ਉਨ੍ਹਾਂ ਦੀ ਬਰੰਗ ਵਾਪਸੀ ਹੋ ਗਈ। ਇਸ ਪਿੱਛੋਂ ਹੀ ਭਾਜਪਾ ਨੇ ਉਸ ਨੂੰ ਇਸ ਵਿਧਾਨ ਸਭਾ ਸੀਟ ਤੋਂ ਟਿਕਟ ਦਿੱਤੀ ਸੀ।

ਯਾਦ ਰਹੇ, ਇਸ ਸੀਟ ਨੂੰ ਜਿੱਤਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਵਿੱਚ ਹੀ ਡੇਰੇ ਲਾਈ ਰੱਖੇ ਅਤੇ ਚੋਣ ਦੀ ਸਾਰੀ ਕਮਾਨ ਆਪਣੇ ਹੱਥ ਰੱਖੀ। ਸੱਤਾਧਾਰੀ ਧਿਰ ਵੱਲੋਂ ਇਸ ਚੋਣ ਨੂੰ ਜਿੱਤਣ ਲਈ ਆਪਣੇ ਵੱਲੋਂ ਹਰ ਹਥਕੰਡਾ ਵਰਤਿਆ ਗਿਆ। ਇਸ ਹਲਕੇ ਵਿੱਚ ਗਰੀਬ ਅਤੇ ਮੱਧ ਵਰਗੀ ਲੋਕਾਂ ਦੀ ਭਰਮਾਰ ਹੈ। ਆਮ ਆਦਮੀ ਪਾਰਟੀ 'ਤੇ ਇੱਥੇ ਸੂਟ, ਸ਼ਰਾਬ ਅਤੇ ਪੈਸੇ ਆਦਿ ਵੰਡਣ ਦੇ ਦੋਸ਼ ਵੀ ਲੱਗੇ; ਪਰ ਆਮ ਆਦਮੀ ਪਾਰਟੀ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਵਿਰੋਧੀਆਂ ਦੀ ਬੁਖਲਾਹਟ ਕਰਾਰ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇੱਥੋਂ ਤੱਕ ਐਲਾਨ ਕੀਤਾ ਕਿ ਜੇ ਇਸ ਹਲਕੇ ਦੇ ਲੋਕ ਮਹਿੰਦਰ ਭਗਤ ਨੂੰ ਜਿਤਾ ਦੇਣਗੇ ਤਾਂ ਉਹ ਉਨ੍ਹਾਂ ਨੂੰ ਮੰਤਰੀ ਬਣਾ ਦੇਣਗੇ, ਤਾਂ ਕਿ ਜਲੰਧਰ ਪੱਛਮੀ ਹਲਕੇ ਦਾ ਵਿਕਾਸ ਸੰਭਵ ਹੋ ਸਕੇ। ਜਲੰਧਰ ਦਾ ਇਹ ਇਲਾਕਾ ਵਿਕਾਸ ਪੱਖੋਂ ਵੀ ਪਛੜਿਆ ਹੋਇਆ ਹੈ।

# ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਅਕਾਲੀ ਏਕੇ ਲਈ ਯਤਨ?

ਜੇ.ਐਸ. ਮਾਂਗਟ

*ਸੁਖਬੀਰ ਨੂੰ ਵਿਰੋਧੀਆਂ ਦੇ ਦੋਸ਼ਾਂ ਸੰਬੰਧੀ ਸਪਸ਼ਟੀਕਰਨ ਦੇਣ ਦੇ ਆਦੇਸ਼*

ਅਕਾਲੀ ਦਲ ਦੇ ਦੋਵੇਂ ਧੜੇ ਹਾਲ ਦੀ ਘੜੀ ਆਪੋ-ਆਪਣੀ ਦਿਸ਼ਾ ਵੱਲ ਵਧ ਰਹੇ ਵਿਖਾਈ ਦਿੰਦੇ ਹਨ। ਅਕਾਲੀ ਦਲ ਦੇ ਬਾਗੀ ਧੜੇ ਨੇ ਬੀਤੇ ਸੋਮਵਾਰ ਚੰਡੀਗੜ੍ਹ ਵਿੱਚ ਹੋਈ ਇੱਕ ਮੀਟਿੰਗ ਵਿੱਚ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਆਪਣਾ ਕਨਵੀਨਰ ਬਣਾ ਕੇ 'ਅਕਾਲੀ ਦਲ ਬਚਾਓ ਲਹਿਰ' ਚਲਾਉਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਆਗੂਆਂ ਨੇ ਇਹ ਵੀ ਤੈਅ ਕੀਤਾ ਕਿ ਪਾਰਟੀ ਨੂੰ ਸਮੂਹਿਕ ਲੀਡਰਸ਼ਿਪ ਅਧੀਨ ਚਲਾਉਣ ਲਈ ਇੱਕ ਪ੍ਰਜ਼ੀਡੀਅਮ ਵੀ ਸਥਾਪਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪਾਰਟੀ ਦੇ ਰਾਜਨੀਤਿਕ ਕੰਮਕਾਜ ਨੂੰ ਚਲਾਉਣ ਲਈ 11 ਮੈਂਬਰੀ ਹਾਈ ਪਾਵਰ ਕਮੇਟੀ ਬਣਾਈ ਜਾਵੇਗੀ। ਉਂਜ ਇਸ ਦਰਮਿਆਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹ ਸਾਫ ਕਰ ਦਿੱਤਾ ਹੈ ਕਿ ਉਹ ਇੱਕ ਸ਼ਰਧਾਵਾਨ ਤੇ ਨਿਮਾਣੇ ਸਿੱਖ ਵਾਂਗ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਣਗੇ।

ਯਾਦ ਰਹੇ, ਅਕਾਲ ਤਖਤ ਸਾਹਿਬ ਵਿਖੇ, ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਵਿੱਚ ਬੀਤੇ ਸੋਮਵਾਰ ਹੋਈ ਪੰਜ ਸਿੰਘ ਸਹਿਬਾਨ ਦੀ ਇੱਕ ਮੀਟਿੰਗ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 15 ਦਿਨ ਦੇ ਅੰਦਰ-ਅੰਦਰ ਪੇਸ਼ ਹੋ ਕੇ ਬਾਗੀ ਧੜੇ ਵੱਲੋਂ ਲਗਾਏ ਗਏ ਦੋਸ਼ਾਂ ਬਾਰੇ ਸਪਸ਼ਟੀਕਰਨ ਦੇਣ ਲਈ ਆਦੇਸ਼ ਦਿੱਤਾ ਗਿਆ ਹੈ। ਜਥੇਦਾਰ ਸਾਹਿਬ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਸੀਨੀਅਰ ਅਕਾਲੀ ਆਗੂਆਂ ਦਾ ਦੋਸ਼ ਹੈ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਲੀਡਰਸ਼ਿਪ ਨੇ ਪੰਥਕ ਭਾਵਨਾਵਾਂ ਦੀ ਨੁਮਾਇੰਦਗੀ ਨਹੀਂ ਕੀਤੀ। ਇਸ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਬੀਤੇ ਸਮੇਂ ਵਿੱਚ ਅਕਾਲੀ ਲੀਡਰਸ਼ਿੱਪ ਤੋਂ ਹੋਈਆਂ ਗਲਤੀਆਂ ਕਾਰਨ ਸਿੱਖ ਅਵਾਮ ਨੇ ਅਕਾਲੀ ਦਲ ਦਾ ਸਾਥ ਛੱਡ ਦਿੱਤਾ ਹੈ। ਅਕਾਲੀ ਦਲ ਦੇ ਪੈਰਾਂ ਹੇਠੋਂ ਉਸ ਦੀ ਆਪਣੀ ਜ਼ਮੀਨ ਖਿਸਕ ਗਈ ਹੈ। ਇਸ ਖਿਸਕੀ ਸਿਆਸੀ ਜ਼ਮੀਨ ਨੂੰ ਮੁੜ ਹਾਸਲ ਕਰਨਾ ਹੀ ਸਾਡਾ ਪਹਿਲਾ ਨਿਸ਼ਾਨਾ ਹੋਵੇਗਾ।

ਯਾਦ ਰਹੇ, ਕੁਝ ਹਫਤੇ ਪਹਿਲਾਂ ਇਸ (ਬਾਗੀ) ਧੜੇ ਦੇ ਅਕਾਲੀ ਆਗੂ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਏ ਸਨ ਅਤੇ ਉਨ੍ਹਾਂ ਨੇ ਇੱਕ ਲਿਖਤੀ ਦਸਤਾਵੇਜ਼ ਜਥੇਦਾਰ ਸਾਹਿਬ ਨੂੰ ਸੌਂਪਦਿਆਂ ਅਕਾਲੀ ਦਲ ਵੱਲੋਂ ਬੀਤੇ ਸਮੇਂ ਵਿੱਚ ਕੀਤੀਆਂ ਗਈਆਂ ਚਾਰ ਵੱਡੀਆਂ ਗਲਤੀਆਂ ਨੂੰ ਮੁਆਫ ਕਰਨ ਦੀ ਅਪੀਲ ਕੀਤੀ ਸੀ। ਇਨ੍ਹਾਂ ਗਲਤੀਆਂ ਵਿੱਚ ਮੁੱਖ ਤੌਰ 'ਤੇ ਬਰਗਾੜੀ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਨਾ ਦਿਵਾ ਸਕਣਾ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਲਈ ਜ਼ਿੰਮੇਵਾਰ ਅਫਸਰਾਂ ਖਿਲਾਫ ਕਾਰਵਾਈ ਨਾ ਕਰ ਸਕਣਾ, ਵਿਵਾਦਗ੍ਰਸਤ ਆਈ.ਪੀ.ਐਸ. ਅਫਸਰ ਸੁਮੇਧ ਸਿੰਘ ਸੈਣੀ ਨੂੰ ਪੰਜਾਬ ਪੁਲਿਸ ਦਾ ਮੁਖੀ ਬਣਾਉਣਾ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਨੂੰ ਗੁਰੂ ਗੋਬਿੰਦ ਸਿੰਘ ਦੀ ਨਕਲ ਕਰਨ ਦੇ ਮਾਮਲੇ ਵਿੱਚ ਬਰੀ ਕਰਾਉਣਾ ਆਦਿ ਸ਼ਾਮਲ ਹਨ। ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਭੁੱਲ ਬਖਸ਼ਾਉਣ ਦੀ ਅਪੀਲ ਕਰਨ ਵਾਲਿਆਂ ਵਿੱਚ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ,



ਸੁਖਦੇਵ ਸਿੰਘ ਢੀਂਡਸਾ, ਬੀਬੀ ਜਗੀਰ ਕੌਰ, ਗੁਰਪ੍ਰਤਾਪ ਸਿੰਘ ਵਡਾਲਾ ਤੇ ਹੋਰ ਆਗੂ

ਪਰਮਿੰਦਰ ਸਿੰਘ ਢੀਂਡਸਾ ਤੋਂ ਇਲਾਵਾ ਚਰਨਜੀਤ ਸਿੰਘ ਬਰਾੜ, ਸਰਵਣ ਸਿੰਘ ਫਿਲੌਰ, ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਸ਼ਾਮਲ ਸਨ।

ਜਦੋਂਕਿ ਸਿੰਘ ਸਹਿਬਾਨ ਦੀ ਮੀਟਿੰਗ ਵਿੱਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੋਂ ਇਲਾਵਾ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਬਲਜੀਤ ਸਿੰਘ ਅਤੇ ਭਾਈ ਮੰਗਲ ਸਿੰਘ ਸ਼ਾਮਲ ਸਨ। ਇਸ ਮੀਟਿੰਗ ਵਿੱਚ ਪਾਸ ਕੀਤੇ ਗਏ ਮਤੇ ਵਿੱਚ ਕਿਹਾ ਗਿਆ ਹੈ ਕਿ 'ਅਕਾਲ ਤਖਤ ਸਾਹਿਬ ਕੋਲ ਸੀਨੀਅਰ ਅਕਾਲੀ ਆਗੂਆਂ ਵੱਲੋਂ ਦਾਖਲ ਕੀਤੀ ਗਈ ਸ਼ਿਕਾਇਤ ਅਨੁਸਾਰ ਬੀਤੇ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਪ੍ਰਧਾਨ ਪੰਥਕ ਜਜ਼ਬਾਤ ਦੇ ਅਨੁਕੂਲ ਕੰਮ ਨਹੀਂ ਕਰ ਸਕੇ। ਇਸ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਖਤ ਸਾਹਿਬ ਵਿਖੇ 15 ਦਿਨਾਂ ਦੇ ਅੰਦਰ-ਅੰਦਰ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਜਾਂਦਾ ਹੈ।'

ਇਸ ਤੋਂ ਇਲਾਵਾ ਸਿੰਘ ਸਹਿਬਾਨ ਵੱਲੋਂ ਪਾਸ ਕੀਤੇ ਗਏ ਮਤੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਕੋਲੋਂ ਵੀ ਡੇਰਾ ਮੁਖੀ ਨੂੰ ਦੋਸ਼ ਮੁਕਤ ਕਰਾਰ ਦੇਣ ਤੋਂ ਬਾਅਦ 2015 ਵਿੱਚ ਦਿੱਤੇ ਗਏ 90 ਲੱਖ ਦੇ ਇਸ਼ਤਿਹਾਰਾਂ ਸੰਬੰਧੀ ਸਪਸ਼ਟੀਕਰਨ ਮੰਗਿਆ ਗਿਆ ਹੈ।

ਸਿੰਘ ਸਾਹਿਬਾਨ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਸਪਸ਼ਟੀਕਰਨ ਦੇਣ ਲਈ ਦਿੱਤੇ ਗਏ ਇਸ ਆਦੇਸ਼ ਨੂੰ ਜਿੱਥੇ ਬਾਗੀ ਧੜੇ ਦੇ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਵੱਲੋਂ ਇੱਕ ਸਹੀ ਕਦਮ ਕਰਾਰ ਦਿੱਤਾ ਗਿਆ ਹੈ, ਉਥੇ ਅਕਾਲੀ ਦਲ (ਬਾਦਲ) ਗੁੱਟ ਵੱਲੋਂ ਵੀ ਕਿਹਾ ਜਾ ਰਿਹਾ ਹੈ ਕਿ ਜਥੇਦਾਰ ਸਾਹਿਬ ਦਾ ਆਦੇਸ਼ ਉਹ ਪੂਰੇ ਅਦਬ ਨਾਲ ਸਵੀਕਾਰ ਕਰਨਗੇ। ਇਹ ਆਗੂ ਮੋੜਵੇਂ ਸੁਆਲ ਵੀ ਕਰ ਰਹੇ ਹਨ ਕਿ ਕੀ ਬਾਗੀ ਧੜੇ ਵਿੱਚ ਸ਼ਾਮਲ ਆਗੂ ਜਥੇਦਾਰ ਅਕਾਲ ਤਖਤ ਸਾਹਿਬ ਵੱਲੋਂ ਦਿੱਤੇ ਜਾਣ ਵਾਲੇ ਫੈਸਲੇ ਨੂੰ ਸਵੀਕਾਰ ਕਰਨਗੇ? ਯਾਦ ਰਹੇ, ਪਿਛਲੇ ਕਾਫੀ ਲੰਮੇ ਸਮੇਂ ਤੋਂ ਇਹ ਪ੍ਰਭਾਵ ਬਣ ਗਿਆ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਤ ਲੀਡਰਸ਼ਿਪ ਬਾਦਲ ਪਰਿਵਾਰ ਦੇ ਅਧੀਨ ਕੰਮ ਕਰ ਰਹੀ ਹੈ। ਸਿੱਖ ਸਿਧਾਂਤ ਅਨੁਸਾਰ ਸਿਆਸਤ ਧਰਮ ਦੇ ਅਧੀਨ ਮੰਨੀ ਜਾਂਦੀ ਹੈ, ਜਦੋਂ ਕਿ ਪਿਛਲੇ ਸਮੇਂ ਵਿੱਚ ਸਿਆਸੀ ਸੰਸਥਾ ਆਗੂ ਧਾਰਮਿਕ ਸੰਸਥਾਵਾਂ ਨੂੰ ਡਿਕਟੇਟ ਕਰਦੇ ਵਿਖਾਈ ਦਿੱਤੇ। ਪਿਛਲੇ ਕਈ ਦਹਾਕਿਆਂ ਦੇ ਸਮੇਂ ਵਿੱਚ ਇਹ ਸ਼ਾਇਦ ਪਹਿਲਾ ਮੌਕਾ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਕਿਸੇ ਮਸਲੇ 'ਤੇ ਸਪਸ਼ਟੀਕਰਨ ਦੇਣ ਲਈ ਤਲਬ ਕੀਤਾ ਗਿਆ ਹੈ। ਅਕਾਲੀ ਦਲ ਦੇ ਦੋ ਧੜਿਆਂ ਵਿਚਕਾਰ ਚੱਲ ਰਹੀ ਕਸ਼ਮਕਸ਼ ਕਰਕੇ ਹੀ ਅਜਿਹਾ ਸੰਭਵ ਹੋ ਸਕਿਆ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਹਾਲ ਹੀ ਵਿੱਚ ਹੋਈ ਜਲੰਧਰ ਜ਼ਿਮਨੀ ਚੋਣ ਵਿੱਚ ਅਕਾਲੀ ਦਲ (ਬਾਗੀ ਧੜੇ) ਅਤੇ ਅਕਾਲੀ ਦਲ ਦੀ ਹਮਾਇਤ ਪ੍ਰਾਪਤ ਬਸਪਾ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਇਸ ਪਤਲੀ ਹਾਲਤ ਦੇ ਦਰਮਿਆਨ ਅਕਾਲੀ ਸਫਾਂ ਵਿੱਚ ਫੁੱਟ ਵਿਖਾਈ ਦੇ ਰਹੀ ਹੈ। ਇਸੇ ਕਾਰਨ ਅਕਾਲੀ ਦਲ ਦਾ ਬਾਗੀ ਧੜਾ ਹੋਈਆਂ ਭੁੱਲਾਂ ਬਖਸ਼ਾਉਣ ਲਈ ਅਕਾਲ ਤਖਤ ਸਾਹਿਬ ਕੋਲ ਗਿਆ ਅਤੇ ਦੂਜੇ ਧੜੇ ਨੂੰ ਜਥੇਦਾਰ ਸਾਹਿਬ ਨੇ ਤਲਬ ਕਰ ਲਿਆ ਹੈ। ਸਿੱਖ ਸਿਆਸਤ 'ਤੇ ਨਜ਼ਦੀਕ ਤੋਂ ਨਜ਼ਰ ਰੱਖਣ ਵਾਲੇ ਕੁਝ ਟਿੱਪਣੀਕਾਰਾਂ ਦਾ ਆਖਣਾ ਹੈ ਕਿ ਹੋਈਆਂ ਗਲਤੀਆਂ ਲਈ ਸੇਵਾ ਲਾਉਣ ਤੋਂ ਬਾਅਦ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਦੋਹਾਂ ਧੜਿਆਂ ਵਿਚਕਾਰ ਏਕਤਾ ਕਰਵਾਉਣ ਦਾ ਯਤਨ ਕਰ ਸਕਦੇ ਹਨ। ਇਹ ਸੰਭਵ ਹੋ ਪਾਉਂਦਾ ਹੈ ਜਾਂ ਨਹੀਂ, ਆਉਣ ਵਾਲੇ ਸਮੇਂ ਵਿੱਚ ਹੀ ਪਤਾ ਲਗੇਗਾ।

ਉਂਝ ਬਾਗੀ ਧੜੇ ਦਾ ਮੰਨਣਾ ਹੈ ਕਿ ਸੁਖਬੀਰ ਸਿੰਘ ਬਦਲ ਦੀ ਅਗਵਾਈ ਵਿੱਚ ਅਕਾਲੀ ਦਲ ਦਾ ਪੁਨਰ-ਉਥਾਨ ਸੰਭਵ ਨਹੀਂ ਹੈ। ਉਹ ਅਕਾਲੀ ਦਲ ਨੂੰ ਇੱਕ ਕੰਪਨੀ ਵਾਂਗ ਚਲਾਉਣ ਦਾ ਯਤਨ ਕਰ ਰਹੇ ਹਨ; ਜਦੋਂ ਕਿ ਇੱਕ ਸਿਆਸੀ ਸੰਸਥਾ ਦਾ ਕਾਰਜਭਾਰ ਚਲਾਉਣ ਲਈ ਪਾਰਟੀ ਦੇ ਆਖਰੀ ਕਾਰਕੁੰਨ ਤੱਕ ਆਮ ਰਾਏ ਬਣਾਉਣਾ ਜ਼ਰੂਰੀ ਹੁੰਦਾ ਹੈ। ਅਕਾਲੀ ਦਲ ਦੇ ਬਾਗੀ ਧੜੇ ਦਾ ਆਖਣਾ ਹੈ ਕਿ ਪਾਰਟੀ ਅੰਦਰ ਜਮਹੂਰੀ ਅਮਲ ਸਥਾਪਤ ਕਰਨ ਲਈ ਹੀ 'ਅਕਾਲੀ ਦਲ ਬਚਾਓ ਲਹਿਰ' ਸ਼ੁਰੂ ਕੀਤੀ ਜਾ ਰਹੀ ਹੈ। ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਵਾਲੇ ਇਸ ਗਰੁੱਪ ਵੱਲੋਂ 24 ਸਤੰਬਰ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸੌਵੀਂ ਜਨਮ ਸ਼ਤਾਬਦੀ ਮਨਾਈ ਜਾਵੇਗੀ। ਇਸ ਤੋਂ ਇਲਾਵਾ 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਜਨਮ ਦਿਵਸ ਵੀ ਮਨਾਇਆ ਜਾਣਾ ਹੈ। ਇਸੇ ਤਰ੍ਹਾਂ ਜਥੇਦਾਰ ਮੋਹਨ ਸਿੰਘ ਤੁੜ ਦੀ ਬਰਸੀ 30 ਜੁਲਾਈ ਨੂੰ ਮਨਾਈ ਜਾਣੀ ਹੈ।

**ਅਕਾਲ ਤਖਤ 'ਤੇ ਪੇਸ਼ ਹੋਣਗੇ ਸੁਖਬੀਰ ਬਾਦਲ**

ਇਸ ਦਰਮਿਆਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹ ਸਾਫ ਕਰ ਦਿੱਤਾ ਹੈ ਕਿ ਉਹ ਇੱਕ ਸ਼ਰਧਾਵਾਨ ਤੇ ਨਿਮਾਣੇ ਸਿੱਖ ਵਾਂਗ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਣਗੇ। ਇਸ ਬਿਆਨ ਨੂੰ ਅੱਗੇ ਤਫਸੀਲ ਦਿੰਦਿਆਂ ਪਾਰਟੀ ਦੇ ਇੱਕ ਹੋਰ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਨੇ ਕਿਹਾ ਹੈ ਕਿ ਅਕਾਲੀ ਦਲ ਪੂਰੀ ਤਰ੍ਹਾਂ ਅਕਾਲ ਤਖਤ ਸਾਹਿਬ ਅਤੇ ਇਸ ਦੇ ਮੀਰੀ-ਪੀਰੀ ਦੇ ਸਿਧਾਂਤ ਨੂੰ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਜਥੇਦਾਰ ਸਾਹਿਬਾਨ ਦੇ ਫੈਸਲੇ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਕਰਨਾ ਚਾਹੁੰਦਾ। ਇਸ ਤੋਂ ਜਾਪਦਾ ਹੈ ਕਿ ਅਕਾਲੀ ਦਲ ਆਪਣੇ ਰਾਜਕਾਲ ਵਿੱਚ ਹੋਈਆਂ ਗਲਤੀਆਂ ਨੂੰ ਸਵੀਕਾਰਨ ਲਈ ਤਿਆਰ ਹੈ; ਪਰ ਜਥੇਦਾਰ ਸਾਹਿਬ ਵੱਲੋਂ ਸੁਖਬੀਰ ਨੂੰ ਲਿਖਤੀ ਜਵਾਬ ਦੇਣ ਦਾ ਅਦੇਸ਼ ਕੀਤਾ ਗਿਆ ਹੈ। ਅਕਾਲੀ ਦਲ ਦੇ ਵਿਰੋਧੀ ਧੜੇ ਵੱਲੋਂ ਜਥੇਦਾਰ ਸਾਹਿਬ ਨੂੰ ਦਿੱਤੇ ਗਏ ਲਿਖਤੀ ਕਬੂਲਨਾਮੇ ਵਿੱਚ ਲਾਏ ਗਏ ਚਾਰ ਦੋਸ਼ਾਂ ਦਾ ਸੁਖਬੀਰ ਸਿੰਘ ਬਾਦਲ ਕੀ ਜਵਾਬ ਦੇਣਗੇ, ਇਹ ਵੇਖਣਾ ਬੜਾ ਦਿਲਚਸਪ ਹੋਵੇਗਾ। ਨਾਲ ਹੀ ਸੌਦਾ ਸਾਧ ਦੀ ਦੋਸ਼ ਮੁਕਤੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਗਏ ਲੱਖਾਂ ਦੇ ਇਸ਼ਤਿਹਾਰਾਂ ਦੀ ਰਕਮ ਵਾਲੀ ਭਰਪਾਈ ਕਿੱਥੋਂ ਕੀਤੀ ਜਾਂਦੀ ਹੈ, ਇਸ ਘੁੰਡੀ ਦੀ ਟੇਢ ਵੀ ਬਣੀ ਰਹੇਗੀ ਹੈ। ਵਿਰੋਧੀ ਧੜੇ ਨਾਲ ਖਲੋਤੀ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਇਸ ਪੈਸੇ ਦੀ ਵਸੂਲੀ ਉਸ ਸਮੇਂ ਦੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਤੋਂ ਕੀਤੇ ਜਾਣ ਦੀ ਮੰਗ ਕੀਤੀ ਹੈ।

# ਗੁਰਦੁਆਰਾ ਪੈਲਾਟਾਈਨ ਵਿਖੇ ਨਿਸ਼ਕਾਮ ਕਾਰਸੇਵਾ ਦਾ ਅਮਲ ਜਾਰੀ



**ਸ਼ਿਕਾਗੋ (ਬਿਊਰੋ):** ਗੁਰਦੁਆਰਾ ਪੈਲਾਟਾਈਨ ਵਿਖੇ ਨਿਸ਼ਕਾਮ ਕਾਰਸੇਵਾ ਦਾ ਅਮਲ ਜਾਰੀ ਹੈ। ਦਿਨੋ-ਦਿਨ ਵੱਧ ਰਹੀ ਸੰਗਤ ਦੇ ਮੱਦੇਨਜ਼ਰ ਹਰ ਤਰ੍ਹਾਂ ਦੀ ਸੇਵਾ ਦੀ ਲੋੜ ਵਧ ਰਹੀ ਹੈ, ਜਿਸ ਲਈ ਨਿਸ਼ਕਾਮ ਸੇਵਕ ਰੋਜ਼ਮੱਰ੍ਹਾ ਜੁਟੇ ਰਹਿੰਦੇ ਹਨ। ਇਸ ਤਹਿਤ ਲੰਘੀ 13 ਜੁਲਾਈ ਨੂੰ ਗਰਮੀਆਂ ਦੀ ਕਾਰਸੇਵਾ ਕੀਤੀ ਗਈ। ਮੌਸਮ ਬਾਰੇ ਸੇਵਕਾਂ ਨੂੰ ਪਹਿਲਾਂ ਹੀ ਜਾਣਕਾਰੀ ਸੀ ਕਿ ਬਾਅਦ ਦੁਪਹਿਰ





ਗਰਮੀ ਵਿਚ ਸੀਨੀਅਰਾਂ ਵਾਸਤੇ ਸੇਵਾ ਕਰਨੀ ਔਖੀ ਹੈ, ਪਰ ਨਿਸ਼ਕਾਮ ਕਾਰਸੇਵਾ ਦੇ ਜਥੇਦਾਰਾਂ, ਕੋਆਰਡੀਨੇਟਰਾਂ ਅਤੇ ਪ੍ਰੀਤਵਾਨ ਸੇਵਕਾਂ ਨੇ ਬਹੁਤ ਜੋਸ਼ ਤੇ ਦਿਲਚਸਪੀ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਕਾਰਸੇਵਾ ਸਵੇਰੇ ਸੰਗਤੀ ਅਰਦਾਸ ਨਾਲ ਸ਼ੁਰੂ ਹੋ ਗਈ ਸੀ ਅਤੇ ਸ਼ਾਮ ਤੱਕ ਚੱਲਦੀ ਰਹੀ।

ਗੁਰੂ ਘਰ ਦੇ ਅੰਦਰ ਦੀ ਸੇਵਾ ਦੌਰਾਨ ਧਾਰਮਿਕ ਸਕੱਤਰ ਤਰਲੋਚਨ ਸਿੰਘ ਮੁਲਤਾਨੀ ਤੇ ਹੋਰ ਸੇਵਕਾਂ ਨੇ ਰਲ ਕੇ ਸੁਖਆਸਣ, ਅਖੰਡਪਾਠ ਵਾਲੇ ਪਹਿਲੇ ਤੇ ਨਵੇਂ ਗੋਲ ਕਮਰੇ ਦੀ ਦੇਖ-ਭਾਲ ਕਰਦਿਆਂ ਉਥੋਂ ਨਾ-ਵਰਤੋਂ ਵਾਲਾ ਸਮਾਨ ਭਜਨ ਸਿੰਘ ਮਾਂਗਟ ਹੋਰਾਂ ਆਪਣੇ ਟਰੱਕ ਰਾਹੀਂ ਦੂਜੀ ਇਮਾਰਤ ਵਿੱਚ ਸੰਭਾਲ ਕੇ ਰੱਖਿਆ। ਦੂਸਰੀ ਮਜ਼ਿੰਲ 'ਤੇ ਦੀਵਾਰਾਂ, ਸ਼ੀਸ਼ਿਆਂ ਆਦਿ ਦੀ ਸਾਫ-ਸਫ਼ਾਈ ਕੀਤੀ ਗਈ।

ਆਰ.ਕੇ. ਕਾਰਪੈਟ ਵਾਲੇ ਰਵਿੰਦਰ ਸਿੰਘ ਰਵੀ ਨੇ ਲੰਗਰ ਹਾਲ ਦੇ ਮੈਟ, ਰਨਰ, ਰਗ, ਗਲੀਚੇ ਇਕੱਠੇ ਕਰ ਕੇ ਵੈਕਿਯੁਮ ਕਰਨ ਉਪਰੰਤ ਸ਼ੈਂਪੂ ਕਰ ਕੇ ਚੰਗੀ ਤਰ੍ਹਾਂ ਸਾਫ ਕੀਤੇ ਅਤੇ ਸੁਕਾਏ। ਇਸ ਸੇਵਾ ਵਿੱਚ ਲੰਗਰ ਟਰੱਸਟੀ ਹਰਜੀਤ ਸਿੰਘ ਗਿੱਲ, ਓਂਕਾਰ ਸਿੰਘ ਲਾਲ, ਭਜਨ ਸਿੰਘ ਮਾਂਗਟ ਅਤੇ ਸ. ਸੇਖੋਂ ਤੇ ਬੱਚਿਆਂ ਨੇ ਸੇਵਾ ਨਿਭਾਈ।

ਕੇਹਰ ਸਿੰਘ ਅਤੇ ਉਨ੍ਹਾਂ ਦੀ ਕੰਪਨੀ ਨੇ ਗਾਰਬੇਜ ਕਨਟੇਨਰਾਂ ਦੀ ਪੂਰੀ ਤਰ੍ਹਾਂ ਸਾਫ-ਸਫਾਈ ਕੀਤੀ। ਇਸ ਤੋਂ ਇਲਾਵਾ ਕਈ ਸਾਲਾਂ ਤੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਉੱਤਰ ਵਾਲੇ ਪਾਸੇ ਦੀਵਾਰਾਂ ਉਤੇ ਹਰੇ ਤੇ ਕਾਲੇ ਦਾਗਾਂ ਨੂੰ ਪਾਵਰ ਵਾਸ਼ ਰਾਹੀਂ ਸਾਫ ਕੀਤਾ ਗਿਆ। ਸੇਵਾ ਉਪਰੰਤ ਨਿੱਖਰੀਆਂ ਦੀਵਾਰਾਂ ਦੇਖ ਕੇ ਸਭ ਪ੍ਰਸ਼ੰਸਾ ਕਰ ਰਹੇ ਸਨ।

ਬੀਬੀਆਂ-ਭੈਣਾਂ ਗੁਰੂ ਦੀ ਰਸੋਈ, ਸਰਵਿੰਗ ਜਗ੍ਹਾ ਅਤੇ ਲੰਗਰ ਹਾਲ ਦੀ ਸਫਾਈ ਕਰਨ ਵਿੱਚ ਜੁਟੀਆਂ ਹੋਈਆਂ ਸਨ। ਨਵਜੋਧ ਸਿੰਘ ਬਾਜਵਾ ਅਤੇ ਹੋਰ ਸੇਵਕਾਂ ਨੇ ਦਾਲਾਂ, ਚੌਲਾਂ ਦੇ ਥੈਲਿਆਂ ਦੀ ਸਫਾਈ ਕੀਤੀ। ਜ਼ਿਕਰਯੋਗ ਹੈ ਕਿ ਗੁਰੂਘਰ ਦੀ ਰਸੋਈ ਵਿੱਚ ਹਰ ਹਫਤੇ ਤਿੰਨ ਹਜ਼ਾਰ ਤੋਂ ਵੀ ਵੱਧ ਸੰਗਤਾਂ ਲਈ ਲੰਗਰ ਤਿਆਰ ਹੁੰਦਾ, ਪੱਕਦਾ ਤੇ ਵਰਤਦਾ ਹੈ। ਇਸੇ ਦੌਰਾਨ ਕਾਰਸੇਵਾ ਦੇ ਮੋਢੀ ਮੈਂਬਰ ਸਤਨਾਮ ਸਿੰਘ ਔਲਖ ਨੇ ਪ੍ਰਬੰਧਕ ਕਮੇਟੀ ਨੂੰ ਖਾਸ ਤਵੱਜੋ ਦੇਣ ਦੀ ਬੇਨਤੀ ਕੀਤੀ ਹੈ ਅਤੇ ਰਸੋਈ ਦੀਆਂ ਅੰਦਰਲੀਆਂ ਦੀਵਾਰਾਂ ਦੇ ਚੁਫੇਰੇ ਪਿਛਲੇ ਸਾਲ ਜੋ ਸਟੇਨਲੈਸ ਸਟੀਲ ਦੀ ਚਾਦਰ ਲਾਉਣ ਦਾ ਜੈਕਾਰਾ ਲਾਇਆ ਸੀ, ਉਸ ਨੂੰ ਪੂਰਾ ਕਰਨ ਦੀ ਬੇਨਤੀ ਕੀਤੀ ਹੈ।


ਗੁਰਦੀਪ ਸਿੰਘ ਵਿਰਕ ਅਤੇ ਉਨ੍ਹਾਂ ਦੇ ਪਰਿਵਾਰ ਨੇ ਦੋਵੇਂ ਜੋੜਾ ਘਰ, ਮਿੰਨੀ ਅਜੈਬ ਘਰ ਵਿੱਚ ਝਾੜ-ਪੂੰਝ ਕਰ ਕਰਦਿਆਂ ਫਰਸ਼ ਦੇ ਦਾਗ ਉਤਾਰ ਮਾਪ ਮਾਰ ਕੇ ਚਮਕਾਇਆ। ਇਸ ਦੀ ਪ੍ਰਸ਼ੰਸਾ ਕਲੀਨਿੰਗ ਕੰਪਨੀ ਦੇ ਇੱਕ ਨੁਮਾਇੰਦੇ ਐਲਵਸ ਨੇ ਵੀ ਕੀਤੀ। ਲਾਇਬ੍ਰੇਰੀ, ਆਈ.ਟੀ., ਰੁਮਾਲਾ ਰੂਮ ਆਦਿ ਦੀ ਸਾਂਭ-ਸੰਭਾਲ ਦੀ ਸੇਵਾ ਜਨਰਲ ਸਕੱਤਰ ਅੱਛਰ ਸਿੰਘ, ਲਾਇਬ੍ਰੇਰੀ ਇੰਚਾਰਜ ਅਤੇ ਹੋਰ ਸੇਵਕਾਂ ਨੇ ਪੂਰੀ ਤਰ੍ਹਾਂ ਨਿਭਾਈ। ਗੁਰਮਤਿ ਸਕੂਲ ਵਿੱਚ ਦੇਰ ਨਾਲ ਘੱਟ ਹਾਜ਼ਰੀ ਹੋਣ ਦੇ ਬਾਵਜੂਦ ਸਾਫ-ਸਫਾਈ ਹੋਈ।

ਇਸ ਤੋਂ ਇਲਾਵਾ ਗੁਰੂਘਰ ਦੇ ਬਾਹਰਲੇ ਅਹਾਤੇ ਦੀ ਨਿਸ਼ਕਾਮ ਸੇਵਾ ਵਿੱਚ ਸੰਗਤ ਜੁਟੀ ਹੋਈ ਸੀ। ਉਤਰ ਵਾਲੇ ਪਾਸੇ ਕਾਰ ਸੇਵਕ ਓਂਕਾਰ ਸਿੰਘ ਢਿੱਲੋਂ ਅਤੇ ਪ੍ਰੀਤਵਾਨ ਸੇਵਕ ਕੁਲਜੀਤ ਸਿੰਘ ਭੰਗੂ, ਸਤਨਾਮ ਸਿੰਘ ਗਿੱਲ, ਪਰਮਿੰਦਰ ਸਿੰਘ ਮਾਂਗਟ, ਹੈਪੀ, ਸੁੱਖੀ, ਸਿਦਕ ਅਤੇ ਹੋਰ ਸੇਵਕਾਂ ਨੇ ਫਲਦਾਰ ਤੇ ਫੁਲਦਾਰ ਰੁੱਖਾਂ ਦੀ ਸਾਂਭ-ਸੰਭਾਲ ਕਰਦਿਆਂ ਸਮੂਹ ਏਰੀਏ ਨੂੰ ਸਾਫ ਸੁਥਰਾ ਬਣਾਇਆ। ਗਰਮੀ ਦੀ ਪ੍ਰਵਾਹ ਨਾ ਕਰਦਿਆਂ ਕਾਰਸੇਵਕਾਂ ਨੇ ਮਿੱਥੇ ਹੋਏ ਕੰਮਾਂ ਤੋਂ ਵੀ ਵਧ ਕੇ ਕੰਮ ਕੀਤਾ।

ਨਿਸ਼ਾਨ ਸਾਹਿਬ ਦੇ ਦੁਆਲੇ ਰੁੱਖਾਂ ਦੀ ਕਟਾਈ ਅਤੇ ਘਾਹ ਫੂਸ ਕੱਢਣ ਵਿੱਚ ਕਰਮਬੀਰ ਸਿੰਘ ਢਿੱਲੋਂ, ਭਰਪੂਰ ਸਿੰਘ ਸਮੇਤ ਹੋਰ ਸੇਵਕ ਸ਼ਾਮਲ ਸਨ। ਪਾਰਕਿੰਗ ਲਾਟ ਦੇ ਆਲੇ-ਦੁਆਲੇ ਪੌਦਿਆਂ ਦੀ ਕਟਾਈ ਤੋਂ ਇਲਾਵਾ ਪ੍ਰੀਤਵਾਨ ਸੇਵਕਾਂ- ਨਿਰਭੈਅ ਸਿੰਘ ਧਨੋਆ, ਕੁਲਵਿੰਦਰ ਸਿੰਘ ਚਾਹਲ, ਰਜਿੰਦਰ ਸਿੰਘ ਬਾਸੀ, ਹਰਜਿੰਦਰ ਸਿੰਘ ਧਾਲੀਵਾਲ, ਅਮਰਜੀਤ ਸਿੰਘ ਅਟਵਾਲ ਅਤੇ ਗਤਕੇ ਵਾਲੇ ਨੌਜਵਾਨ ਸੇਵਕਾਂ ਨੇ ਜਥੇਦਾਰ ਓਂਕਾਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਮੇਨ ਦਰਵਾਜੇ ਲਾਗਿਓਂ ਬਹੁਤ ਪੁਰਾਣਾ ਮੁੱਢ ਪੁਟਿਆ। ਇਸ ਸੇਵਾ ਵਿਚ ਨੌਜਵਾਨ ਪੀੜ੍ਹੀ ਦਾ ਜੋਸ਼ ਪ੍ਰਸ਼ੰਸਾਯੋਗ ਸੀ।

ਵਨੇਟਕਾ ਸਟਰੀਟ, ਡੀਅਰ ਐਵੇਨਿਊ ਅਤੇ ਨਾਲ ਲੱਗਦੀਆਂ ਸੜਕਾਂ ਦੀ ਸਾਫ-ਸਫ਼ਾਈ ਵੀ ਨਿਸ਼ਕਾਮ ਸੇਵਕਾਂ ਨੇ ਕੀਤੀ। ਕਾਰਸੇਵਾ ਦੇ ਜਥੇਦਾਰਾਂ ਅਨੁਸਾਰ ਇਸ ਨਾਲ ਗਵਾਂਢੀਆਂ 'ਤੇ ਬਹੁਤ ਚੰਗਾ ਪ੍ਰਭਾਵ ਪੈਂਦਾ ਹੈ ਅਤੇ ਆਪਸੀ ਭਾਈਚਾਰਕ ਸਾਂਝ ਵਧਦੀ ਹੈ। ਇਸੇ ਦੌਰਾਨ ਸਤਨਾਮ ਸਿੰਘ ਔਲਖ ਨੇ ਦੱਸਿਆ ਕਿ ਅਗਲੀ ਨਿਸ਼ਕਾਮ ਕਾਰਸੇਵਾ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਤੋਂ ਪਹਿਲਾਂ 12 ਅਕਤੂਬਰ 2024, ਸਨਿਚਰਵਾਰ ਨੂੰ ਹੋਵੇਗੀ। ਉਨ੍ਹਾਂ ਨੇ ਸਮੂਹ ਗੁਰਦੁਆਰਾ ਕਮੇਟੀਆਂ, ਸ਼ਿਕਾਗੋਲੈਂਡ ਦੀਆਂ ਧਾਰਮਿਕ, ਸੱਭਿਆਚਾਰਕ ਤੇ ਖੇਡ ਸੰਸਥਾਵਾਂ ਅਤੇ 'ਸਵੇਰਾ' ਸੰਸਥਾ ਦੇ ਨੁਮਾਇੰਦਿਆਂ ਨੂੰ ਵੀ ਇਸ ਕਾਰ ਸੇਵਾ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਗੁਰੂਘਰ ਵਿੱਚ ਨਿਸ਼ਕਾਮ ਕਾਰਸੇਵਾ ਸਾਲ 2008 ਤੋਂ ਚੱਲ ਰਹੀ ਹੈ, ਜਿਸ ਨਾਲ ਗੁਰੂਘਰ ਦੇ ਕਈ ਕਾਰਜ ਸੰਵਾਰੇ ਗਏ ਹਨ ਅਤੇ ਇੰਜ ਵੱਡੀ ਰਕਮ ਦੀ ਬੱਚਤ ਕੀਤੀ ਗਈ ਹੈ।


DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

DIABETIC LIMB SALVAGE AND MAJOR AMPUTATION PREVENTION
Dr. Singh is the Only Foot and Ankle Surgeon in Illinois with the following training:

Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.
He has over 30 years of surgical experience
HINDI, PUNJABI, ENGLISH AND SPANISH
Bunions, sports medicine, Pediatric foot deformity, ingrown toenails, warts and Diabetic Limb Salvage
UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle
847-310-1600
St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169

ਫੁੱਟਬਾਲ ਦੇ ਜਾਦੂਗਰ

# ਡੀ. ਮਾਰੀਆ ਨੇ ਕੌਮਾਂਤਰੀ ਫੁੱਟਬਾਲ ਤੋਂ ਸਨਿਆਸ ਲਿਆ

ਜਸਵੀਰ ਸਿੰਘ ਸ਼ੀਰੀ

ਅਮਰੀਕਾ ਦੇ ਸ਼ਹਿਰ ਮਿਆਮੀ (ਗਾਰਡਨਸ) ਵਿੱਚ ਹਾਲ ਹੀ ਵਿੱਚ ਹੋਏ 'ਕੋਪਾ ਅਮੈਰਿਕਾ' ਟੂਰਨਾਮੈਂਟ ਜਿੱਤਣ ਤੋਂ ਬਾਅਦ ਅਰਜਨਟੀਨਾ ਦੇ 36 ਸਾਲਾ ਪਤਲੇ, ਛੀਂਟਕੇ ਖਿਡਾਰੀ ਡੀ. ਮਾਰੀਆ ਨੇ ਅੰਤਰਰਾਸ਼ਟਰੀ ਫੁੱਟਬਾਲ ਤੋਂ ਰਿਟਾਇਰਮੈਂਟ ਲੈ ਲਈ ਹੈ। ਐਤਵਾਰ ਨੂੰ ਕੋਲੰਬੀਆ ਦੀ ਟੀਮ ਖਿਲਾਫ ਹੋਏ ਜ਼ਬਰਦਸਤ ਫਾਈਨਲ ਮੁਕਾਬਲੇ ਵਿੱਚ ਅਰਜਨਟੀਨਾ ਦੇ ਮਾਰਟਿਨੇਜ ਵੱਲੋਂ ਵਾਧੂ ਸਮੇਂ ਵਿੱਚ ਕੀਤੇ ਗਏ ਗੋਲ ਨਾਲ ਮੈਸੀ ਦੀ ਕਪਤਾਨੀ ਵਾਲੀ ਇਸ ਟੀਮ ਨੇ ਚੈਂਪੀਅਨਸ਼ਿੱਪ ਜਿੱਤ ਲਈ।

ਆਮ ਤੌਰ 'ਤੇ ਪਿਛਲੇ 10-15 ਸਾਲਾਂ ਵਿੱਚ ਅਰਜਨਟੀਨਾ ਦੀ ਟੀਮ ਨੂੰ ਮੈਸੀ ਅਤੇ ਮੈਸੀ ਦੀ ਮਹਾਨਤਾ ਨੂੰ ਅਰਜਨਟੀਨੀਅਨ ਫੁੱਟਬਾਲ ਨਾਲ ਤਸ਼ਬੀਹ ਦਿੱਤੀ ਜਾਂਦੀ ਹੈ, ਪਰ ਮੈਂ ਜਦੋਂ ਵੀ ਇਸ ਟੀਮ ਨੂੰ ਖੇਡਦੇ ਵੇਖਿਆ ਹੈ, ਮੈਸੀ ਨਾਲੋਂ ਵੀ ਵੱਧ ਡੀ. ਮਾਰੀਆ ਮੇਰਾ ਧਿਆਨ ਖਿੱਚਦਾ ਰਿਹਾ ਹੈ। ਬਰੀਕ ਚਮੜੀ ਅਤੇ ਪਤਲੀ ਹੱਡੀ ਦਾ ਇਹ ਖਿਡਾਰੀ ਸਰੀਰਕ ਦਿੱਖ ਤੋਂ ਕੋਈ ਆਰਟਿਸਟ, ਪੇਂਟਰ, ਕਵੀ ਜਾਂ ਕੀਨੀਆ, ਸੋਮਾਲੀਆ ਵਰਗੇ ਦੇਸ਼ਾਂ ਦਾ ਮੈਰਾਥਨ ਦੌੜਾਕ ਲਗਦਾ ਹੈ। ਆਧੁਨਿਕ ਫੁੱਟਬਾਲ ਵਿੱਚ ਜਿਸ ਭੇੜੂ ਕਿਸਮ ਦੇ ਕਾਠੇ ਜਿਸਮ ਦੀ ਲੋੜ ਪੈਂਦੀ ਹੈ, ਉਹ ਉਸ ਕੋਲ ਨਹੀਂ ਹੈ। ਇਸ ਦੇ ਬਾਵਜੂਦ ਡੀ. ਮਾਰੀਆ ਨੇ 15-16 ਸਾਲ ਆਪਣੇ ਆਪ ਨੂੰ ਕੌਮਾਂਤਰੀ ਫੁੱਟਬਾਲ ਵਿੱਚ ਬਣਾਈ ਰੱਖਿਆ। ਨਾ ਸਿਰਫ ਉਸ ਨੇ ਖੇਡ ਦੇ ਅੰਤਰਰਾਸ਼ਟਰੀ ਪਿੜ ਵਿੱਚ ਆਪਣੀ ਹਾਜ਼ਰੀ ਬਣਾਈ ਰੱਖੀ, ਸਗੋਂ ਉਹ ਇਨ੍ਹਾਂ ਸਾਲਾਂ ਵਿੱਚ ਆਪਣੀ ਫੁੱਟਬਾਲ ਕਲਾ ਨਾਲ ਦਰਸ਼ਕਾਂ ਨੂੰ ਖਿੱਚਣ/ਕੀਲਣ ਵਾਲਾ ਖਿਡਾਰੀ ਵੀ ਬਣਿਆ ਰਿਹਾ। ਬ੍ਰਾਜ਼ੀਲ, ਅਰਜਨਟੀਨਾ, ਮੈਕਸੀਕੋ ਅਤੇ ਸਪੇਨ ਦੀਆਂ ਕੌਮੀ ਟੀਮਾਂ ਵਿੱਚ ਇਸ ਕਿਸਮ ਦੇ ਖਿਡਾਰੀ ਹਮੇਸ਼ਾ ਮੌਜੂਦ ਰਹੇ ਹਨ। ਇਹੋ ਜਿਹੇ ਖਿਡਾਰੀਆਂ ਦੀ ਬਦੌਲਤ ਹੀ ਫੁੱਟਬਾਲ ਦੁਨੀਆਂ ਦੀ ਸਭ ਤੋਂ ਵੱਧ ਹਰਮਨ ਪਿਆਰੀ ਖੇਡ ਹੈ। ਖੇਡ ਦੇ ਆਖਰੀ ਨਤੀਜੇ ਤੋਂ ਪਹਿਲਾਂ ਇਹ ਖਿਡਾਰੀ ਆਪਣੀ ਖੇਡ ਦੇ ਕੌਸ਼ਲ ਨਾਲ ਦਰਸ਼ਕਾਂ ਨੂੰ ਕਿਸੇ ਵੱਡੀ 'ਖੇਡ' ਦਾ ਹਿੱਸਾ ਬਣਾਈ ਰੱਖਦੇ ਹਨ। ਦਰਸ਼ਕਾਂ ਤੋਂ ਬਿਨਾ ਕੋਈ ਖੇਡ 'ਖੇਡ' ਨਹੀਂ ਬਣ ਸਕਦੀ। ਉਵੇਂ ਜਿਵੇਂ ਪਾਠਕਾਂ ਤੋ ਬਿਨਾ ਕਿਤਾਬ ਕਿਸੇ ਕੰਮ ਦੀ ਨਹੀਂ। ਦਰਸ਼ਕਾਂ ਦੀ ਖੇਡ ਵਿੱਚ ਸ਼ਾਮੂਲੀਅਤ ਹੀ ਕਿਸੇ ਖੇਡ ਨੂੰ ਮੁਕੰਮਲ ਕਰਦੀ ਹੈ।

ਡੀ. ਮਾਰੀਆ ਬਹੁਤਾ ਲੈਫਟ ਜਾਂ ਰਾਈਟ ਵਿੰਗਰ ਜਾਂ ਅਟੈਕਿੰਗ ਮਿੱਡਫੀਲਡਰ ਦੇ ਤੌਰ 'ਤੇ ਖੇਡਦਾ ਰਿਹਾ। 'ਏਂਜਲ ਫੈਬੀਅਨ ਡੀ. ਮਾਰੀਆ' ਦੇ ਡਿਫੈਂਸਿਵ ਸਕਿੱਲ ਮੁਢ ਵਿੱਚ ਭਾਵੇਂ ਕਮਜ਼ੋਰ ਸਨ ਅਤੇ ਉਹਦਾ ਸਰੀਰ ਵੀ ਡਿਫੈਂਡਰਾਂ ਵਾਲੀ ਹੱਡੀ ਦਾ ਬਣਿਆ ਹੋਇਆ ਨਹੀਂ ਸੀ, ਪਰ ਉਸ ਕੋਲ ਫੁੱਟਬਾਲ ਦਾ ਤਕਨੀਕੀ ਸਕਿੱਲ, ਇਕੱਲੇ ਨੂੰ ਇਕੱਲੇ ਖਿਲਾਫ ਡਾਂਜ ਕਰਨ ਅਤੇ ਸਹੀ ਪਾਸ ਕਰਨ ਦੀ ਸਮਰਥਾ ਅਥਾਹ ਸੀ। ਬੇਹੱਦ ਖੂਬਸੂਰਤ, ਚਿਰਾਂ ਤੱਕ ਯਾਦ ਰੱਖਣ ਵਾਲੇ ਗੋਲ ਕਰਨ ਦਾ ਹੁਨਰ ਸ਼ਾਇਦ ਉਸ ਨੂੰ ਕੁਦਰਤ ਨੇ ਆਪ ਬਖਸ਼ਿਆ। 'ਏਂਜਲ' ਵੀ ਮੇਰਾ ਖਿਆਲ ਹੈ ਕਿ ਉਸ ਦੇ ਨਾਂ ਨਾਲ ਐਵੇਂ ਨਹੀਂ ਚਿਪਕਿਆ ਹੋਇਆ। ਉਸ ਦੀ ਰਹਿਣੀ ਬਹਿਣੀ, ਤੋਰ, ਬੋਲ-ਚਾਲ ਸਭ ਕੁਝ ਏਂਜਲਿਕ ਲਗਦਾ ਹੈ।

ਉਸ ਦੇ ਰਿਟਾਇਰਮੈਂਟ ਸਮੇਂ ਕਹੇ ਗਏ ਬੋਲ ਤੁਹਾਨੂੰ ਇਸੇ ਦੀ ਸੂਹ ਦਿੰਦੇ ਹਨ। ਪਤਾ ਲੱਗੇਗਾ ਬਈ ਡੀ. ਮਾਰੀਆ ਕਿਸ ਸਤਹਿ ਤੋਂ ਬੋਲ ਰਿਹਾ ਹੈ, "ਸਚਾਈ ਇਹ ਹੈ ਕਿ ਇਸ (ਪਲ) ਨੂੰ ਪਰਿਭਾਸ਼ਤ ਕਰਨਾ ਬਹੁਤ ਔਖਾ ਹੈ। ਇਹ ਇਸੇ ਤਰ੍ਹਾਂ ਲਿਖਿਆ ਹੋਇਆ ਸੀ। ਮੈਂ ਬੀਤੀ ਰਾਤ ਡਿਨਰ ਵੇਲੇ ਆਪਣੇ ਖਿਡਾਰੀਆਂ ਨੂੰ ਆਖਿਆ ਸੀ ਕਿ ਫਾਈਨਲ ਵਿੱਚ ਜਿੱਤ ਨਾਲ ਅੰਤਰਾਸ਼ਟਰੀ ਕੈਰੀਅਰ ਨੂੰ

## ਕਲੱਬ ਫੁੱਟਬਾਲ ਖੇਡਣਾ ਰੱਖੇਗਾ ਜਾਰੀ



ਅਲਵਿਦਾ ਆਖਣਾ ਮੇਰਾ ਸੁਪਨਾ ਹੈ। ਇਸ ਕਰਕੇ ਮੈਂ ਕਿਹਾ ਸੀ ਕਿ ਇਹ ਮੇਰਾ ਆਖਰੀ 'ਕੋਪਾ ਅਮੈਰਿਕਾ' ਹੋਏਗਾ। ਮੇਰਾ ਸੁਪਨਾ ਸੀ ਅਸੀਂ ਫਾਈਨਲ ਤੱਕ ਪਹੁੰਚੀਏ, ਅਸੀਂ ਇਸ ਨੂੰ ਜਿੱਤਿਆ ਤੇ ਮੈਂ ਹੁਣ ਆਰਾਮ ਨਾਲ ਅੰਤਰਰਾਸ਼ਟਰੀ ਫੁੱਟਬਾਲ ਨੂੰ ਅਲਿਵਿਦਾ ਆਖ ਸਕਦਾ ਹਾਂ। ਮੇਰੇ ਕੌਮਾਂਤਰੀ ਕੈਰੀਅਰ ਦਾ ਅੰਤ ਇਸ ਤੋਂ ਵਧੀਆ ਨਹੀਂ ਸੀ ਹੋ ਸਕਦਾ।"

ਲਿਉਨਲ ਮੈਸੀ ਨੇ ਡੀ. ਮਾਰੀਆ ਦੀ ਰਿਟਾਇਰਮੈਂਟ ਨੂੰ ਇੱਕ 'ਫੇਅਰੀ ਟੇਲ' ਦਾ ਨਾਂ ਦਿੱਤਾ। ਅਰਜਨਟੀਨਾ ਦੀ ਫੁੱਟਬਾਲ ਟੀਮ ਨੇ 2008 ਦੀਆਂ ਬੀਜਿੰਗ ਉਲੰਪਿਕ ਖੇਡਾਂ ਵਿੱਚ ਨਾਈਜੀਰੀਆ ਨੂੰ 1-0 ਨਾਲ ਹਰਾ ਕੇ ਗੋਲਡ ਮੈਡਲ

-CONMEBOL-
COPA AMERICA
USA 2024



ਲਿਉਨਲ ਮੈਸੀ

ਜਿੱਤਿਆ ਸੀ। ਇਸ ਮੈਚ ਵਿੱਚ ਹੋਇਆ ਇੱਕੋ-ਇੱਕ ਗੋਲ ਡੀ. ਮਾਰੀਆ ਨੇ ਹੀ ਕੀਤਾ ਸੀ। ਡੀ. ਮਾਰੀਆ ਨੇ ਮੈਸੀ ਜਾਂ ਰੋਨਾਲਡੋ ਵਾਂਗ ਬਹੁਤੇ ਗੋਲ ਨਹੀਂ ਕੀਤੇ, ਪਰ ਉਹ ਵੱਡੇ ਅਤੇ ਫੈਸਲਾਕੁੰਨ ਮੈਚਾਂ ਵਿੱਚ ਅਕਸਰ ਹੀ ਗੋਲ ਕਰਦਾ ਰਿਹਾ। ਆਪਣੇ 16 ਸਾਲ ਲੰਮੇ ਅੰਤਰਰਾਸ਼ਟਰੀ ਕੈਰੀਅਰ ਵਿੱਚ ਡੀ. ਮਾਰੀਆ ਨੇ ਕੁੱਲ 144 ਮੈਚਾਂ ਵਿੱਚ ਸਿਰਫ 31 ਗੋਲ ਕੀਤੇ, ਪਰ ਜਦੋਂ ਇਨ੍ਹਾਂ ਗੋਲਾ ਦੀ ਹਿਸਟਰੀ ਫਰੋਲਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਵਿੱਚੋਂ ਬਹੁਤੇ ਫਸੇ ਹੋਏ ਮੈਚ ਸਨ; ਜਾਂ ਫਿਰ ਕੁਆਟਰ ਫਾਈਨਲ, ਸੈਮੀਫਾਈਨਲ ਜਾਂ ਫਾਈਨਲ। ਵੱਡੇ ਖਿਡਾਰੀਆਂ ਦਾ ਟੈਸਟ ਅਸਲ ਵਿੱਚ ਮੁਸ਼ਕਲ ਮੈਚਾਂ ਵੇਲੇ ਹੀ ਹੁੰਦਾ ਹੈ।

ਡੀ. ਮਾਰੀਆ ਨੇ 2022 ਵਿੱਚ ਕਤਰ ਵਿੱਚ ਹੋਏ ਵਿਸ਼ਵ ਕੱਪ ਦੇ ਫਾਈਨਲ ਵਿੱਚ ਅਰਜਨਟੀਨਾ ਵੱਲੋਂ ਦੂਜਾ ਗੋਲ ਕੀਤਾ ਸੀ। ਫੁੱਟਬਾਲ ਇਤਿਹਾਸ ਵਿੱਚ ਕੀਤੇ ਗਏ ਬੇਹੱਦ ਸ਼ਾਨਦਾਰ ਟੀਮ ਗੋਲਾਂ ਵਿੱਚੋਂ ਇਹ ਇੱਕ ਹੈ। ਇਸ ਗੋਲ ਤੋਂ ਪਹਿਲਾਂ ਅਰਜਨਟੀਨਾ ਦੀ ਟੀਮ ਵੱਲੋਂ ਬਣਾਇਆ ਗਿਆ ਇਹ ਮੂਵ ਵੀ ਬੇਹੱਦ ਸ਼ਾਨਦਾਰ ਸੀ। ਆਪਣੀ ਡੀ-ਕੋਲ ਅਰਜਨਟੀਨੀਅਨ ਫੁੱਲਬੈਕ ਨੇ ਸਿੰਗਲ ਟੱਚ ਨਾਲ ਬਾਲ ਮਿੱਡ-ਫਲਿਡਰਾਂ ਵੱਲ ਵਧਾਈ, ਅਗਲੇ ਖਿਡਾਰੀ ਦਾ ਪਾਸ ਵੀ ਸਿੰਗਲ ਟੱਚ ਹੀ ਸੀ, ਅਗਾਂਹ ਬਾਲ ਸੱਜੇ ਦਾਅ ਤੋਂ ਵਿੰਗਰ ਅਲਵਰੇਜ਼ ਕੋਲ ਚਲੀ ਗਈ। ਉਸ ਨੂੰ ਫਰਾਂਸੀਸੀ ਫੁੱਲਬੈਕ ਨੇ ਲਗਪਗ ਘੇਰ ਲਿਆ ਸੀ। ਉਸ ਨੇ ਬਾਲ ਲੈਫਟ ਵਿੰਗ ਤੋਂ ਤੇਜ਼ੀ ਨਾਲ ਅੱਗੇ ਵਧ ਰਹੇ ਡੀ. ਮਾਰੀਆ ਵੱਲ ਸਰਕਾ ਦਿੱਤੀ। (ਕੁਮੈਂਟਰੀਕਾਰ ਨੇ ਟਿੱਪਣੀ ਕੀਤੀ, 'ਡੀ. ਮਾਰੀਆ ਇਜ਼ ਏ ਸਟੇਅ ਮੈਨ... ਐਂਡ ਗਲੋਰੀਅਸ ਗੋਲ) ਵਿਰੋਧੀ ਗੋਲਕੀਪਰ ਨੇ ਡੀ. ਮਾਰੀਆ ਨੂੰ ਮਿੱਥ ਕੇ ਟੈਕਲ ਕੀਤਾ, ਪਰ ਉਹਨੇ ਗੋਲਕੀਪਰ ਦੇ ਉਪਰੋਂ ਦੀ ਬਾਲ ਗੋਲ ਵਿੱਚ ਪਹੁੰਚਾ ਦਿੱਤੀ।

ਕਤਰ ਵਾਲੇ ਵਿਸ਼ਵ ਕੱਪ ਵਿੱਚ ਆਪਣੇ ਪਲੇਠੇ ਮੈਚ ਵਿੱਚ ਅਰਜਨਟੀਨਾ ਦੀ ਟੀਮ ਇਸੇ ਮੁਲਕ ਦੀ ਟੀਮ ਹੱਥੋਂ ਹਾਰ ਗਈ ਸੀ, ਪਰ ਇਹ ਹਾਰ ਉਨ੍ਹਾਂ ਲਈ ਕੀਮਤੀ ਸਬਕ ਬਣ ਗਈ ਅਤੇ ਇਸ ਟੀਮ ਨੇ ਆਪਣੇ ਬਾਕੀ ਸਾਰੇ ਮੈਚ ਜਿੱਤੇ ਤੇ ਫਾਈਨਲ ਤੱਕ ਪਹੁੰਚਦਿਆਂ ਪੂਰੀ ਲੈਅ ਵਿੱਚ ਆ ਗਈ। ਇਸ ਫਾਈਨਲ ਮੁਕਾਬਲੇ ਵਿੱਚ ਫਰਾਂਸ ਨੇ ਅਰਜਨਟੀਨਾ ਨੂੰ ਆਸਾਨੀ ਨਾਲ ਨਹੀਂ ਸੀ ਜਿੱਤਣ ਦਿੱਤਾ। ਮਬਾਪੇ ਨੇ ਦੋ ਗੋਲ ਕਰਕੇ ਫਰਾਂਸ ਨੂੰ ਬਰਾਬਰੀ 'ਤੇ ਖੜ੍ਹਾ ਕਰ ਦਿੱਤਾ ਸੀ, ਪਰ ਮੈਸੀ ਦੀ ਰਹਿਨੁਮਾਈ ਹੇਠ ਇਹ ਟੀਮ ਅੰਤ ਵਿਸ਼ਵ ਕੱਪ ਜਿੱਤਣ ਵਿੱਚ ਕਾਮਯਾਬ ਹੋ ਗਈ ਸੀ। ਅੰਤਰਰਾਸ਼ਟਰੀ ਮੈਦਾਨ ਵਿੱਚ ਉਤਰੇ ਕਿਸੇ ਖਿਡਾਰੀ ਦੀ ਖੇਡ ਦਾ ਅੰਤ ਇਸ ਤੋਂ ਸ਼ਾਨਦਾਰ ਨਹੀਂ ਹੋ ਸਕਦਾ ਕਿ ਉਹ ਵਿਸ਼ਵ ਦੇ ਦੋ ਸਰਬਉਚ ਟੂਰਨਾਮੈਂਟ ਜਿੱਤੇ ਅਤੇ ਆਪਣੀ ਖੇਡ ਦਾ ਅੰਤ ਵੀ ਇੱਕ ਵੱਕਾਰੀ ਟੂਰਨਾਮੈਂਟ ਵਿੱਚ ਜਿੱਤ ਨਾਲ ਕਰੇ।

'ਏਂਜਲ ਫੈਬੀਅਨ ਡੀ. ਮਾਰੀਆ' ਦਾ ਜਨਮ 14 ਫਰਵਰੀ 1988 ਅਰਜਨਟੀਨਾ ਦੇ ਰੋਸੈਰੀਓ ਵਿੱਚ ਹੋਇਆ। ਉਹ ਨਿੱਕਾ ਹੁੰਦਾ ਹੀ ਹੱਦੋਂ ਵੱਧ ਤਿੱਖਾ ਸੀ। ਫੈਮਲੀ ਡਾਕਟਰ ਦੀ ਸਲਾਹ 'ਤੇ ਮਾਪਿਆਂ ਨੇ ਤਿੰਨ ਸਾਲ ਦੀ ਉਮਰ ਵਿੱਚ ਹੀ ਫੁੱਟਬਾਲ ਖੇਡਣ ਲਾ ਦਿੱਤਾ। ਉਸ ਦਾ ਕੱਦ 5 ਫੁੱਟ 10 ਇੰਚ ਹੈ। ਗੱਲ੍ਹਾਂ ਪਿਚਕੀਆਂ ਹੋਈਆਂ ਤੇ ਚਿਹਰੇ ਦੀਆਂ ਹੱਡੀਆਂ ਉਭਰੀਆਂ ਹੋਈਆਂ। ਤੇਜ਼ ਦੌੜਦਾ ਤਾਂ ਸਰੀਰ ਕਈ ਵਲ ਖਾਂਦਾ। ਲਗਦਾ ਕੇ ਜੇ ਕਿਸੇ ਅੱਖੜ ਡਿਫੈਂਡਰ ਨੇ ਲੱਤ ਅੜਾ ਕੇ ਸੁੱਟ ਦਿੱਤਾ ਤਾਂ ਸਰੀਰ ਦੇ ਕਈ ਟੋਟੇ ਹੋ ਜਾਣਗੇ। ਉਹਦਾ ਸਰੀਰ ਹੀ ਸੱਟਾਂ-ਫੇਟਾਂ ਦੇ ਅਨੁਕੂਲ ਸੀ। ਬਹੁਤ ਵਾਰ ਸੱਟਾਂ ਲੱਗੀਆਂ ਵੀ, ਪਰ ਤੇਜ਼ੀ ਨਾਲ ਡਿਫੈਂਡਰਾਂ ਨੂੰ ਡਾਂਜ ਕਰਦਾ। ਇੰਜ ਕਰਦਾ ਬਹੁਤ ਸੋਹਣਾ ਲਗਦਾ। ਜਿਵੇਂ ਹਾਕੀ ਵਿੱਚ ਉਸ ਦੇ ਹਮਵਤਨ ਲੁਕਾਸ ਵਿੱਲਾ ਅਤੇ ਮੈਜ਼ਿਲੀ ਵਰਗੇ ਖਿਡਾਰੀ ਲਗਦੇ। ਅਰਜਨਟੀਨਾ ਦੇ ਹਾਕੀ ਖਿਡਾਰੀਆਂ ਨੇ ਬਾਲ ਦੀਆਂ ਬੁੱਚੀਆਂ ਪੁਆਉਂਦਿਆਂ ਵਿਰੋਧੀਆਂ ਨੂੰ ਮਾਤ ਦੇਣ ਦੀ ਕਾਢ ਕੱਢੀ। ਇਸੇ ਕਾਢ ਅਤੇ ਗੰਜਾਲੋ ਪੈਲੇਟ ਦੀਆਂ ਤੇਜ਼ ਫਲਿੱਕਾਂ ਦੇ ਸਿਰ 'ਤੇ ਉਲੰਪਿਕ ਜਿੱਤੀ। ਅਰਜਨਟੀਨਾ ਕਹਿੰਦੇ ਸਾਡੇ ਵਾਂਗ ਹੀ ਗਰੀਬੀ, ਕਰਜ਼ੇ ਅਤੇ ਮਹਿੰਗਾਈ ਦਾ ਭੰਨਿਆ ਮੁਲਕ ਹੈ। ਇਨ੍ਹਾਂ ਖਿਡਾਰੀਆਂ ਕਰਕੇ ਇਹ ਮੁਲਕ ਵੇਖਣ ਨੂੰ ਦਿਲ ਕਰਨ ਲਗਦਾ ਹੈ।

Gagandeep Cheema
FINANCIAL SERVICES PROFESSIONAL
847-340-6692

Services:
Debt Consolidation
Will and Estate Planning
Kids Education Planning
Retirement Planning
Annuities & 401K rollover
Insurance- Life, Disability, Long-Term Care
Funeral Planning



ਸੇਵਾਵਾਂ:
ਕਰਜ਼ੇ ਦੀ ਇਕਸਾਰਤਾ
ਵਸੀਅਤ ਅਤੇ ਜਾਇਦਾਦ ਦੀ ਯੋਜਨਾਬੰਦੀ
ਬੱਚਿਆਂ ਦੀ ਸਿੱਖਿਆ ਦੀ ਯੋਜਨਾਬੰਦੀ
ਸੇਵਾਮੁਕਤੀ ਦੀ ਯੋਜਨਾਬੰਦੀ
ਸਾਲਾਨਾ ਅਤੇ 401ਕੇ ਰੋਲਓਵਰ
ਬੀਮਾ- ਜੀਵਨ, ਅਪਾਹਜਤਾ, ਲੰਬੇ ਸਮੇਂ ਦੀ ਦੇਖਭਾਲ
ਅੰਤਿਮ ਸਸਕਾਰ ਦੀ ਯੋਜਨਾ

GCHEEMAWFG@GMAIL.COM
1699 Wall St., Suite 615, Mount Prospect, IL 60056

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਬੱਬੂ (ਐਪਲਟਨ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਸੰਨੀ ਧੂੜ (ਮਿਸ਼ੀਗਨ)
ਮਨਮਿੰਦਰ ਸਿੰਘ ਹੀਰ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਮੀਕ ਸਿੰਘ ਗਿਰਨ
ਜਿਗਰਦੀਪ ਸਿੰਘ ਢਿੱਲੋਂ

ਤਿੱਖੇ ਰਾਜਨੀਤਿਕ ਵਿਰੋਧਾਂ ਦੇ ਦਰਮਿਆਨ

# ਟਰੰਪ 'ਤੇ ਹਮਲਾ ਸਿਆਸੀ ਕੜਵਾਹਟ ਦੀ ਨਿਸ਼ਾਨੀ ਤੇ ਨਹੀਂ?

ਪੰਜਾਬੀ ਪਰਵਾਜ਼ ਬਿਊਰੋ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ 'ਤੇ ਇੱਕ ਨੌਜਵਾਨ ਵੱਲੋਂ ਬੀਤੇ ਸਨਿਚਰਵਾਰ (13 ਜੁਲਾਈ) ਕੀਤੇ ਗਏ ਇੱਕ ਜਾਨਲੇਵਾ ਹਮਲੇ ਵਿੱਚ ਉਹ ਵਾਲ-ਵਾਲ ਬਚ ਗਏ ਹਨ। ਉਨ੍ਹਾਂ ਦੇ ਸੱਜੇ ਕੰਨ ਨੂੰ ਪਾੜ ਕੇ ਭਾਵੇਂ ਗੋਲੀ ਨਿਕਲ ਗਈ, ਪਰ ਇੱਕ ਵਿਅਕਤੀ ਦੀ ਇਸ ਦੌਰਾਨ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਅਮਰੀਕਨ ਸੀਕਰੇਟ ਸਰਵਿਸ ਦੇ ਸਨਾਈਪਰਾਂ ਨੇ ਟਰੰਪ 'ਤੇ ਹਮਲਾ ਕਰਨ ਵਾਲੇ 20 ਸਾਲਾ ਨੌਜਵਾਨ ਨੂੰ ਮਾਰ ਮੁਕਾਇਆ। ਇਸ ਘਟਨਾ ਤੋਂ ਇਕਦਮ ਬਾਅਦ ਆਪਣੇ ਸੁਰੱਖਿਆ ਗਾਰਡਾਂ ਦੀ ਹਾਜ਼ਰੀ ਵਿੱਚ ਡੋਨਲਡ ਟਰੰਪ ਨੇ ਆਪਣੀ ਬਾਂਹ ਉੱਚੀ ਚੁੱਕੀ ਅਤੇ ਮੁੱਠੀ ਮੀਚ ਕੇ ਤਿੰਨ ਵਾਰ ਆਪਣੇ ਚਹੇਤਿਆਂ ਨੂੰ ਇੱਕੋ ਸ਼ਬਦ ਨਾਲ ਸੰਬੋਧਨ ਕੀਤਾ: 'ਫਾਈਟ, ਫਾਈਟ ਐਂਡ ਫਾਈਟ।'

ਇਹ ਅਸਲ ਵਿੱਚ ਇੱਕ ਸਿਆਸੀ ਆਗੂ ਦਾ ਚੋਣ ਪ੍ਰਾਪੇਗੰਡੇ ਲਈ ਪਾਪੂਲਰ ਪੋਜ਼ ਸੀ, ਜਿਸ ਦੀ ਆਉਣ ਵਾਲੀ ਚੋਣ ਮੁਹਿੰਮ ਵਿੱਚ ਵੀ ਰੱਜ ਕੇ ਵਰਤੋਂ ਕੀਤੀ ਜਾਵੇਗੀ। ਇੱਕ ਖਤਰਨਾਕ ਮੌਕੇ 'ਤੇ ਬਣਾਇਆ ਇਹ ਪੋਜ਼ ਇਹ ਵੀ ਦਰਸਾਉਂਦਾ ਹੈ ਕਿ ਤੁਸੀਂ ਟਰੰਪ ਦੀ ਵਿਚਾਰਧਾਰਾ ਨੂੰ ਮੰਨੋ ਜਾਂ ਨਾ, ਪਰ ਇਹ ਜ਼ਰੂਰ ਮੰਨਣਾ ਪਵੇਗਾ ਕਿ ਉਹ ਇੱਕ ਤੇਜ਼ ਤਰਾਰ ਰਾਜਨੀਤਿਕ ਸੋਝੀ ਦੇ ਮਾਲਕ ਹਨ। ਉਹ ਵੀ ਉਸ ਸਮੇਂ, ਜਦੋਂ ਪਾਪੂਲਰ ਅਮਰੀਕਨ ਓਪੀਨੀਅਨ ਪੋਲਜ਼ ਵਿੱਚ ਉਹ ਬਾਇਡਨ ਨਾਲੋਂ ਰਤਾ ਕੁ ਅੱਗੇ ਚੱਲ ਰਹੇ ਹਨ। ਇਸ ਤੋਂ ਇਲਾਵਾ ਅਮਰੀਕੀ ਚੋਣ ਰਵਾਇਤ ਅਨੁਸਾਰ 27 ਜੂਨ ਨੂੰ ਦੋਹਾਂ ਉਮੀਦਵਾਰਾਂ ਵਿਚਕਾਰ ਹੋਈ ਚੋਣ ਬਹਿਸ ਵਿੱਚ ਉਹ ਮੌਜੂਦਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਮਾਤ ਦੇ ਚੁੱਕੇ ਹਨ। ਉਮਰ ਵਿੱਚ ਭਾਵੇਂ ਟਰੰਪ ਤੋਂ ਤਿੰਨ ਕੁ ਸਾਲ ਹੀ ਛੋਟੇ ਹਨ, ਪਰ ਟਰੰਪ ਬਹਿਸ ਵਿੱਚ ਬਾਇਡਨ ਦੇ ਮੁਕਾਬਲੇ ਕਾਫੀ ਨੌਜਵਾਨ ਨਜ਼ਰ ਆਏ। ਇਸ ਤੋਂ ਇਲਾਵਾ ਬਹਿਸ ਦੌਰਾਨ ਬਾਇਡਨ ਕਈ ਥਾਵਾਂ 'ਤੇ ਲੜਖੜਾਉਂਦੇ ਨਜ਼ਰ ਆਏ ਸਨ। ਇਸੇ ਕਰਕੇ ਡੈਮੋਕਰੇਟਿਕ ਪਾਰਟੀ ਵਿਚਲੇ ਬਹੁਤ ਸਾਰੇ ਹਲਕਿਆਂ ਵੱਲੋਂ ਬਾਇਡਨ ਨੂੰ ਚੋਣ ਮੁਹਿੰਮ ਵਿੱਚੋਂ ਪਾਸੇ ਹਟ ਜਾਣ ਅਤੇ ਕਿਸੇ ਹੋਰ ਵਿਅਕਤੀ ਨੂੰ ਰਾਸ਼ਟਰਪਤੀ ਦੀ ਚੋਣ ਲਈ ਪਾਰਟੀ ਦਾ ਉਮੀਦਵਾਰ ਬਣਾਏ ਜਾਣ ਲਈ ਆਖਿਆ ਜਾ ਰਿਹਾ ਹੈ। ਅਮਰੀਕਾ ਦੀ ਮੌਜੂਦਾ ਭਾਰਤੀ ਮੂਲ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਬਾਇਡਨ ਦੀ ਥਾਂ ਉਮੀਦਵਾਰ ਬਣਾਏ ਜਾਣ ਦੀ ਚਰਚਾ ਵੀ ਚੱਲ ਰਹੀ ਹੈ। ਉਹ ਟਰੰਪ ਦੇ ਵਿਰੁੱਧ ਬਾਇਡਨ ਦੇ ਮੁਕਾਬਲੇ ਬਿਹਤਰ ਕੈਂਡੀਡੇਟ ਵਜੋਂ ਵੀ ਵਿਖਾਏ ਜਾ ਰਹੇ ਹਨ। ਫਿਰ ਵੀ ਉਨ੍ਹਾਂ ਦਾ ਗੈਰ-ਗੋਰੀ ਚਮੜੀ ਵਾਲਾ ਰੰਗਦਾਰ ਪਿਛੋਕੜ ਅਤੇ ਇੱਕ ਔਰਤ ਹੋਣਾ ਉਨ੍ਹਾਂ ਦੇ ਵਿਰੁਧ ਭੁਗਤਦਾ ਨਜ਼ਰ ਆ ਰਿਹਾ ਹੈ।

ਭਾਵੇਂ ਕਿ ਬਾਇਡਨ ਅਤੇ ਮੋਦੀ-ਰਾਹੁਲ ਗਾਂਧੀ ਸਮੇਤ ਦੁਨੀਆਂ ਦੇ ਵੱਡੇ ਆਗੂਆਂ ਨੇ ਟਰੰਪ 'ਤੇ ਜਾਨਲੇਵਾ ਹਮਲੇ ਦੀ ਨਿੰਦਾ ਕੀਤੀ ਹੈ, ਪਰ ਸਵਾਲਾਂ ਦਾ ਸਵਾਲ ਹਾਲੇ ਵੀ ਇਹੋ ਹੈ ਕਿ ਟਰੰਪ ਨੂੰ ਨਿਸ਼ਾਨੇ 'ਤੇ ਰੱਖ ਕੇ ਚਲਾਈ ਗਈ ਗੋਲੀ ਦੇ ਪਿਛੋਕੜ ਵਿੱਚ ਪਏ ਕਾਰਨ ਰਾਜਨੀਤਿਕ ਹਨ ਜਾਂ ਇਹ ਘਟਨਾ ਸੰਬੰਧਤ ਨੌਜਵਾਨ ਦੇ ਮਾਨਸਿਕ ਵਿਕਾਰ ਦੀ



ਨਿਸ਼ਾਨੀ ਹੈ? ਜਿਵੇਂ ਕਿ ਇਸ ਨੂੰ ਆਪਣੇ ਤੁਰੰਤ ਪ੍ਰਤੀਕਰਮ ਵਿੱਚ ਬਾਇਡਨ ਨੇ ਪਰਿਭਾਸ਼ਤ ਕੀਤਾ ਹੈ। ਉਪਰੋਕਤ ਘਟਨਾ ਤੋਂ ਬਾਅਦ ਸਾਹਮਣੇ ਆਈਆਂ ਰਿਪੋਰਟਾਂ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਟਰੰਪ 'ਤੇ ਗੋਲੀ ਚਲਾਉਣ ਵਾਲਾ 20 ਸਾਲਾ ਨੌਜਵਾਨ ਥੌਮਸ ਮੈਥੀਊ ਕਰੁੱਕ ਗੋਰੀ ਨਸਲ ਦਾ ਨੌਜਵਾਨ ਹੈ, ਜਿਸ ਨੂੰ ਰਾਜਨੀਤਿਕ ਸੋਝੀ ਦੀ ਲਾਗ ਲੱਗੀ ਹੋਈ ਸੀ। ਉਹ ਰਿਪਬਲਿਕਨ ਪਾਰਟੀ ਦਾ ਮੁਢਲਾ ਮੈਂਬਰ ਸੀ ਅਤੇ ਉਸ ਨੇ ਇੱਕ ਵਾਰ ਇੱਕ ਪ੍ਰੋਗਰੈਸਿਵ ਗਰੁੱਪ ਨੂੰ ਚੰਦਾ ਵੀ ਦਿੱਤਾ ਸੀ। ਇਸ ਤੋਂ ਇਲਾਵਾ ਉਸ ਨੇ ਆਪਣੇ ਕਿਸੇ ਸੋਸ਼ਲ ਮੀਡੀਆ ਅਕਾਊਂਟ 'ਤੇ ਟਰੰਪ ਬਾਰੇ ਨਾਪਸੰਦਗੀ ਵੀ ਜ਼ਾਹਰ ਕੀਤੀ ਸੀ, ਪਰ ਇਸ ਨੂੰ ਅਮਰੀਕਨ ਖੁਫੀਆ ਸਰਵਿਸ ਦੇ ਸਨਾਈਪਰਾਂ ਵੱਲੋਂ ਮੌਕੇ 'ਤੇ ਮਾਰ ਦਿਤੇ ਜਾਣ ਨਾਲ ਇਸ ਘਟਨਾ ਪਿੱਛੇ ਕੰਮ ਕਰਦੇ ਮਕਸਦ ਤੋਂ ਪਰਦਾ ਉਠਣ ਦੇ ਮੌਕੇ ਕਾਫੀ ਸੀਮਤ ਹੋ ਗਏ ਹਨ। ਉਸ ਦੀ ਮੌਤ ਤੋਂ ਬਾਅਦ ਅਮਰੀਕੀ ਏਜੰਸੀਆਂ ਦੀ ਪੁੱਛ ਪੜਤਾਲ ਦੋਇਮ ਦਰਜੇ ਦੇ ਸੋਮਿਆਂ 'ਤੇ ਕੇਂਦਰਤ ਹੋਵੇਗੀ। ਖਦਸ਼ਾ ਬਣ ਗਿਆ ਹੈ ਕਿ ਇਸ ਵਿੱਚੋਂ ਕਾਤਲੀ ਇਰਾਦੇ ਦੇ ਪਿੱਛੇ ਕੰਮ ਕਰਦੇ ਮਕਸਦ ਬਾਰੇ ਜਾਣਕਾਰੀ ਸ਼ਾਇਦ ਹੀ ਬਾਹਰ ਆ ਸਕੇ।

ਫਿਰ ਵੀ ਇਸ ਘਟਨਾ ਨੇ ਅਮਰੀਕੀ ਸਮਾਜ ਵਿੱਚ ਰਾਜਨੀਤਿਕ ਹਿੰਸਾ ਦੀ ਪੋਲ ਖੋਲ੍ਹ ਦਿੱਤੀ ਹੈ। ਭਾਵੇਂ ਕਿ ਅਮਰੀਕਾ ਦੀਆਂ ਦੋਵੇਂ ਪਾਰਟੀਆਂ ਦੇ ਵੱਡੇ ਆਗੂਆਂ ਅਤੇ ਸੰਸਾਰ ਦੇ ਹੋਰ ਵੱਡੇ ਮੁਲਕਾਂ ਦੇ ਆਗੂਆਂ ਵੱਲੋਂ ਰਾਜਨੀਤਿਕ ਹਿੰਸਾ ਦੀ ਨਿਖੇਧੀ ਕੀਤੀ ਗਈ ਹੈ, ਪਰ ਸੰਸਾਰ ਇਤਿਹਾਸ ਦੇ ਜਿਸ ਮਹੱਤਵਪੂਰਨ ਮੋੜ 'ਤੇ ਇਹ ਘਟਨਾ ਵਾਪਰੀ ਹੈ, ਉਸ ਪਿੱਛੇ ਮੌਜੂਦ ਸੰਭਾਵਿਤ ਰਾਜਨੀਤਿਕ ਕਾਰਕਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜੇ ਕੁੱਲ ਮਿਲਾ ਕੇ ਵੇਖਿਆ ਜਾਵੇ ਤਾਂ ਬਾਇਡਨ ਦਾ ਰਾਸ਼ਟਰਪਤੀ ਵਜੋਂ ਕਾਰਜਕਾਲ ਇਸ ਦੇਸ਼ ਲਈ ਕਾਫੀ ਲਾਹੇਵੰਦ ਸਿੱਧ ਹੋਇਆ ਹੈ। ਬਾਇਡਨ ਵਲੋਂ ਨਾ ਸਿਰਫ ਅਮਰੀਕਾ ਦੀ ਵਿਦੇਸ਼ ਨੀਤੀ ਨੂੰ ਮੁੜ ਤੋਂ ਪ੍ਰਭਾਵਕਾਰੀ ਬਣਾਇਆ ਗਿਆ, ਸਗੋਂ ਅਮਰੀਕੀ ਆਰਥਿਕਤਾ ਨੂੰ ਵੀ ਲੀਹ 'ਤੇ ਲੈ ਆਂਦਾ ਗਿਆ ਹੈ। ਇਸ ਤੋਂ ਇਲਾਵਾ ਚੀਨ ਨੂੰ ਟਿਕਾਣੇ ਸਿਰ ਰੱਖਣ ਅਤੇ ਦੱਖਣੀ ਕੋਰੀਆ, ਜਪਾਨ ਅਤੇ ਆਸਟਰੇਲੀਆ ਜਿਹੇ ਮੁਲਕਾਂ ਨਾਲ ਇਸ ਦੀ ਘੇਰਾਬੰਦੀ ਕਰਨ ਵਿੱਚ ਵੀ ਕਿਸੇ ਹੱਦ ਤੱਕ ਸਫਲਤਾ ਹਾਸਲ ਕੀਤੀ ਹੈ। ਨਾਟੋ ਗੱਠਜੋੜ ਨੂੰ ਮੁੜ ਰਿਵਾਈਵ ਕੀਤਾ ਗਿਆ ਹੈ। ਵਾਤਾਵਰਣ ਅਤੇ ਕਲਾਈਮੇਟ ਚੇਂਜ ਦੇ ਮਾਮਲੇ ਵਿੱਚ ਹੋਏ ਤੇ ਹੋਣ ਵਾਲੇ ਸਮਝੌਤਿਆਂ ਅਤੇ ਵਾਰਤਾਵਾਂ ਵਿੱਚ ਅਮਰੀਕਾ ਦੀ ਮੁੜ ਸ਼ਮੂਲੀਅਤ ਕਰਵਾਈ ਗਈ ਹੈ। ਟਰੰਪ ਦਾ ਇਨ੍ਹਾਂ ਸਾਰੇ ਮਾਮਲਿਆਂ ਵਿੱਚ ਰਵੱਈਆ ਨਾਂਹ ਮੁਖੀ ਸੀ। ਇਸ ਨੁਕਤੇ ਤੋਂ ਦੋਹਾਂ ਪਾਰਟੀਆਂ ਵਿਚਕਾਰ ਮੱਤਭੇਦ ਇਸ ਵਾਰ ਦੀ ਚੋਣ ਸਮੇਂ ਬੁਨਿਆਦੀ ਕਿਸਮ ਦੇ ਹਨ; ਖਾਸ ਕਰਕੇ ਰੂਸ ਦੇ ਖਿਲਾਫ ਯੂਕਰੇਨ ਨੂੰ ਹਰ ਸਾਲ 40 ਅਰਬ ਕਰੋੜ ਦੀ ਮਦਦ ਦੇ ਮੁੱਦੇ 'ਤੇ। ਬਾਇਡਨ ਅਤੇ ਉਸ ਨਾਲ ਜੁੜੇ ਯੂਰਪੀਅਨ ਮੁਲਕਾਂ ਨੂੰ ਡਰ ਹੈ ਕਿ ਜੇ ਟਰੰਪ ਰਾਸ਼ਟਰਪਤੀ ਬਣ ਗਏ ਤਾਂ ਉਹ ਯੂਕਰੇਨ ਨੂੰ ਇਹ ਮਦਦ ਬੰਦ ਕਰ ਸਕਦੇ ਹਨ। ਇਸ ਨਾਲ ਰੂਸ ਦਾ ਹਮਲਾਵਰ ਰੁਖ ਹੋਰ ਤੇਜ਼ ਹੋ ਸਕਦਾ ਹੈ। ਇਸ ਸਥਿਤੀ ਵਿੱਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਹਿੱਤ ਇਸੇ ਵਿੱਚ ਹੋਣਗੇ ਕਿ ਬਾਇਡਨ ਦੀ ਥਾਂ ਰਾਸ਼ਟਰਪਤੀ ਦੀ ਚੋਣ ਟਰੰਪ ਜਿੱਤਣ। ਇਸ ਨਾਲ ਯੂਕਰੇਨ ਜੰਗ ਵਿੱਚ ਉਨ੍ਹਾਂ ਨੂੰ ਸਾਹ ਆ ਸਕਦਾ ਹੈ।

ਮੌਜੂਦਾ ਦੌਰ ਵਿੱਚ ਮੱਧ-ਪੂਰਬ ਵਿੱਚ ਇਜ਼ਰਾਇਲ ਦਾ ਫਲਿਸਤੀਨ 'ਤੇ ਤਬਾਹਕੁੰਨ ਹਮਲਾ, ਇਸ ਨੂੰ ਸਥਾਈ ਅਮਰੀਕੀ ਹਮਾਇਤ ਅਤੇ ਯੂਕਰੇਨ ਰੂਸ ਜੰਗ, ਦੋ ਇਹੋ ਜਿਹੀਆਂ ਘਟਨਾਵਾਂ ਹਨ, ਜੋ ਸੰਸਾਰ ਦੀਆਂ ਵੱਡੀਆਂ ਤਾਕਤਾਂ ਦਾ ਜੀਣ ਮਰਨ ਬਣੀਆਂ ਪਈਆਂ ਹਨ। ਇਹੋ ਜਿਹੀ ਹਾਲਤ ਵਿੱਚ ਟਰੰਪ 'ਤੇ ਹਮਲੇ ਦੇ ਤਾਰ ਕਿਸੇ ਨਾ ਕਿਸੇ ਸਿਆਸੀ ਗੁੱਟ ਜਾਂ ਪਾਰਟੀ ਨਾਲ ਵੀ ਜੁੜ ਸਕਦੇ ਹਨ, ਭਾਵੇਂ ਕਿ ਪ੍ਰਮੁੱਖ ਵਿਅਕਤੀ ਦੇ ਮਾਰੇ ਜਾਣ ਨਾਲ ਹੁਣ ਇਨ੍ਹਾਂ ਦੇ ਸਾਹਮਣੇ ਆਉਣ ਦੀ ਸੰਭਾਵਨਾ ਘੱਟ ਹੀ ਹੈ। ਇਸ ਤੋਂ ਇਲਾਵਾ ਇਸ ਘਟਨਾ ਦੇ ਸੰਬੰਧ ਅਮਰੀਕਾ ਦੀ ਆਪਣੀ ਅੰਦਰੂਨੀ ਸਿਆਸਤ ਨਾਲ ਵੀ ਹੋ ਸਕਦੇ ਹਨ, ਕਿਉਂਕਿ ਰਿਪਬਲਿਕਨ ਅਤੇ ਡੈਮੋਕਰੇਟਿਕ ਪਾਰਟੀ ਦੀਆਂ ਸਿਆਸੀ ਨੀਤੀਆਂ ਲਗਪਗ ਇੱਕ ਦੂਜੇ ਦੇ ਉਲਟ ਵਿਖਾਈ ਦਿੰਦੀਆਂ ਹਨ। ਇਸ ਨੂੰ ਸਿਰਫ ਮਾਨਸਿਕ ਵਿਕਰਤੀ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ। ਕੁਝ ਲੋਕ ਇਸ ਨੂੰ ਖੁਦ ਟਰੰਪ ਵੱਲੋਂ ਨਿਯੋਜਿਤ ਕੀਤਾ ਗਿਆ ਸਟੰਟ ਵੀ ਸਮਝਦੇ ਹਨ, ਤਾਂ ਕਿ ਲੋਕਾਂ ਦੀ ਹਮਦਰਦੀ ਜਿੱਤੀ ਜਾ ਸਕੇ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਰੰਪ 'ਤੇ ਹੋਏ ਹਮਲੇ ਦੀ ਨਿੰਦਾ ਕੀਤੀ ਹੈ। ਜਿੱਥੋਂ ਤੱਕ ਦੋਹਾਂ ਰਾਸ਼ਟਰਪਤੀਆਂ ਦੇ ਕਾਲ ਦਰਮਿਆਨ ਭਾਰਤ ਨਾਲ ਸੰਬੰਧਾਂ ਦਾ ਮਾਮਲਾ ਹੈ, ਇਸ ਬਾਰੇ ਕਿਹਾ ਜਾ ਸਕਦਾ ਹੈ ਕਿ ਬਾਇਡਨ ਕਾਲ ਵਿੱਚ ਭਾਰਤ ਅਤੇ ਅਮਰੀਕਾ ਵਿਚਕਾਰ ਜ਼ਿਆਦਾ ਮਹੱਤਵਪੂਰਨ ਸਮਝੌਤੇ ਹੋਏ ਹਨ। ਮਾਹਿਰਾਂ ਅਨੁਸਾਰ ਬਾਇਡਨ ਕਾਲ ਵਿੱਚ ਭਾਰਤ ਨਾਲ ਅਮਰੀਕਾ ਦਾ ਉੱਚ ਤਕਨਾਲੋਜੀ (ਇਮਰਜਿੰਗ ਟੈਕਨੌਲੋਜੀਜ਼) ਟਰਾਂਸਫਰ ਦਾ ਸਮਝੌਤਾ ਹੋਇਆ ਹੈ। ਇਸ ਤੋਂ ਇਲਾਵਾ ਭਾਰਤ ਵਿੱਚ ਸਾਂਝੇ ਤੌਰ 'ਤੇ ਜੈਟ ਇੰਜਣ ਬਣਾਉਣ ਬਾਰੇ ਵੀ ਸਹਿਮਤੀ ਬਣੀ; ਜਦੋਂਕਿ ਟਰੰਪ ਨੇ ਨਵੀਂ ਫੌਜੀ ਤਕਨੀਕ ਭਾਰਤ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਹਥਿਆਰ ਦੇਣ 'ਤੇ ਜ਼ੋਰ ਦਿੱਤਾ ਸੀ। ਭਾਰਤ ਦੇ ਪ੍ਰਧਾਨ ਮੰਤਰੀ ਨੇ ਪਿਛਲੇ ਵਰ੍ਹੇ ਅਮਰੀਕਾ ਦੀ ਫੇਰੀ ਨੂੰ ਸਟੇਟ ਵਿਜ਼ਿਟ ਦਾ ਦਰਜਾ ਦਿੱਤਾ। ਆਪਣੇ ਪਿਛਲੇ ਕਾਰਜਕਾਲ ਵਿੱਚ ਟਰੰਪ ਨੇ ਵਿਦੇਸ਼ ਨੀਤੀ, ਨਾਟੋ ਅਤੇ ਰੂਸ ਦੀਆਂ ਸਾਮਰਾਜੀ ਖਾਹਿਸ਼ਾਂ ਨੂੰ ਦਰਕਿਨਾਰ ਕਰਕੇ ਅਮਰੀਕਾ ਦੀ ਅੰਦਰੂਨੀ ਆਰਥਕਤਾ ਨੂੰ ਤਕੜੀ ਕਰਨ ਅਤੇ ਸਥਾਨਕ ਲੋਕਾਂ ਨੂੰ ਨੌਕਰੀਆਂ ਦੇਣ 'ਤੇ ਜ਼ੋਰ ਦਿੱਤਾ। ਇਸ ਵਿੱਚੋਂ ਹੀ ਉਨ੍ਹਾਂ ਦੀ ਇਮੀਗਰੇਸ਼ਨ ਦੇ ਵਿਰੋਧ ਵਿੱਚ ਨੀਤੀ ਨਿਕਲੀ। ਇਹ ਨੀਤੀ ਵੀ ਭਾਰਤੀਆਂ ਨੂੰ ਗਹਿਰੇ ਰੂਪ ਵਿੱਚ ਪ੍ਰਭਾਵਤ ਕਰਦੀ ਹੈ। ਭਾਰਤ ਵਿੱਚੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਮਰੀਕਾ ਵਿੱਚ ਪੜ੍ਹਨ ਲਈ ਜਾਂਦੇ ਹਨ। ਇਸੇ ਕਰਕੇ ਬਲੈਕ ਕਾਕਸ ਤੇ ਅਮਰੀਕੀ ਕਾਕਸ ਤੋਂ ਬਾਅਦ ਇੰਡੀਅਨ ਕਾਕਸ ਇੱਥੇ ਸਭ ਤੋਂ ਪ੍ਰਭਾਵੀ ਪ੍ਰੈਸ਼ਰ ਗਰੁੱਪ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਟਰੰਪ 'ਤੇ ਹਮਲਾ ਚੋਣਾਂ ਵਿੱਚ ਉਸ ਪ੍ਰਤੀ ਹਮਦਰਦੀ ਲਹਿਰ ਨੂੰ ਜਨਮ ਦੇਵੇਗਾ। ਇਸ ਨਾਲ ਪਹਿਲਾਂ ਹੀ ਪਛੜ ਰਹੇ ਬਾਇਡਨ ਦੇ ਹੋਰ ਪਛੜ ਜਾਣ ਦੀ ਸੰਭਾਵਨਾ ਬਣ ਸਕਦੀ ਹੈ।

# ਅਮਰੀਕਾ 'ਚ ਬੰਦੂਕ ਸਭਿਆਚਾਰ ਪਾਲਿਸੀ ਹਿੰਸਕ ਘਟਨਾਵਾਂ ਦੀ ਜ਼ਿੰਮੇਵਾਰ

ਭਖਦੇ ਮੁੱਦੇ



ਉਜਾਗਰ ਸਿੰਘ
ਫੋਨ: 91-9417813072

ਅਮਰੀਕਾ ਹਿੰਸਕ ਕਾਰਵਾਈਆਂ 'ਤੇ ਕਾਬੂ ਪਾਉਣ ਵਿੱਚ ਅਸਮਰੱਥ ਸਾਬਤ ਹੋ ਰਿਹਾ ਹੈ। ਅਮਰੀਕਾ ਨੂੰ ਦੁਨੀਆਂ ਦਾ ਸਭ ਤੋਂ ਜ਼ਿਆਦਾ ਵਿਕਸਤ ਤੇ ਖ਼ੁਸ਼ਹਾਲ ਦੇਸ਼ ਕਿਹਾ ਜਾਂਦਾ ਹੈ, ਪਰ ਮਹਿੰਗਾਈ ਅਤੇ ਬੇਰੋਜ਼ਗਾਰੀ ਨੇ ਲੋਕਾਂ ਦੇ ਨੱਕ ਵਿੱਚ ਦਮ ਲਿਆਂਦਾ ਪਿਆ ਹੈ। ਨੌਜਵਾਨ ਬੇਰੋਜ਼ਗਾਰੀ ਕਰਕੇ ਮਾਨਸਿਕ ਤਣਾਓ ਵਿੱਚ ਹਨ। ਇਸ ਕਰਕੇ ਉਥੋਂ ਦੇ ਸ਼ਹਿਰੀਆਂ ਵਿੱਚ ਅਸੰਤੁਸ਼ਟਤਾ ਹੈ, ਜਿਸ ਦੇ ਨਤੀਜੇ ਸਾਹਮਣੇ ਹਨ। ਤਾਜ਼ਾ ਘਟਨਾਕ੍ਰਮ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ 'ਤੇ ਕਾਤਲਾਨਾ ਹਮਲੇ ਦੀ ਹੈ। ਟਰੰਪ ਨੂੰ ਦਬੰਗ ਸਿਆਸਤਦਾਨ ਕਿਹਾ ਜਾਂਦਾ ਹੈ। ਉਹ 8 ਨਵੰਬਰ 2016 ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਚੁਣੇ ਗਏ ਸਨ। ਨਵੰਬਰ 2020 ਵਿੱਚ ਉਹ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਤੋਂ ਚੋਣ ਹਾਰ ਗਏ ਸਨ। ਚੋਣ ਹਾਰਨ ਤੋਂ ਬਾਅਦ ਉਨ੍ਹਾਂ ਨੇ ਜ਼ਬਰਦਸਤ ਇਕੱਠ ਕਰਕੇ ਬਾਇਡਨ ਦੀ ਚੋਣ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇੱਥੋਂ ਤੱਕ ਕਿ ਜ਼ਬਰਦਸਤੀ ਦਫ਼ਤਰ ਵਿੱਚ ਵੜਨ ਦੀ ਕੋਸ਼ਿਸ਼ ਕੀਤੀ ਸੀ।

ਅਮਰੀਕਾ ਦੇ ਕਾਨੂੰਨ ਬੰਦੂਕ ਸਭਿਆਚਾਰ ਨੂੰ ਉਤਸ਼ਾਹਤ ਕਰਦੇ ਹਨ, ਜਿਸ ਕਰਕੇ ਅਮਰੀਕਾ ਵਿੱਚ ਹਿੰਸਕ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਦੇਸ਼ ਦੇ 51 ਰਾਜਾਂ ਵਿੱਚੋਂ ਹਰ ਰੋਜ਼ ਹਿੰਸਕ ਘਟਨਾਵਾਂ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆ ਹਨ। ਸੰਸਾਰ ਵਿੱਚ ਜਿੰਨੀਆਂ ਵੀ ਦੇਸ਼ਾਂ ਦੀਆਂ ਆਪਸ ਵਿੱਚ ਖਹਿਬਾਜ਼ੀ ਕਰਕੇ ਜੰਗਾਂ ਹੁੰਦੀਆਂ ਹਨ ਤਾਂ ਅਮਰੀਕਾ ਇੱਕ ਪਾਸੇ ਖੜ੍ਹ ਜਾਂਦਾ ਹੈ। ਕਈ ਵਾਰ ਤਾਂ ਵੀਟੋ ਵਰਤ ਕੇ ਆਪਣੀ ਮਨਮਾਨੀ ਕਰਦਾ ਹੈ। ਅਮਰੀਕਾ ਵਿੱਚ ਨਸਲੀ ਵਿਤਕਰਿਆਂ ਵਿੱਚ ਵੀ ਵਾਧਾ ਹੋ ਰਿਹਾ ਹੈ, ਜਿਸ ਦਾ ਸੇਕ ਪੰਜਾਬੀਆਂ ਖਾਸ ਤੌਰ 'ਤੇ ਸਿੱਖਾਂ ਨੂੰ ਭੁਗਤਣਾ ਪੈ ਰਿਹਾ ਹੈ।

ਡੋਨਾਲਡ ਜੇ ਟਰੰਪ ਤੋਂ ਪਹਿਲਾਂ ਅਮਰੀਕਾ ਦੇ 11 ਰਾਸ਼ਟਰਪਤੀਆਂ 'ਤੇ ਕਾਤਲਾਨਾ ਹਮਲੇ ਹੋ ਚੁੱਕੇ ਹਨ। ਡੋਨਾਲਡ ਜੇ ਟਰੰਪ 12ਵੇਂ ਰਾਸ਼ਟਰਪਤੀ ਹਨ, ਜਿਨ੍ਹਾਂ 'ਤੇ ਕਾਤਲਾਨਾ ਹਮਲਾ ਹੋਇਆ ਹੈ। ਅਮਰੀਕਾ ਦੇ ਕਾਨੂੰਨ ਅਨੁਸਾਰ ਕੋਈ ਵੀ ਵਿਅਕਤੀ ਬੰਦੂਕ ਖਰੀਦ ਸਕਦਾ ਹੈ। ਡਰਾਇੰਗ ਰੂਮਜ਼ ਵਿੱਚ ਬੰਦੂਕਾਂ ਲਟਕਦੀਆਂ ਰਹਿੰਦੀਆਂ ਹਨ। ਇਸ ਕਰਕੇ ਹੀ ਲਗਪਗ ਹਰ ਰੋਜ਼ ਕਿਸੇ ਨਾ ਕਿਸੇ ਰਾਜ ਵਿੱਚ ਹਿੰਸਕ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ। ਵਾਸ਼ਿੰਗਟਨ ਦੇ ਬਰਮਿੰਗਮ ਸ਼ਹਿਰ ਵਿੱਚ ਜਿਸ ਦਿਨ ਡੋਨਲਡ ਟਰੰਪ ਤੇ ਹਮਲਾ ਹੋਇਆ, ਉਸੇ ਦਿਨ ਨਾਈਟ ਕਲੱਬ ਵਿੱਚ 4 ਵਿਅਕਤੀ ਅਤੇ ਇਕ ਹੋਰ ਥਾਂ ਤਿੰਨ ਵਿਅਕਤੀ ਵੱਖ-ਵੱਖ ਹਮਲਿਆਂ ਵਿੱਚ ਮਾਰੇ ਗਏ ਹਨ। ਇੱਥੋਂ ਤੱਕ ਕਿ ਸਕੂਲਾਂ ਦੇ ਵਿਦਿਆਰਥੀ ਆਪਣੇ ਅਧਿਆਪਕਾਂ ਅਤੇ ਸਾਥੀਆਂ ਨੂੰ ਸਕੂਲਾਂ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੰਦੇ ਹਨ। ਬੱਚਿਆਂ ਦੇ ਜਨਮ ਦਿਨ ਉਤੇ ਉਨ੍ਹਾਂ ਦੇ ਮਾਪੇ ਅਤੇ ਹੋਰ ਰਿਸ਼ਤੇਦਾਰ ਬੰਦੂਕਾਂ ਤੋਹਫ਼ੇ ਵਜੋਂ ਦਿੰਦੇ ਹਨ।

ਸਾਲ 2019 ਵਿੱਚ ਜਦੋਂ ਸਕੂਲਾਂ ਵਿੱਚ ਹੋਣ ਵਾਲੀਆਂ ਹਿੰਸਕ ਘਟਨਾਵਾਂ ਕਰਕੇ ਗੰਨ ਖਰੀਦਣ ਦੇ ਕਾਨੂੰਨ ਬਣਾਉਣ ਦੀ ਗੱਲ ਚਲੀ ਸੀ ਤਾਂ ਬੰਦੂਕ ਲਾਬੀ ਨੇ ਸਕੂਲਾਂ ਨੂੰ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੁਰੱਖਿਆ ਲਈ ਬੰਦੂਕਾਂ ਖਰੀਦਣ ਦੀ ਸਲਾਹ ਦਿੱਤੀ ਸੀ। ਅਮਰੀਕਾ ਦੀ ਬੰਦੂਕ ਲਾਬੀ ਇਤਨੀ ਭਾਰੂ ਹੈ, ਕੋਈ ਵੀ ਸਿਆਸੀ ਪਾਰਟੀ ਬੰਦੂਕ ਖਰੀਦਣ ਲਈ ਕਾਨੂੰਨ ਬਣਾਉਣ ਦੀ ਹਿੰਮਤ ਹੀ ਨਹੀਂ ਕਰਦੀ। ਹਾਲਾਂ ਕਿ ਉਨ੍ਹਾਂ ਦੇ ਦੇਸ਼ ਵਿੱਚ ਹਿੰਸਕ ਘਟਨਾਵਾਂ ਲਗਾਤਾਰ ਵਧੀ ਜਾ ਰਹੀਆਂ ਹਨ। ਟਰੰਪ ਉਪਰ ਕਾਤਲਾਨਾ ਹਮਲਾ ਕਰਨ ਵਾਲਾ 20 ਸਾਲਾ ਥਾਮਸ ਮੈਥਊ ਕਰੁਕਸ ਰਿਪਬਲਿਕਨ ਪਾਰਟੀ ਦਾ ਮੈਂਬਰ ਸੀ। ਗੋਲੀਆਂ ਚਲਣ ਨਾਲ ਰੈਲੀ ਵਿੱਚ ਸਨਸਨੀ ਫੈਲ ਗਈ, ਪਰ ਟਰੰਪ ਦੀ ਖ਼ੁਸ਼ਕਿਸਮਤੀ ਰਹੀ ਕਿ ਉਹ ਵਾਲ ਵਾਲ ਬਚ ਗਏ ਤੇ ਗੋਲੀ ਉਨ੍ਹਾਂ ਦੇ ਸੱਜੇ ਕੰਨ ਨੂੰ ਜ਼ਖ਼ਮੀ ਕਰਦੀ ਅੱਗੇ ਲੰਘ ਗਈ।

ਇਸ ਘਟਨਾ ਵਿੱਚ ਦੋ ਹੋਰ ਵਿਅਕਤੀ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਕੋਰੀ ਕੰਪੇਰਟੇਰ ਮਾਰਿਆ ਗਿਆ। ਕਾਤਲ ਦੀ ਕਾਰ ਵਿੱਚੋਂ ਵਿਸਫੋਟਕ ਪਦਾਰਥ ਬਰਾਮਦ ਹੋਇਆ ਹੈ। ਹਮਲਾਵਰ ਪੈਨਸਿਲਵੇਨੀਆ ਦੇ ਬੈਥਲ ਸ਼ਹਿਰ ਦਾ ਰਹਿਣ ਵਾਲਾ ਸੀ। ਹਮਲਾਵਰ ਨੇ 2022 ਵਿੱਚ ਬੈਥਲ ਪਾਰਕ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਸੀ ਅਤੇ ਕੌਮੀ ਗਣਿਤ ਤੇ ਸਾਇੰਸ ਦਾ 500 ਡਾਲਰ ਦਾ 'ਇਨੀਸ਼ੀਏਟਿਵ ਸਟਾਰ ਅਵਾਰਡ' ਹੋਰ ਵਿਦਿਆਰਥੀਆਂ ਨਾਲ ਪ੍ਰਾਪਤ ਕੀਤਾ ਸੀ। ਹਮਲਾ ਕਰਨ ਦੇ ਕਾਰਨਾਂ ਦੀ ਜਾਂਚ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਕਰ ਰਹੀ ਹੈ। 1981 ਵਿੱਚ ਰੋਨਲਡ ਰੀਗਨ 'ਤੇ ਹੋਏ ਹਮਲੇ ਤੋਂ 24 ਸਾਲ ਬਾਅਦ ਵੱਡੀ ਘਟਨਾ ਵਾਪਰੀ ਹੈ।

ਅਮਰੀਕਾ ਵਿੱਚ ਰਾਸ਼ਟਰਪਤੀ, ਸਾਬਕਾ ਰਾਸ਼ਟਰਪਤੀ ਅਤੇ ਰਾਸ਼ਟਰਪਤੀ ਦੇ ਉਮੀਦਵਾਰਾਂ 'ਤੇ ਹਮਲੇ ਹੋਣਾ ਕੋਈ ਨਵੀਂ ਗੱਲ ਨਹੀਂ ਹੈ। ਇਸ ਤੋਂ ਪਹਿਲਾਂ ਵੀ ਅਜਿਹੇ ਇੱਕ ਦਰਜਨ ਦੇ ਕਰੀਬ ਹਮਲੇ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਕੁਝ ਰਾਸ਼ਟਰਪਤੀ ਮਾਰੇ ਵੀ ਗਏ ਸਨ। ਸਭ ਤੋਂ ਪਹਿਲਾ ਹਮਲਾ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਅਬਰਾਹਿਮ ਲਿੰਕਨ 'ਤੇ 14 ਅਪ੍ਰੈਲ 1865 ਨੂੰ ਫੋਰਡ ਥੀਏਟਰ ਵਿੱਚ ਹੋਇਆ ਸੀ। ਇਹ ਹਮਲਾ ਜੌਹਨ ਵਿਲਕੀਸ ਬੂਥ ਨੇ ਅਬਰਾਹਿਮ ਲਿੰਕਨ ਵੱਲੋਂ ਕਾਲੇ ਲੋਕਾਂ ਦੇ ਹੱਕਾਂ ਦੀ ਸੁਪੋਰਟ ਕਰਨ ਕਰਕੇ ਕੀਤਾ ਸੀ, ਜਿਸ ਵਿੱਚ ਰਾਸ਼ਟਰਪਤੀ ਅਬਰਾਹਿਮ ਲਿੰਕਨ ਮਾਰੇ ਗਏ ਸਨ। ਕਾਤਲ ਵੀ 26 ਅਪ੍ਰੈਲ 1865 ਨੂੰ ਮਾਰਿਆ ਗਿਆ ਸੀ। ਜੇਮਜ਼ ਗੇਰਫੀਲਡ ਜੋ 20ਵੇਂ ਰਾਸ਼ਟਰਪਤੀ ਸਨ, ਉਨ੍ਹਾਂ ਉਪਰ 2 ਜੁਲਾਈ 1881 ਨੂੰ ਵਾਸ਼ਿੰਗਟਨ ਟਰੇਨ ਸਟੇਸ਼ਨ ਵਿਖੇ ਚਾਰਲਸ ਗੁਟੇਊ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਦੇ ਜ਼ਖ਼ਮਾਂ ਵਿੱਚ ਇਨਫੈਕਸ਼ਨ ਹੋਣ ਤੋਂ ਬਾਅਦ ਸਤੰਬਰ 1881 ਵਿੱਚ ਸਵਰਗ ਸਿਧਾਰ ਗਏ ਸਨ। 6 ਸਤੰਬਰ 1901 ਨੂੰ ਅਮਰੀਕਾ ਦੇ 25ਵੇਂ ਰਾਸ਼ਟਰਪਤੀ ਵਿਲੀਅਮ ਮੈਕਨਿਲੇ ਨਿਊ ਯਾਰਕ ਦੇ ਬੁਫੈਲੋ ਵਿਖੇ ਲਿਓਨ ਜੋਲਕੋਜ਼ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਚਾਰ ਦਿਨ ਬਾਅਦ ਸਵਰਗ ਸਿਧਾਰ ਗਏ ਸਨ। ਲਿਓਨ ਜੋਲਕੋਜ਼ ਨੂੰ 29 ਅਕਤੂਬਰ 1901 ਨੂੰ ਫ਼ਾਂਸੀ ਦਿੱਤੀ ਗਈ ਸੀ।

ਅਮਰੀਕਾ ਦੇ 32ਵੇਂ ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ 'ਤੇ ਫਰਵਰੀ 1933 ਵਿੱਚ ਗੈਸਪ ਜੰਗਾਰਾ ਨੇ ਹਮਲਾ ਕੀਤਾ ਸੀ, ਜਿਸ ਵਿੱਚ ਰਾਸ਼ਟਰਪਤੀ ਦੀ ਜਾਨ ਬਚ ਗਈ ਸੀ, ਪਰ ਮੇਅਰ ਐਨਟਨ ਸੀਮਕ ਮਾਰੇ ਗਏ ਸਨ। ਬਾਅਦ ਵਿੱਚ ਕਾਤਲ ਨੂੰ ਫਾਂਸੀ ਹੋ ਗਈ ਸੀ। ਅਮਰੀਕਾ ਦੇ 33ਵੇਂ ਰਾਸ਼ਟਰਪਤੀ ਹੈਰੀ ਐਸ. ਟਰੂਮੈਨ ਉਪਰ ਆਸਕਰ ਕਲਾਜ਼ੋ ਨੇ ਕਾਤਲਾਨਾ ਹਮਲਾ ਬਲੇਅਰ ਹਾਊਸ ਵਿਖੇ ਨਵੰਬਰ 1950 ਵਿੱਚ ਕੀਤਾ ਸੀ। ਇਸ ਹਮਲੇ ਵਿੱਚ ਰਾਸ਼ਟਰਪਤੀ ਬਚ ਗਏ ਸਨ। ਜੌਹਨ ਐਫ. ਕੈਨੇਡੀ 35ਵੇਂ ਰਾਸ਼ਟਰਪਤੀ 'ਤੇ 22 ਨਵੰਬਰ 1963 ਨੂੰ ਟੈਕਸਸ ਦੇ ਸ਼ਹਿਰ ਡੈਲਸ ਵਿੱਚ ਲੀ ਹਾਰਵੇ ਓਸਵਾਲਡ ਨੇ ਕਾਤਲਾਨਾ ਹਮਲਾ ਕੀਤਾ, ਜਿਸ ਵਿੱਚ ਰਾਸ਼ਟਰਪਤੀ ਮਾਰੇ ਗਏ ਸਨ। ਦੋ ਦਿਨ ਬਾਅਦ ਕਾਤਲ ਵੀ ਮਰ ਗਿਆ ਸੀ। 38ਵੇਂ ਰਾਸ਼ਟਰਪਤੀ ਗਰਾਲਡ ਫੋਰਡ ਉਪਰ 1975 ਵਿੱਚ ਦੋ ਵਾਰੀ ਹਮਲੇ ਹੋਏ। ਉਹ ਦੋਵੇਂ ਵਾਰੀ ਬਚ ਗਏ। ਇੱਕ ਵਾਰ ਲੀਨੇਟੇ ਫਰੌਮੀ ਅਤੇ ਦੂਜੀ ਵਾਰ ਸਾਰਾ ਜਾਨੇ ਮੂਰਾ ਨੇ ਹਮਲੇ ਕੀਤੇ ਸਨ।

ਅਮਰੀਕਾ ਦੇ 40ਵੇਂ ਰਾਸ਼ਟਰਪਤੀ ਰੋਨਾਲਡ ਰੀਗਨ 'ਤੇ 30 ਮਾਰਚ 1981 ਨੂੰ ਵਾਸ਼ਿੰਗਟਨ ਡੀ.ਸੀ. ਵਿਖੇ ਕਾਤਲਾਨਾ ਹਮਲਾ ਹੋਇਆ, ਪਰ ਉਹ ਵਾਲ ਵਾਲ ਬਚ ਗਏ ਸਨ। 43ਵੇਂ ਰਾਸ਼ਟਰਪਤੀ ਜੌਰਜ ਡਵਲਯੂ ਬੁਸ਼ 'ਤੇ ਜਾਰਜੀਆ ਦੇ ਟਬੀਲਿਸਟ ਸ਼ਹਿਰ ਵਿਖੇ 2005 ਵਿੱਚ ਗਰਨੇਡ ਸੁਟਿਆ ਗਿਆ, ਜਿਸ ਵਿੱਚ ਉਹ ਬਚ ਗਏ ਸਨ। ਕਾਤਲ ਨੂੰ ਉਮਰ ਕੈਦ ਦੀ ਸਜ਼ਾ ਹੋਈ। ਰਾਸ਼ਟਰਪਤੀ ਲਈ ਉਮੀਦਵਾਰਾਂ 'ਤੇ ਹੋਏ ਹਮਲਿਆਂ ਵਿੱਚ ਡੋਨਲਡ ਟਰੰਪ ਤੀਜਾ ਉਮੀਦਵਾਰ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਲਈ ਦੋ ਉਮੀਦਵਾਰਾਂ 'ਤੇ ਵੀ ਹਮਲੇ ਹੋ ਚੁੱਕੇ ਹਨ। ਇਨ੍ਹਾਂ ਵਿੱਚ ਰਾਸ਼ਟਰਪਤੀ ਦੇ ਉਮੀਦਵਾਰ ਥਿਓਡੋਰੇ ਰੂਜ਼ਵੈਲਟ ਉਪਰ 1912 ਵਿੱਚ ਮਿਲਵਾਕੀ ਵਿਖੇ ਹਮਲਾ ਹੋਇਆ, ਪਰ ਉਹ ਬਚ ਗਏ। ਦੂਜੇ ਉਮੀਦਵਾਰ ਰਾਬਰਟ ਐਫ. ਕੈਨੇਡੀ ਉਪਰ 5 ਜੂਨ 1968 ਨੂੰ ਲਾਸ ਏਂਜਲਸ ਵਿਖੇ ਕਾਤਲਾਨਾ ਹਮਲਾ ਹੋਇਆ, ਜਿਸ ਵਿੱਚ ਰਾਸ਼ਟਰਪਤੀ ਮਾਰੇ ਗਏ। 12 ਰਾਸ਼ਟਰਪਤੀਆਂ 'ਤੇ ਹੋਏ ਹਮਲਿਆਂ 'ਚ 5 ਰਾਸ਼ਟਰਪਤੀ ਮਾਰੇ ਗਏ ਸਨ ਅਤੇ 7 ਰਾਸ਼ਟਰਪਤੀ ਬਚ ਗਏ ਸਨ।

# 'ਪੰਜਾਬੀ ਪਰਵਾਜ਼ ਨਾਈਟ' ਨੂੰ ਭਾਈਚਾਰੇ ਵੱਲੋਂ ਭਰਵਾਂ ਹੁੰਗਾਰਾ

## *ਉਮਦਾ ਤਕਰੀਰਾਂ ਤੇ ਵਿਚਾਰਾਂ ਨਾਲ ਲਬਾਲਬ ਅਤੇ ਰੌਣਕ ਤੇ ਮਨੋਰੰਜਨ ਭਰਪੂਰ ਸਮਾਗਮ ਦੀ ਮਹਿਮਾਨਾਂ ਵੱਲੋਂ ਸ਼ਲਾਘਾ


**ਸ਼ਿਕਾਗੋ:** ਅਖਬਾਰ 'ਪੰਜਾਬੀ ਪਰਵਾਜ਼' ਵੱਲੋਂ ਇੱਕ ਸਾਲ ਦਾ ਸਫਰ ਮੁਕੰਮਲ ਕਰਨ 'ਤੇ ਮਨਾਈ ਗਈ ਪਹਿਲੀ 'ਪੰਜਾਬੀ ਪਰਵਾਜ਼ ਨਾਈਟ' ਨੂੰ ਭਾਈਚਾਰੇ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਇਸ ਮੌਕੇ ਹੋਈਆਂ ਉਮਦਾ ਤਕਰੀਰਾਂ ਤੇ ਵਿਚਾਰਾਂ ਨਾਲ ਲਬਾਲਬ ਅਤੇ ਰੌਣਕ ਤੇ ਮਨੋਰੰਜਨ ਭਰਪੂਰ ਸਮਾਗਮ ਦੀ ਦੂਰੋਂ-ਨੇੜਿਓਂ ਆਏ ਸਾਰੇ ਮਹਿਮਾਨਾਂ ਨੇ ਸ਼ਲਾਘਾ ਕੀਤੀ। ਮੀਡੀਆ ਖੇਤਰ ਵਿੱਚ 'ਪੰਜਾਬੀ ਪਰਵਾਜ਼' ਦੀ ਹੋਰ ਉਨਤੀ ਦੀ ਕਾਮਨਾ ਕਰਦਿਆਂ ਬੁਲਾਰਿਆਂ ਨੇ ਪ੍ਰਿੰਟ ਮੀਡੀਆ ਦੀ ਮਹੱਤਤਾ ਦੇ ਨਾਲ ਨਾਲ ਇਸ ਨੂੰ ਦਰਪੇਸ਼ ਚੁਣੌਤੀਆਂ ਉਤੇ ਚਰਚਾ ਕੀਤੀ। ਇਸ ਤੋਂ ਇਲਾਵਾ ਅੱਜ ਦੇ ਦੌਰ ਵਿੱਚ ਚਲਾਵੇਂ ਸੋਸ਼ਲ ਮੀਡੀਏ ਕਾਰਨ ਲੋਕਾਂ ਤੱਕ ਪਹੁੰਚ ਰਹੀ ਤੱਥਾਂ ਦੇ ਆਧਾਰ ਤੋਂ ਬਿਨਾ ਤੇ ਭੜਕਾਵੀਂ ਜਾਣਕਾਰੀ ਤੋਂ ਸੁਚੇਤ ਰਹਿਣ ਉਤੇ ਜ਼ੋਰ ਦਿੱਤਾ ਗਿਆ।



ਡਾ. ਗੁਰਇਕਬਾਲ ਸਿੰਘ ਨੰਦਰਾ



ਸਰਵਣ ਸਿੰਘ ਟਿਵਾਣਾ



ਦਵਿੰਦਰ ਸਿੰਘ ਰੰਗੀ



ਅੰਮ੍ਰਿਤਪਾਲ ਸਿੰਘ ਗਿੱਲ



ਬੇਅੰਤ ਸਿੰਘ ਬੋਪਾਰਾਏ



ਅਮਰੀਕ ਸਿੰਘ ਸ਼ਿਕਾਗੋ



ਮਨਜੀਤ ਸਿੰਘ ਗਿੱਲ

ਇਸ ਮੌਕੇ ਬੋਲਦਿਆਂ ਇੰਡੀਆਨਾ ਤੋਂ ਆਏ ਸ. ਸਰਵਣ ਸਿੰਘ ਟਿਵਾਣਾ ਨੇ ਕਿਹਾ ਕਿ ਅੱਜ ਜਿਹੜੇ ਮਹਿਮਾਨ ਇਕੱਤਰ ਹੋਏ ਹਨ, ਸਾਨੂੰ ਪਤਾ ਹੈ ਕਿ ਅਸੀਂ ਪਰੇਦਸਾਂ ਵਿੱਚ ਕਿਹੜੀ ਜ਼ਿੰਦਗੀ ਹੰਢਾਈ ਹੈ! ਰੋਜ਼ੀ-ਰੋਟੀ ਲਈ ਪਰਵਾਸ ਕਰਨਾ, ਆਪਣੇ ਪਿਛਲੇ ਪਰਿਵਾਰਾਂ ਦੇ ਚੰਗੇ ਭਵਿੱਖ ਤੇ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਮਿਹਨਤ ਕਰਨੀ ਅਤੇ ਵਿਦੇਸ਼ਾਂ ਵਿੱਚ ਆਪਣੀ ਮਿੱਟੀ ਨੂੰ ਯਾਦ ਰੱਖਣਾ ਤੇ ਆਪਣੇ ਪਰਿਵਾਰਾਂ ਨਾਲੋਂ ਟੁੱਟ ਕੇ ਇੱਥੇ ਰਹਿਣਾ ਐਨਾ ਸੁਖਾਲਾ ਨਹੀਂ ਹੈ। ਉਨ੍ਹਾਂ ਇਹ ਸਤਰਾਂ 'ਪਰਦੇਸੀ ਪੁੱਤ ਪੂੰਝਦੇ ਅੱਖਾਂ ਪੌਂਡਾਂ ਦੇ ਨਾਲ, ਕਬਰਾਂ ਵਿੱਚ ਸੁੱਤੀਆਂ ਮਾਵਾਂ ਨੂੰ ਯਾਦ ਕਰ ਕੇ' ਪੜ੍ਹਦਿਆਂ ਦੱਸਿਆ ਕਿ ਪਿਛਲੇ ਦਿਨੀਂ ਮੈਂ 'ਪੰਜਾਬੀ ਟ੍ਰਿਬਿਊਨ' ਪੜ੍ਹ ਰਿਹਾ ਸੀ, ਉਸ 'ਚ ਕੁਲਜੀਤ ਦਿਆਲਪੁਰੀ ਦਾ ਲੇਖ ਛਪਿਆ ਸੀ; ਉਹ ਪੜ੍ਹ ਕੇ ਮੇਰੀਆਂ ਵੀ ਅੱਖਾਂ ਨਮ ਹੋ ਗਈਆਂ ਸਨ। ਲੇਖ ਵਿੱਚ ਜੋ ਦਿਆਲਪੁਰੀ ਨੇ ਲਿਖਿਆ ਹੈ, ਉਹ ਵਿਦੇਸ਼ਾਂ ਵਿੱਚ ਵੱਸਦੇ ਸਾਡੇ ਸਾਰਿਆਂ ਦੀ ਕਹਾਣੀ ਸੀ। ਅਸੀਂ ਮਾਵਾਂ ਤੋਂ ਦੂਰ ਹੋ ਗਏ ਹਾਂ ਤੇ ਮਾਂ ਦਾ ਵਿਛੋੜਾ, ਧਰਤੀ ਦਾ ਵਿਛੋੜਾ ਜਰਨਾ ਬੜਾ ਔਖਾ ਹੁੰਦਾ ਹੈ। ਸ. ਟਿਵਾਣਾ ਵੱਲੋਂ ਵਿਛੜ ਗਈਆਂ ਸਾਰੀਆਂ ਮਾਵਾਂ ਨੂੰ ਸ਼ਰਧਾਂਜਲੀ ਦੇਣ ਲਈ ਕਹਿਣ ਮਗਰੋਂ ਹਾਜ਼ਰੀਨ ਨੇ ਖੜ੍ਹੇ ਹੋ ਮੌਨ ਧਾਰ ਕੇ ਸ਼ਰਧਾ ਭੇਟ ਕੀਤੀ।

ਤਕਰੀਰ ਜਾਰੀ ਰੱਖਦਿਆਂ ਸ. ਟਿਵਾਣਾ ਨੇ ਕਿਹਾ ਕਿ ਜਿਨ੍ਹਾਂ ਕੌਮਾਂ ਵਿੱਚ ਬੋਲੀ/ਭਾਸ਼ਾ ਖਤਮ ਹੋ ਜਾਂਦੀ ਹੈ, ਉਹ ਕੌਮਾਂ ਆਪਣੇ ਆਪ ਮਰ ਜਾਂਦੀਆਂ ਹਨ। ਬੇਸ਼ਕ ਕੌਮ ਹੋਰ ਕਿੰਨੀਆਂ ਤਰੱਕੀਆਂ ਕਰ ਲਵੇ ਜਾਂ ਸੰਘਰਸ਼ ਲੜ ਲਵੇ, ਪਰ ਆਪਣੀ ਬੋਲੀ ਤੋਂ ਬਿਨਾ ਜਿਉਂਦੀ ਨਹੀਂ ਰਹਿ ਸਕਦੀ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਅਤੇ ਉਸ ਤੋਂ ਪਹਿਲਾਂ ਤੇ ਬਾਅਦ ਵਿੱਚ ਜੇ ਅੱਜ ਤੱਕ ਅਸੀਂ ਪੰਜਾਬੀ ਬੋਲੀ ਨਾਲ ਜੁੜੇ ਹੋਏ ਹਾਂ, ਤਾਂ ਇਹ ਵੱਡੇ ਵੱਡੇ ਲੇਖਕਾਂ/ਕਵੀਆਂ ਦੀ ਹੀ ਦੇਣ ਹੈ। ਗੁਰੂ ਨਾਨਕ ਦੇਵ ਜੀ ਨੇ ਜੋ ਲੜਾਈ ਲੜੀ ਹੈ, ਉਹ ਹਥਿਆਰਾਂ ਨਾਲ ਨਹੀਂ ਸਗੋਂ ਆਪਣੇ ਵਿਚਾਰਾਂ ਨੂੰ ਗੁਰਬਾਣੀ ਦੇ ਲਿਖਤੀ ਰੂਪ ਵਿੱਚ ਢਾਲ ਕੇ ਲੋਕਾਂ ਨੂੰ ਚੇਤੰਨ ਕੀਤਾ। ਉਨ੍ਹਾਂ ਕਿਹਾ ਕਿ ਇਤਿਹਾਸ ਇਕੱਲਾ ਯਾਦ ਰੱਖਣਾ ਜ਼ਰੂਰੀ ਨਹੀਂ, ਸਗੋਂ ਉਸ 'ਤੇ ਪਹਿਰਾ ਦੇਣ ਦੀ ਵੀ ਲੋੜ ਪੈਂਦੀ ਹੈ।

ਸ. ਟਿਵਾਣਾ ਨੇ ਕਿਹਾ ਕਿ ਜਦੋਂ ਦੇਸ਼ ਦੀ ਆਜ਼ਾਦੀ ਦੀ ਅਮੈਰਿਕਾ ਤੋਂ ਗੱਲ ਹੋਈ ਤਾਂ ਲੋਕਾਂ ਨੂੰ ਜਾਗਰੂਕ ਕਰਨ ਲਈ ਗਦਰੀ ਬਾਬਿਆਂ ਵੱਲੋਂ ਵੀ ਅਖਬਾਰ ਸ਼ੁਰੂ ਕੀਤਾ ਗਿਆ ਸੀ, ਜਿਸ ਨੇ ਆਪਣੀ ਆਵਾਜ਼ ਦੁਨੀਆਂ ਤੱਕ ਪਹੁੰਚਾਈ ਸੀ ਅਤੇ ਲੋਕਾਂ ਵਿੱਚ ਦੇਸ਼ ਦੀ ਆਜ਼ਾਦੀ ਪ੍ਰਤੀ ਚਿਣਗ ਲਾਈ ਸੀ। ਉਨ੍ਹਾਂ ਦੱਸਿਆ ਕਿ ਪਹਿਲ ਪਲੱਕੜਿਆਂ ਵਿੱਚ ਅਮਰੀਕਾ ਵਿੱਚ ਪੰਜਾਬੀ ਜਾਂ ਹਿੰਦੀ ਦੀ ਕੋਈ ਅਖਬਾਰ ਨਹੀਂ ਸੀ ਮਿਲਦੀ, ਸਗੋਂ ਭਾਰਤੀ ਕੌਂਸਲੇਟ ਵਿੱਚ ਇੰਡੀਆ ਤੋਂ ਆਉਂਦੇ ਅਖਬਾਰ ਹੀ ਪੜ੍ਹਨ ਨੂੰ ਮਿਲਦੇ ਸਨ। ਜਿਉਂ ਜਿਉਂ ਪੰਜਾਬੀ ਭਾਈਚਾਰਾ ਵਿਦੇਸ਼ਾਂ ਵਿੱਚ ਵਧਦਾ ਗਿਆ, ਸਾਨੂੰ ਆਪਣੇ ਮੀਡੀਏ ਦੀ ਲੋੜ ਮਹਿਸੂਸ ਹੁੰਦੀ ਗਈ-ਭਾਵੇਂ ਉਹ ਅਖਬਾਰ ਹੋਣ, ਮੈਗਜ਼ੀਨ ਹੋਣ; ਰੇਡੀਓ ਜਾਂ ਟੀ.ਵੀ. ਚੈਨਲ ਹੋਣ। ਬਾਅਦ ਵਿੱਚ ਕੁਝ ਮੈਗਜ਼ੀਨ ਸ਼ੁਰੂ ਹੋ ਗਏ, ਜੋ ਮਹੀਨੇ ਪਿੱਛੋਂ ਛਪਦੇ ਸਨ। ਸਮੇਂ ਦੇ ਨਾਲ ਅਖਬਾਰ ਪੰਦਰਵਾੜਾ ਜਾਂ ਹਫਤਾਵਾਰੀ ਹੋ ਗਏ; ਕੈਨੇਡਾ ਵਿੱਚ ਕੁਝ ਥਾਵਾਂ 'ਤੇ ਰੋਜ਼ਾਨਾ ਅਖਬਾਰ ਵੀ ਛਪਦੇ ਹਨ।




ਮੁੱਖ ਮਹਿਮਾਨ ਡਾ. ਗੁਰਇਕਬਾਲ ਸਿੰਘ ਨੰਦਰਾ ਦਾ ਸਨਮਾਨ ਕਰਦੇ ਹੋਏ 'ਪੰਜਾਬੀ ਪਰਵਾਜ਼' ਦੇ ਬੋਰਡ ਮੈਂਬਰ

ਉਨ੍ਹਾਂ ਕਿਹਾ ਕਿ ਅਖਬਾਰ ਕੱਢਣੇ ਜਾਂ ਮੀਡੀਏ ਨੂੰ ਲੋਕਾਂ ਤੱਕ ਲੈ ਕੇ ਜਾਣਾ ਕੋਈ ਸੌਖਾ ਕੰਮ ਨਹੀਂ ਹੈ। ਹੁਣ ਚੁਣੌਤੀਆਂ ਵਧ ਗਈਆਂ ਹਨ ਅਤੇ ਸਾਡੀ ਅਜੋਕੀ ਪੀੜ੍ਹੀ ਵੱਖਰੀ ਕਿਸਮ ਦਾ ਮੀਡੀਆ ਭਾਲਦੀ ਹੈ; ਪਰ ਉਨ੍ਹਾਂ ਨਾਲ ਹੀ ਕਿਹਾ ਕਿ ਜੇ ਵਿਦੇਸ਼ਾਂ ਵਿੱਚ ਆਪਣੇ ਸਭਿਆਚਾਰ ਤੇ ਬੋਲੀ ਨੂੰ ਅੱਗੇ ਵਧਾਉਣਾ ਹੈ ਅਤੇ ਜੇ ਅਸੀਂ ਚਾਹੁੰਦੇ ਹਾਂ ਕਿ ਇੱਥੇ ਜੰਮੇ-ਪਲ਼ੇ ਪੰਜਾਬੀ ਕੌਮ ਦੇ ਬੱਚੇ ਸਾਡੇ ਪਿਛੋਕੜ/ਪੰਜਾਬ ਨਾਲ ਜੁੜੇ ਰਹਿਣ ਤਾਂ ਸਾਨੂੰ ਆਪਣੇ ਮੀਡੀਏ ਦੀ ਮਹੱਤਤਾ ਨੂੰ ਸਮਝਣਾ ਪਵੇਗਾ। ਇਸ ਮੌਕੇ ਉਨ੍ਹਾਂ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਕਰੋਨਾ ਸਮੇਂ ਕਈ ਅਖਬਾਰਾਂ ਨੂੰ ਕਾਫੀ ਢਾਹ ਲੱਗੀ ਹੈ ਤੇ ਕੁਝ ਤਾਂ ਛਪਣੇ ਬੰਦ ਵੀ ਹੋ ਗਏ ਹਨ। ਦੂਜਾ, ਈ-ਪੇਪਰਾਂ ਨੇ ਪ੍ਰਿੰਟ ਮੀਡੀਆ 'ਤੇ ਅਸਰ ਪਾਇਆ ਹੈ। ਸੋਸ਼ਲ ਮੀਡੀਏ ਕਾਰਨ ਸਥਿਤੀ ਇਹ ਹੋ ਗਈ ਹੈ ਕਿ ਮੀਡੀਏ ਦਾ ਮਿਆਰ ਡਿੱਗਦਾ ਜਾ ਰਿਹਾ ਹੈ।

ਸ. ਟਿਵਾਣਾ ਨੇ ਕਿਹਾ ਕਿ ਮੀਡੀਆ ਖੇਤਰ ਵਿੱਚ ਹੁਣ ਇਸ ਕਦਰ ਸਮੱਸਿਆਵਾਂ ਦਰਪੇਸ਼ ਹਨ ਕਿ ਉਨ੍ਹਾਂ ਨਾਲ ਕਿਸ ਤਰ੍ਹਾਂ ਨਜਿੱਠਦੇ ਹਾਂ, ਇਹ ਅਸੀਂ ਹੀ ਜਾਣਦੇ ਹਾਂ। ਜ਼ਿਕਰਯੋਗ ਹੈ ਕਿ ਸ. ਟਿਵਾਣਾ ਮੀਡੀਆ ਨਾਲ ਜੁੜੇ ਹੋਏ ਹਨ ਅਤੇ ਪਿਛਲੇ ਕਰੀਬ 13 ਸਾਲਾਂ ਤੋਂ 'ਰੇਡੀਓ ਚੰਨ ਪਰਦੇਸੀ' ਚਲਾ ਰਹੇ ਹਨ। ਇਸ ਮੌਕੇ ਉਨ੍ਹਾਂ ਸ਼ਿਕਾਗਲੈਂਡ ਤੇ ਨੇੜਲੀਆਂ ਸਟੇਟਾਂ ਦੀਆਂ ਸੰਸਥਾਵਾਂ ਦਾ ਵੀ ਜ਼ਿਕਰ ਕੀਤਾ ਕਿ ਉਹ ਆਪਣੇ ਸੱਭਿਆਚਾਰ, ਖੇਡਾਂ ਤੇ ਧਾਰਮਿਕ ਵਿਰਾਸਤ ਨੂੰ ਪ੍ਰਫੁਲਤ ਕਰਨ ਲਈ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ 'ਪੰਜਾਬੀ ਪਰਵਾਜ਼' ਨੇ ਇੱਕ ਸਾਲ ਵਿੱਚ ਉਹ ਮਿਆਰ ਕਾਇਮ ਕੀਤਾ ਹੈ, ਜਿਸ ਲਈ ਕੁਝ ਅਖਬਾਰਾਂ ਨੂੰ ਦਸ-ਦਸ ਸਾਲ ਦਾ ਸਮਾਂ ਲੱਗਾ ਹੈ। ਉਨ੍ਹਾਂ ਅਖਬਾਰ ਨਾਲ ਜੁੜੇ ਪੱਤਰਕਾਰ ਜਸਵੀਰ ਸਿੰਘ ਸ਼ੀਰੀ ਅਤੇ ਹੋਰ ਲੇਖਕਾਂ ਦਾ ਹਵਾਲਾ ਵੀ ਦਿੱਤਾ।

ਸਮਾਗਮ ਦੇ ਮੁੱਖ ਮਹਿਮਾਨ ਡਾ. ਗੁਰਇਕਬਾਲ ਸਿੰਘ ਨੰਦਰਾ ਦੀ ਗੱਲ ਕਰਦਿਆਂ ਸ. ਟਿਵਾਣਾ ਨੇ ਕਿਹਾ ਕਿ ਉਨ੍ਹਾਂ ਦਾ ਅਮਰੀਕਾ ਵਿੱਚ ਵੱਡਾ ਨਾਂ ਹੈ ਅਤੇ 'ਪੰਜਾਬੀ ਪਰਵਾਜ਼' ਵਿੱਚ ਡਾ. ਨੰਦਰਾ ਬਾਰੇ ਪੜ੍ਹ ਕੇ ਹੀ ਸਾਨੂੰ ਜਾਣਕਾਰੀ ਪ੍ਰਾਪਤ ਹੋਈ। ਉਨ੍ਹਾਂ ਵਿਸ਼ੇਸ਼ ਮਹਿਮਾਨ ਬਿਜਨਸਮੈਨ ਲਖਬੀਰ ਸਿੰਘ ਢੀਂਡਸਾ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਹ ਅਖਬਾਰ ਹੀ ਹਨ, ਜੋ ਸਾਨੂੰ ਆਪਣੇ ਭਾਈਚਾਰੇ ਦੇ ਰੂਬਰੂ ਕਰਵਾਉਂਦੇ ਹਨ, ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਇਨ੍ਹਾਂ ਵਾਂਗੂੰ ਅੱਗੇ ਵਧ ਸਕੇ। ਉਨ੍ਹਾਂ 'ਪੰਜਾਬੀ ਪਰਵਾਜ਼' ਨੂੰ ਸੁਝਾਅ ਦਿੱਤਾ ਕਿ ਆਪਣੇ ਭਾਈਚਾਰੇ ਦੇ ਉਨ੍ਹਾਂ ਹੋਰ ਲੋਕਾਂ ਬਾਰੇ ਵੀ ਲੇਖ ਲਿਖੇ ਜਾਣ, ਜਿਨ੍ਹਾਂ ਨੇ ਵਿਦੇਸ਼ ਵਿੱਚ ਤਰੱਕੀਆਂ ਕੀਤੀਆਂ ਹਨ। ਉਨ੍ਹਾਂ ਭਾਈਚਾਰੇ ਨੂੰ ਅਪੀਲ ਕੀਤੀ ਕਿ ਹਾਲ ਦੀ ਘੜੀ 'ਪੰਜਾਬੀ ਪਰਵਾਜ਼' ਹਰ ਪੰਦਰੀਂ ਦਿਨੀਂ ਛਪਦਾ ਹੈ, ਕੋਸ਼ਿਸ਼ ਕਰੋ ਕਿ ਇਹ ਹਰ ਹਫਤੇ ਤੁਹਾਡੇ ਤੱਕ ਪਹੁੰਚੇ। ਆਪਣੀ ਤਕਰੀਰ ਦੇ ਅਖੀਰ ਵਿੱਚ ਉਨ੍ਹਾਂ ਆਏ ਮਹਿਮਾਨਾਂ ਨੂੰ ਅਖਬਾਰ ਦੀ ਵੱਧ ਤੋਂ ਵੱਧ ਵਿੱਤੀ ਮਦਾਦ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਬੋਲਦਿਆਂ ਭਾਈਚਾਰੇ ਦੇ ਜਾਣੇ-ਪਛਾਣੇ ਸੱਜਣ ਸ. ਦਵਿੰਦਰ ਸਿੰਘ ਰੰਗੀ ਨੇ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਸ਼ਿਕਾਗੋ ਵਿੱਚ ਇੱਕ ਨਵਾਂ ਅਖਬਾਰ ਆਇਆ ਹੈ। ਉਨ੍ਹਾਂ ਕਿਹਾ ਕਿ ਭਾਈਚਾਰੇ ਦਾ ਮੀਡੀਆ ਜਿੰਨਾ ਮਜਬੂਤ ਹੋਵੇਗਾ, ਅਸੀਂ ਆਪਣੀ ਗੱਲ ਕਹਿੰਦੇ ਰਹਾਂਗੇ ਤੇ ਆਪਣੇ ਵਿਰਸੇ ਨਾਲ ਜੁੜੇ ਰਹਾਂਗੇ। ਉਨ੍ਹਾਂ ਕਿਹਾ ਕਿ ਛਪਣ ਵਾਲੀ ਵਧੀਆ ਸਮੱਗਰੀ ਲਈ ਅਖਬਾਰ ਕੋਸ਼ਿਸ਼ਾਂ ਕਰਦੇ ਹਨ ਅਤੇ ਸਾਡੇ ਤੱਕ ਪਹੁੰਚਾਉਂਦੇ ਹਨ; ਕਿਉਂਕਿ ਮੀਡੀਏ ਜ਼ਰੀਏ ਸਾਡਾ ਆਪਸੀ ਭਾਈਚਾਰਕ ਸੰਪਰਕ ਬਣਿਆ ਰਹਿੰਦਾ ਹੈ, ਇਸ ਲਈ ਚਾਹੀਦਾ ਹੈ ਕਿ ਸਾਡਾ ਆਪਣਾ ਮੀਡੀਆ ਮਜਬੂਤ ਹੋਵੇ ਅਤੇ ਅਸੀਂ ਰੀਡਰ ਦੇ ਨਾਲ ਨਾਲ ਲੀਡਰ ਵੀ ਬਣੀਏ ਤੇ ਸਥਾਨਕ ਰਾਜਨੀਤੀ ਵਿੱਚ ਵਿਚਰੀਏ।

ਸ. ਰੰਗੀ ਨੇ ਇੰਗਲੈਂਡ ਦੀ ਸਿਆਸਤ ਵਿੱਚ ਪੰਜਾਬੀ ਭਾਈਚਾਰੇ ਦੇ ਹਵਾਲੇ ਨਾਲ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਉਥੇ ਆਪਣੇ ਭਾਈਚਾਰੇ ਦੇ ਲੋਕ ਅੱਗੇ ਆਏ ਹਨ ਅਤੇ ਉਹ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਆਪਣੀ ਆਵਾਜ਼ ਬੁਲੰਦ ਕਰਨਗੇ। ਕੈਨੇਡਾ ਵਿੱਚ ਵੀ ਪੰਜਾਬੀ ਲੋਕ ਸਿਆਸਤ ਤੇ ਪੰਜਾਬੀ ਮੀਡੀਏ ਜ਼ਰੀਏ ਸਰਗਰਮ ਹਨ, ਪਰ ਇੱਥੇ ਹਾਲੇ ਇੰਨੇ ਨਹੀਂ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਇੱਥੇ ਵੀ ਵੱਧ ਸਰਗਰਮ ਹੋਈਏ ਅਤੇ ਆਪਣੇ ਮੀਡੀਏ ਰਾਹੀਂ ਭਾਈਚਾਰੇ ਦੀ ਗੱਲ ਰੱਖਦੇ ਰਹੀਏ। ਉਨ੍ਹਾਂ ਅਖਬਾਰ ਦੇ ਬੋਰਡ ਮੈਂਬਰਾਂ ਤੇ ਸਪਾਂਸਰਾਂ ਦਾ ਵਿੱਤੀ ਸਹਿਯੋਗ ਅਤੇ ਸਲਾਹ-ਮਸ਼ਵਰੇ ਲਈ ਉਚੇਚਾ ਧੰਨਵਾਦ ਕੀਤਾ।

ਉਪਰੰਤ ਸ਼ਿਕਾਗੋ ਦੀ ਉਘੀ ਸ਼ਖਸੀਅਤ ਸ. ਅਮਰੀਕ ਸਿੰਘ ਨੇ ਵੱਡੀ ਗਿਣਤੀ ਵਿੱਚ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿਹੜੀ ਰੌਣਕ ਲੱਗੀ ਹੈ, ਇੱਥੋਂ ਤੱਕ ਪਹੁੰਚਣ ਲਈ ਕੁਲਜੀਤ ਸਿੰਘ ਨੂੰ ਜੋ ਸਮਾਂ ਲੱਗਾ, ਉਹਦੇ ਲਈ ਉਸ ਨੇ ਬਹੁਤ ਮਿਹਨਤ ਕੀਤੀ ਹੈ। ਪਹਿਲੀ 'ਪੰਜਾਬੀ ਪਰਵਾਜ਼ ਨਾਈਟ' ਪ੍ਰਤੀ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਿਆਂ ਉਨ੍ਹਾਂ ਇਹ ਸਤਰਾਂ ਤਰੰਨਮ ਵਿੱਚ ਪੜ੍ਹੀਆਂ:




ਗਾਇਕਾ ਪੂਜਾ ਧਾਲੀਵਾਲ, ਅਵਨੀ ਸਿੰਘ ਤੇ ਹਰਲੀਨ ਔਜਲਾ ਦੇ ਸਨਮਾਨ ਸਮੇਂ




ਗਾਇਕ ਰੈਵ ਇੰਦਰ ਦਾ ਸਨਮਾਨ ਕਰਦੇ ਹੋਏ ਬੋਰਡ ਮੈਂਬਰ




ਵਿਸ਼ੇਸ਼ ਮਹਿਮਾਨ ਲਖਬੀਰ ਸਿੰਘ ਢੀਂਡਸਾ ਦਾ ਸਨਮਾਨ ਕਰਦਿਆਂ




ਡਾ. ਹਰਬੰਸ ਕੌਰ ਦਿਓਲ ਨੂੰ ਪ੍ਰਸ਼ੰਸਾ ਲਈ ਸਨਮਾਨ ਚਿੰਨ੍ਹ ਭੇਟ ਕਰਦਿਆਂ

ਥੱਕ ਟੁੱਟ ਕੇ ਜਦ ਮੈਂ ਸੌਂ ਗਿਆ ਸੀ
ਤਦ ਦੂਰੋਂ ਕੰਨੀਂ ਪਈ ਆਵਾਜ਼
ਚਲ ਹੰਭਲਾ ਮਾਰ ਕੇ ਉੱਠ ਜਾਹ
ਤੇਰੀ ਰਾਹ ਤੱਕੇ 'ਪੰਜਾਬੀ ਪਰਵਾਜ਼'
ਫਿਰ ਯਾਰੋ ਮੈਂ ਅੱਖਾਂ ਮਲ਼ਦਾ ਉਠਿਆ
ਮਾਰੀ ਚਾਰੇ ਪਾਸੇ ਸੋਚਾਂ ਦੀ ਇੱਕ ਉਡਾਰੀ
ਤੁਸੀਂ ਸਾਰੇ ਮੇਰੇ ਨਾਲ ਆ ਕੇ ਖੜ੍ਹ ਗਏ
ਇੰਜ ਹੋ ਗਿਆ ਸਾਲ ਪਹਿਲੇ ਦਾ ਆਗਾਜ਼,
ਪੰਜਾਬੀ ਲੋਕਾਂ ਲਈ ਸ਼ੁਰੂ ਹੋ ਗਈ
'ਪੰਜਾਬੀ ਪਰਵਾਜ਼', ਇਹ 'ਪੰਜਾਬੀ ਪਰਵਾਜ਼।'

ਵਿਸਕਾਨਸਿਨ ਤੋਂ ਆਏ ਨਾਮੀ ਬਿਜਨਸਮੈਨ ਸ. ਅੰਮ੍ਰਿਤਪਾਲ ਸਿੰਘ ਗਿੱਲ ਨੇ ਕਿਹਾ ਕਿ ਜਿਸ ਤਰੀਕੇ ਨਾਲ ਅਖਬਾਰ ਦਾ ਸਮਾਗਮ ਜੁੜਿਆ ਹੈ, ਅੱਜ ਦਾ ਦਿਨ ਖਾਸ ਹੋ ਗਿਆ ਹੈ। ਖੁਸ਼ੀ ਦੀ ਗੱਲ ਹੈ ਕਿ ਤੁਸੀਂ ਇੰਨਾ ਹੁੰਗਾਰਾ ਭਰਿਆ। ਉਨ੍ਹਾਂ ਕਿਹਾ ਕਿ ਜਦੋਂ ਕੋਈ ਵੀ ਬੰਦਾ ਜਾਂ ਸੰਸਥਾ ਕੰਮ ਕਰਦੇ ਹਨ ਤਾਂ ਲੋਕਾਂ ਦਾ ਹੌਸਲਾ ਉਨ੍ਹਾਂ ਨੂੰ ਹੋਰ ਵਧੀਆ ਕੰਮ ਕਰਨ ਵਾਸਤੇ ਉਤਸ਼ਾਹਿਤ ਕਰਦਾ ਹੈ। ਉਨ੍ਹਾਂ ਆਪਣੇ ਤਜਰਬੇ 'ਚੋਂ ਮੀਡੀਏ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਆਪਣੇ ਵਿਦਿਆਰਥੀ ਜੀਵਨ ਦੀ ਗੱਲ ਸਾਂਝੀ ਕੀਤੀ ਕਿ ਉਨ੍ਹੀਂ ਦਿਨੀਂ ਮਨੋਜ ਕੁਮਾਰ ਦੀ ਮੂਵੀ 'ਕ੍ਰਾਂਤੀ' ਆਈ ਸੀ। ਹੋਸਟਲ ਵਿੱਚ ਜਦੋਂ ਇੱਕ ਵਿਦਿਆਰਥੀ ਨੇ ਫਿਲਮ ਦੀ ਸ਼ਲਾਘਾ ਕੀਤੀ ਤਾਂ ਮੈਂ 'ਅਜੀਤ' ਅਖਬਾਰ ਵਿੱਚ ਫਿਲਮ ਬਾਰੇ ਛਪੀ ਸਮੀਖਿਆ ਪੜ੍ਹਨ ਨੂੰ ਕਿਹਾ। ਆਲੋਚਨਾ ਪੜ੍ਹਨ ਉਪਰੰਤ ਉਸ ਵਿਦਿਆਰਥੀ ਦੇ ਵਿਚਾਰ ਬਦਲ ਗਏ ਸਨ; ਕਿਉਂਕਿ ਫਿਲਮ ਵਿੱਚ ਕ੍ਰਾਂਤੀ ਦੀ ਪਰਿਭਾਸ਼ਾ ਨੂੰ ਝੁਠਲਾਇਆ ਗਿਆ ਸੀ।

ਸ. ਗਿੱਲ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਖਬਰਾਂ 'ਫਿਲ ਐਂਡ ਦਾ ਬਲੈਂਕਸ' ਹਨ, ਜਦਕਿ ਅਖਬਾਰਾਂ ਵਿੱਚ ਛਪਦੇ ਲੇਖਾਂ ਦੀ ਮਹੱਤਤਾ ਹੁੰਦੀ ਹੈ; ਕਿਉਂਕਿ ਉਸ ਵਿੱਚ ਸੀਨੀਅਰ ਲੇਖਕਾਂ, ਪੱਤਰਕਾਰਾਂ ਨੇ ਤਜਰਬੇ ਵਿੱਚੋਂ ਗੱਲ ਕਹੀ ਹੁੰਦੀ ਹੈ ਅਤੇ ਇੱਕ ਇੱਕ ਲਫਜ਼ ਨੂੰ ਸੋਚ-ਸਮਝ ਕੇ ਵਰਤਿਆ ਹੁੰਦਾ ਹੈ, ਜੋ ਸੇਧ ਦੇਣ ਦਾ ਕੰਮ ਕਰਦੇ ਹਨ। ਕਿਸਾਨੀ ਅੰਦੋਲਨ ਦੌਰਾਨ ਸੋਸ਼ਲ ਮੀਡੀਏ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਲੋਕ ਤੱਥਾਂ ਰਹਿਤ ਖਬਰਾਂ ਜਾਂ ਵੀਡੀਓਜ਼ ਅੱਗੇ ਤੋਂ ਅੱਗੇ ਸ਼ੇਅਰ ਕਰਦੇ ਰਹਿੰਦੇ ਹਨ, ਜਿਸ ਨਾਲ ਬੇਇਤਫਾਕੀ ਦਾ ਮਾਹੌਲ ਬਣ ਜਾਂਦਾ ਹੈ। ਸ. ਗਿੱਲ ਨੇ ਪ੍ਰਿੰਟ ਮੀਡੀਏ ਦੇ ਹੱਕ ਵਿੱਚ ਕਿਹਾ ਕਿ ਅਖਬਾਰਾਂ ਵਿੱਚ ਛਪਣ ਤੋਂ ਪਹਿਲਾਂ ਖਬਰਾਂ/ਲੇਖਾਂ ਨੂੰ ਸੰਪਾਦਿਤ ਕੀਤਾ ਜਾਂਦਾ ਹੈ ਤਾਂ ਜੋ ਲੋਕਾਂ ਕੋਲ ਸਹੀ ਜਾਣਕਾਰੀ ਪਹੁੰਚ ਸਕੇ। ਉਨ੍ਹਾਂ ਪ੍ਰਿੰਟ ਮੀਡੀਏ ਦੀ ਪਹੁੰਚ ਨਾਲ ਆਉਂਦੇ ਬਦਲਾਅ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਅਤੇ 'ਪੰਜਾਬੀ ਪਰਵਾਜ਼' ਨਾਲ ਖੜ੍ਹੇ ਹੋਣ ਦਾ ਤਹੱਈਆ ਕਰਦਿਆਂ ਭਾਈਚਾਰੇ ਦੇ ਹੋਰ ਪਤਵੰਤਿਆਂ ਨੂੰ ਵੀ ਅਖਬਾਰ ਦੀ ਮਾਲੀ ਮਦਦ ਕਰਨ ਦੀ ਅਪੀਲ ਕੀਤੀ।

ਮਿਲਵਾਕੀ ਤੋਂ ਆਏ ਸ. ਬੇਅੰਤ ਸਿੰਘ ਬੋਪਾਰਾਏ ਨੇ 'ਪੰਜਾਬੀ ਪਰਵਾਜ਼' ਦੀ ਪਹਿਲੀ ਵਰ੍ਹੇਗੰਢ ਮਨਾਉਣ ਪਹੁੰਚੇ ਸਾਰੇ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਪਣੀ ਮਾਂ ਬੋਲੀ ਅਲੋਪ ਹੋ ਰਹੀ ਹੈ, ਪਰ ਭਾਈਚਾਰੇ ਵਿੱਚ ਇਸ ਪ੍ਰਤੀ ਚਿੰਤਾ ਵੀ ਹੈ। ਇਸ ਨੂੰ ਸੁਰਜੀਤ ਰੱਖਣ ਵਾਸਤੇ 'ਪੰਜਾਬੀ ਪਰਵਾਜ਼' ਜੋ ਉਪਰਾਲਾ ਕਰ ਰਿਹਾ ਹੈ, ਸਾਡਾ ਸਾਰਿਆਂ ਦਾ ਵੀ ਫਰਜ਼ ਬਣਦਾ ਹੈ ਕਿ ਇਸ ਦੀ ਮਦਦ ਕਰੀਏ। ਉਨ੍ਹਾਂ ਸਮਾਗਮ ਦੀ ਸ਼ਾਨ ਵਧਾਉਣ ਪਹੁੰਚੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ, ਬੋਰਡ ਮੈਂਬਰਾਂ, ਸੁਪੋਰਟਰਾਂ ਅਤੇ ਕਲਾਕਾਰਾਂ ਦਾ ਖਾਸ ਧੰਨਵਾਦ ਕੀਤਾ। ਸਮਾਗਮ ਦਾ ਵਧੀਆ ਪੱਖ ਇਹ ਰਿਹਾ ਕਿ ਸਾਰੀਆਂ ਤਕਰੀਰਾਂ ਦੌਰਾਨ ਮਹਿਮਾਨਾਂ ਦਾ ਧਿਆਨ ਬੁਲਾਰਿਆਂ ਦੇ ਵਿਚਾਰਾਂ ਵੱਲ ਹੀ ਸੀ; ਕਿਉਂਕਿ ਬੁਲਾਰਿਆਂ ਨੇ ਮੀਡੀਏ ਨਾਲ ਸਬੰਧਤ ਗੱਲਾਂ ਕੀਤੇ ਜਾਣ ਨੂੰ ਹੀ ਵਧੇਰੇ ਤਵੱਜੋ ਦਿੱਤੀ।

ਸਮਾਗਮ ਦਾ ਸੰਚਾਲਨ ਕਰਦਿਆਂ ਸ. ਮਨਜੀਤ ਸਿੰਘ ਗਿੱਲ ਨੇ ਹਾਜ਼ਰੀਨ ਦੀ ਤਾਰੀਫ ਵਿੱਚ ਕਿਹਾ ਕਿ ਤੁਹਾਡੀ ਸ਼ਮੂਲੀਅਤ ਤੋਂ ਪਤਾ ਲੱਗਦਾ ਹੈ, ਤੁਸੀਂ ਦਿਲਾਂ ਵਾਲੇ ਬੰਦੇ ਓਂ, ਇਕੱਲੀਆਂ ਗੱਲਾਂਬਾਤਾਂ ਵਾਲੇ ਨਹੀਂ। ਨਾਲ ਹੀ ਉਨ੍ਹਾਂ ਸ਼ੇਅਰ ਪੜ੍ਹਿਆ, 'ਬਾਤ ਜੋ ਦਿਲ ਤੋਂ ਨਿਕਲਦੀ ਹੈ ਅਸਰ ਰੱਖਦੀ ਹੈ, ਪੰਖ ਨਹੀਂ ਪਰ ਫੇਰ ਵੀ ਤਾਕਤ-ਏ-ਪਰਵਾਜ਼ ਰੱਖਦੀ ਹੈ।' ਉਨ੍ਹਾਂ ਕਿਹਾ ਕਿ 'ਪੰਜਾਬੀ ਪਰਵਾਜ਼' ਕੋਈ ਛੋਟੀ-ਮੋਟੀ ਪੇਸ਼ਕਸ਼ ਨਹੀਂ ਹੈ, ਇਸ ਨੂੰ ਚਲਾਉਣ ਲਈ ਜਿੱਥੇ ਇਸ ਦੀ ਟੀਮ ਮਿਹਨਤ ਕਰ ਰਹੀ ਹੈ, ਉਥੇ ਤੁਹਾਡੀ ਸਾਰਿਆਂ ਦੀ ਹਾਜ਼ਰੀ ਵੀ ਅਹਿਮ ਹੈ। ਉਨ੍ਹਾਂ ਕਿਹਾ ਕਿ 'ਪੰਜਾਬੀ ਪਰਵਾਜ਼' ਦੇ ਪਹਿਲੇ ਅੰਕ ਨੇ ਹੀ ਜੋ ਪਾਠਕਾਂ ਦੇ ਦਿਲਾਂ 'ਤੇ ਛਾਪ ਲਾਈ, ਉਹ ਕਾਬਿਲ-ਏ-ਤਾਰੀਫ ਹੈ। ਉਨ੍ਹਾਂ ਅਪੀਲ ਕੀਤੀ ਕਿ ਇਸ ਅਖਬਾਰ ਜ਼ਰੀਏ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕਰਦੇ ਰਹਿਣ ਲਈ ਤੁਹਾਡੇ ਸਭ ਦੇ ਸਹਿਯੋਗ ਦੀ ਲੋੜ ਹੈ। ਇਸ ਤੋਂ ਇਲਾਵਾ ਤੁਸੀਂ ਆਪਣੇ ਵਿਚਾਰ ਵੀ ਇਸ ਪਰਚੇ ਜ਼ਰੀਏ ਲੋਕਾਂ ਨਾਲ ਸਾਂਝੇ ਕਰ ਸਕਦੇ ਹੋ।

ਇਸ ਦੇ ਨਾਲ ਹੀ ਉਨ੍ਹਾਂ 'ਪੰਜਾਬੀ ਪਰਵਾਜ਼' ਦੇ ਕੁਲਜੀਤ ਦਿਆਲਪੁਰੀ, ਉਨ੍ਹਾਂ ਦੀ ਪਤਨੀ ਅਨੁਰੀਤ ਕੌਰ ਅਤੇ ਜਲੰਧਰ ਤੋਂ ਸੀਨੀਅਰ ਪੱਤਰਕਾਰ/ਲੇਖਕ ਜਸਵੀਰ ਸਿੰਘ ਸ਼ੀਰੀ ਵੱਲੋਂ ਪਰਚਾ ਚਲਾਉਣ ਲਈ ਪਾਏ ਜਾ ਰਹੇ ਯੋਗਦਾਨ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਕੁਲਜੀਤ ਪਿਛਲੇ ਕਰੀਬ 22 ਸਾਲਾਂ ਤੋਂ ਪੰਜਾਬੀ ਮੀਡੀਆ ਨਾਲ ਜੁੜੇ ਹੋਏ ਹਨ ਅਤੇ ਪੱਤਰਕਾਰੀ ਦਾ ਆਗਾਜ਼ 'ਪੰਜਾਬੀ ਟ੍ਰਿਬਿਊਨ' ਤੋਂ ਕੀਤਾ ਸੀ। ਅਮਰੀਕਾ ਆਉਣ ਉਪਰੰਤ ਵੀ ਉਹ ਪੱਤਰਕਾਰੀ ਖੇਤਰ ਨਾਲ ਜੁੜੇ ਰਹੇ ਹਨ।

ਇਸ ਮੌਕੇ ਕੁਲਜੀਤ ਦਿਆਲਪੁਰੀ ਨੇ 'ਪੰਜਾਬੀ ਪਰਵਾਜ਼' ਦੀ ਤਰਫੋਂ ਸਭ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਸਹਿਯੋਗ ਦੀ ਅਪੀਲ ਕੀਤੀ। ਉਪਰੰਤ ਉਨ੍ਹਾਂ ਦੀ ਛੋਟੀ ਬੇਟੀ ਅਜੂਨੀ ਕੌਰ ਨੇ ਪੰਜਾਬੀ ਪਰਵਾਜ਼ ਦੀ ਪਹਿਲੀ ਵਰ੍ਹੇਗੰਢ ਉਤੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਵੱਡੀ ਬੇਟੀ ਅਸੀਸ ਕੌਰ ਨੇ ਇਹ ਸਤਰਾਂ ਪੇਸ਼ ਕਰਦਿਆਂ ਮਹਿਮਾਨਾਂ ਦਾ ਸਵਾਗਤ ਕੀਤਾ:

ਔਖਾ ਕੰਮ ਨਾ ਕੋਈ ਜਹਾਨ ਉਤੇ
ਹੁੰਦਾ ਕਰਨਾ ਸਦਾ ਅਰੰਭ ਔਖਾ,
ਹੋਵੇ ਹੌਸਲਾ ਤਾਂ ਚੁੱਕ ਪਹਾੜ ਦਈਏ
ਪਰ ਬਿਨਾ ਹੌਸਲੇ ਚੁੱਕਣਾ ਖੰਭ ਔਖਾ।

ਅਨੁਰੀਤ ਕੌਰ ਨੇ ਅਖਬਾਰ ਨਾਲ ਜੁੜੀਆਂ ਉਨ੍ਹਾਂ ਸ਼ਖਸੀਅਤਾਂ ਦਾ ਵੀ ਧੰਨਵਾਦ ਕੀਤਾ, ਜੋ ਨਿੱਜੀ ਰੁਝੇਵਿਆਂ ਕਾਰਨ ਸਮਾਗਮ ਵਿੱਚ ਪਹੁੰਚ ਨਹੀਂ ਸਕੀਆਂ।

ਇਸ ਮੌਕੇ ਮੰਚ ਸੰਚਾਲਕ ਸ. ਗਿੱਲ ਦੇ ਇਹ ਬੋਲ ਵੀ ਗੂੰਜੇ:

ਜੋ ਵੀ ਭੁੱਲਣਾ ਭੁੱਲੋ, ਪਰ ਮਾਂ ਬੋਲੀ ਯਾਦ ਰਹੇ
ਰਹਿੰਦੀ ਦੁਨੀਆਂ ਤੱਕ ਪੰਜਾਬੀ ਜ਼ਿੰਦਾਬਾਦ ਰਹੇ,
'ਪੰਜਾਬੀ ਪਰਵਾਜ਼' ਦੀ ਚੜ੍ਹਦੀ ਕਾਲ ਰਹੇ
ਚੜ੍ਹਦੀ ਕਲਾ ਵਿੱਚ 'ਪੰਜਾਬੀ ਪਰਵਾਜ਼' ਰਹੇ।

ਤਕਰੀਰਾਂ ਤੋਂ ਬਾਅਦ ਮੰਚ ਸੰਚਾਲਕ ਨੇ 'ਪੰਜਾਬੀ ਪਰਵਾਜ਼' ਦੇ ਬੋਰਡ ਮੈਂਬਰਾਂ- ਬਲਵਿੰਦਰ ਸਿੰਘ (ਬੌਬ) ਸੰਧੂ, ਦਵਿੰਦਰ ਸਿੰਘ ਰੰਗੀ, ਜੋਧ ਸਿੰਘ ਸਿੱਧੂ, ਯਾਦਵਿੰਦਰ ਸਿੰਘ (ਰਿੰਪੀ) ਖੱਟੜਾ, ਅਮਰੀਕ ਸਿੰਘ ਸ਼ਿਕਾਗੋ, ਕਿਰਪਾਲ ਸਿੰਘ ਰੰਧਾਵਾ, ਅੰਮ੍ਰਿਤਪਾਲ ਸਿੰਘ ਗਿੱਲ, ਬਲਵਿੰਦਰ ਸਿੰਘ ਚੱਠਾ, ਦਰਸ਼ਨ ਸਿੰਘ ਪੰਮਾ, ਬੇਅੰਤ ਸਿੰਘ ਬੋਪਾਰਾਏ, ਅਮਰਜੀਤ ਸਿੰਘ ਢੀਂਡਸਾ, ਗੁਰਵਿੰਦਰ ਸਿੰਘ (ਬੱਬੂ) ਐਪਲਟਨ, ਗੁਰਿੰਦਰਜੀਤ ਸਿੰਘ ਗਰੇਵਾਲ, ਦੀਦਾਰ ਸਿੰਘ ਧਨੋਆ, ਬਿਕਰਮ ਸਿੰਘ ਸਿੱਧੂ, ਮਿੰਨੀ ਮੁਲਤਾਨੀ, ਗੁਰਪ੍ਰੀਤ ਕੇ. ਸਿੰਘ, ਇੰਦਰ ਹੁੰਜਣ, ਮਨਮਿੰਦਰ ਸਿੰਘ ਹੀਰ ਤੇ ਜਿਗਰਦੀਪ ਸਿੰਘ ਢਿੱਲੋਂ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਅਤੇ ਉਨ੍ਹਾਂ ਦਾ ਤੁਆਰਫ ਕਰਵਾਇਆ। ਬੋਰਡ ਮੈਂਬਰਾਂ ਦੀ ਯਾਦਗਾਰੀ ਗਰੁੱਪ ਤਸਵੀਰ ਖਿੱਚੀ ਗਈ ਅਤੇ ਉਨ੍ਹਾਂ ਵੱਲੋਂ ਕੀਤੀ ਵਿੱਤੀ ਇਮਦਾਦ ਲਈ ਉਚੇਚਾ ਧੰਨਵਾਦ ਕੀਤਾ ਗਿਆ। ਕੁਝ ਬੋਰਡ ਮੈਂਬਰ- ਮਨਜਿੰਦਰ ਸਿੰਘ (ਮੈਕ) ਭਮਰਾ, ਹਰਕੇਵਲ ਸਿੰਘ ਲਾਲੀ, ਅਮਨਦੀਪ ਸਿੰਘ ਕੁਲਾਰ, ਜਗਜੀਤ ਸਿੰਘ ਖੇੜਾ (ਓਕਲਾਹੋਮਾ), ਸੰਨੀ ਧੂੜ (ਮਿਸ਼ੀਗਨ), ਪਰਮਿੰਦਰ ਸਿੰਘ ਖੇੜਾ (ਯੂਬਾ ਸਿਟੀ) ਅਤੇ ਹਰਮੀਕ ਸਿੰਘ ਗਿਰਨ ਜ਼ਰੂਰੀ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ।







ਮੁੱਖ ਮਹਿਮਾਨ ਡਾ. ਗੁਰਇਕਬਾਲ ਸਿੰਘ ਨੰਦਰਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਮੰਚ 'ਤੇ ਸੱਦਿਆ ਗਿਆ। ਬੋਰਡ ਮੈਂਬਰਾਂ ਨੇ ਮੁੱਖ ਮਹਿਮਾਨ ਦਾ ਅਖਬਾਰ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ। ਇਸੇ ਦੌਰਾਨ ਸਮਾਗਮ ਦੇ ਵਿਸ਼ੇਸ਼ ਮਹਿਮਾਨ ਉੱਘੇ ਬਿਜਨਸਮੈਨ ਲਖਬੀਰ ਸਿੰਘ ਢੀਂਡਸਾ ਦਾ ਵੀ ਉਚੇਚਾ ਸਨਮਾਨ ਕੀਤਾ ਗਿਆ। ਭਾਈਚਾਰੇ ਦੀ ਬਹੁਤ ਹੀ ਪ੍ਰਮਾਣਿਤ ਸ਼ਖਸੀਅਤ ਡਾ. ਹਰਬੰਸ ਕੌਰ ਦਿਓਲ ਅਤੇ ਗਾਇਕ ਰੈਵ ਇੰਦਰ ਦਾ ਵੀ ਇਸ ਮੌਕੇ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ 'ਪੰਜਾਬੀ ਪਰਵਾਜ਼' ਵਿੱਚ ਡਾ. ਦਿਓਲ ਦੇ ਸਿਹਤ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਜਾਣਕਾਰੀ ਭਰਪੂਰ ਲੇਖ ਵੀ ਛਪਦੇ ਰਹੇ ਹਨ। ਬੋਰਡ ਮੈਂਬਰਾਂ- ਮਿੰਨੀ ਮੁਲਤਾਨੀ ਤੇ ਗੁਰਪ੍ਰੀਤ ਕੇ. ਸਿੰਘ ਤੋਂ ਇਲਾਵਾ ਅਮਰੀਕਨ ਰਾਜਨੀਤੀ ਵਿੱਚ ਸਰਗਰਮ ਲਾਡੀ ਕੇ. ਸਿੰਘ ਅਤੇ 'ਸਵੇਰਾ-ਸਿੱਖ ਵੂਮਨ ਈਰਾ' ਦੀ ਸਰਕਰਦਾ ਜਸਬੀਰ ਕੌਰ ਮਾਨ ਨੇ ਗਾਇਕਾ ਅਵਨੀ ਸਿੰਘ, ਪੂਜਾ ਧਾਲੀਵਾਲ ਤੇ ਹਰਲੀਨ ਔਜਲਾ ਦਾ ਫੁਲਕਾਰੀ ਦੇ ਕੇ ਮਾਣ-ਤਾਣ ਕੀਤਾ।

ਇਸ ਮੌਕੇ ਡਾ. ਨੰਦਰਾ ਨੇ ਸਾਰਿਆਂ ਨੂੰ 'ਸਤਿ ਸ੍ਰੀ ਅਕਾਲ' ਬੁਲਾਉਣ ਉਪਰੰਤ 'ਪੰਜਾਬੀ ਪਰਵਾਜ਼' ਵੱਲੋਂ ਭਾਈਚਾਰੇ ਵਿੱਚ ਇਹ ਸਤਿਕਾਰ ਦੇਣ ਨੂੰ ਵੱਡੇ ਮਾਣ ਵਾਲੀ ਗੱਲ ਕਿਹਾ ਤੇ ਅਖਬਾਰ ਦੇ ਬੋਰਡ ਮੈਂਬਰਾਂ ਦਾ ਧੰਨਵਾਦ ਕੀਤਾ। ਡਾ. ਨੰਦਰਾ ਨੇ ਆਪਣੇ ਕਿੱਤੇ ਬਾਰੇ ਦੱਸਿਆ ਕਿ ਮਾਨਸਿਕ ਸਿਹਤ ਲਈ ਕੇਟਾਮਾਈਨ ਉਦਯੋਗ ਵਿੱਚ ਉਨ੍ਹਾਂ ਕੋਲ ਸ਼ਿਕਾਗੋ ਦੇ ਆਈ.ਵੀ. ਸੋਲਿਊਸ਼ਨ ਕੇਟਾਮਾਈਨ ਸੈਂਟਰਾਂ ਦੀ ਅਗਵਾਈ ਕਰਨ ਦਾ ਅੱਠ ਸਾਲਾਂ ਤੋਂ ਵੱਧ ਦਾ ਤਜਰਬਾ ਹੈ। ਐਨਸਥੀਸੀਆ ਅਤੇ ਕ੍ਰਿਟੀਕਲ ਕੇਅਰ ਵਿੱਚ ਇੱਕ ਐਨਸਥੀਸੀਓਲੌਜਿਸਟ ਵਜੋਂ ਉਨ੍ਹਾਂ ਕੋਲ ਕੋਈ 25 ਸਾਲਾਂ ਦਾ ਕਲਿਨਿਕਲ ਤਜਰਬਾ ਹੈ। (ਡਾ. ਨੰਦਰਾ ਸ਼ਿਕਾਗੋ ਦੇ ਆਈ.ਵੀ. ਸੋਲਿਊਸ਼ਨ ਕੇਟਾਮਾਈਨ ਦੇ ਮੈਡੀਕਲ ਨਿਰਦੇਸ਼ਕ ਅਤੇ ਸੰਸਥਾਪਕ ਹਨ।) ਉਨ੍ਹਾਂ ਮਾਣ ਨਾਲ ਦੱਸਿਆ ਕਿ ਡਿਪਰੈਸ਼ਨ, ਚਿੰਤਾ, ਪੀ.ਟੀ.ਐਸ.ਡੀ. ਅਤੇ ਹੋਰ ਮਾਨਸਿਕ ਬਿਮਾਰੀਆਂ ਲਈ ਉਨ੍ਹਾਂ ਦੇ ਕਲਿਨਿਕ ਦੇ ਨਤੀਜੇ ਇਸ ਖੇਤਰ ਵਿੱਚ ਮੋਹਰੀ ਹਨ।

ਉਨ੍ਹਾਂ ਦੱਸਿਆ ਕਿ ਸਬੰਧਤ ਮਰੀਜ਼ਾਂ ਕੋਲ ਕੋਈ ਇੰਸ਼ੋਰੈਂਸ ਕਵਰੇਜ ਨਾ ਹੋਣ ਕਾਰਨ ਸਾਲ 2019 ਵਿੱਚ ਮੇਰੀ ਪਤਨੀ ਜਿਲ ਨੇ ਇੱਕ ਗੈਰ-ਮੁਨਾਫਾ ਸੰਸਥਾ ਸੈਰੇਨਿਟੀ ਫਾਊਂਡੇਸ਼ਨ ਸ਼ੁਰੂ ਕੀਤੀ ਅਤੇ ਇਕੱਤਰ ਫੰਡ ਨਾਲ ਲੋੜਵੰਦਾਂ ਲਈ ਇਲਾਜ ਵਿੱਚ ਮਦਦ ਕੀਤੀ। ਸਾਡਾ ਟੀਚਾ ਵੱਧ ਤੋਂ ਵੱਧ ਲੋੜਵੰਦਾਂ ਦੀ ਮਦਦ ਕਰਨ ਦਾ ਹੈ ਅਤੇ ਮੇਰੇ ਲਈ ਇਹ ਇੱਕ ਤਰ੍ਹਾਂ 'ਸੇਵਾ' ਕਰਨ ਦੇ ਸਮਾਨ ਹੈ। ਨਿਊ ਯਾਰਕ ਵਿਖੇ 'ਐਲਿਸ ਆਈਲੈਂਡ ਮੈਡਲ ਆਫ਼ ਆਨਰ' ਨਾਲ




⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

## ‘ਪੰਜਾਬੀ ਪਰਵਾਜ਼ ਨਾਈਟ’ ਨੂੰ ਭਾਈਚਾਰੇ ਵੱਲੋਂ ਭਰਵਾਂ ਹੁੰਗਾਰਾ

ਸਨਮਾਨ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਇਹ ਮੈਡਲ ਮੇਰੇ ਜਾਂ ਮੇਰੇ ਪਰਿਵਾਰ ਲਈ ਹੀ ਨਹੀਂ ਸਗੋਂ ਸਮੂਹ ਸਿੱਖ ਭਾਈਚਾਰੇ ਲਈ ਵੱਡੇ ਮਾਣ ਵਾਲੀ ਗੱਲ ਹੈ, ਕਿਉਂਕਿ ਸੰਸਾਰ ਪੱਧਰ ’ਤੇ ਇਹ ਸਨਮਾਨ ਸਿਰਫ ਦੋ ਸਿੱਖ ਸ਼ਖਸੀਅਤਾਂ ਨੂੰ ਹੀ ਮਿਲਿਆ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਇਹ ਸਨਮਾਨ ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ ਨੂੰ ਮਿਲਿਆ ਸੀ। ਇਹ ਸਨਮਾਨ ਅਮਰੀਕਾ ਦੇ ਵੱਕਾਰੀ ਪੁਰਸਕਾਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜੋ ਦੇਸ਼ ਦੀ ਖੁਸ਼ਹਾਲੀ ਲਈ ਪਰਵਾਸੀਆਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ ਅਤੇ ਪਰਵਾਸੀਆਂ ਤੇ ਉਨ੍ਹਾਂ ਦੀ ਸੰਤਾਨ ਦੁਆਰਾ ਅਮਰੀਕਾ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕਰਦਾ ਹੈ। ਡਾ. ਨੰਦਰਾ ਦੇ ਪਿਤਾ ਡਾ. ਮੁਖਤਾਰ ਸਿੰਘ ਨੰਦਰਾ, ਮਾਤਾ ਹਰਭਜਨ ਕੌਰ, ਪਤਨੀ ਜਿਲ ਅਤੇ ਦੋ



**ਕੁਲਜੀਤ ਆਪਣੀ ਪਤਨੀ ਅਨੁਰੀਤ ਕੌਰ ਅਤੇ ਧੀਆਂ- ਅਸੀਸ ਕੌਰ ਤੇ ਅਜੂਨੀ ਕੌਰ ਨਾਲ**

ਧੀਆਂ- ਲੁਏਲਾ ਅਤੇ ਲਿਵ ਤੋਂ ਇਲਾਵਾ ਭਰਾ ਡਾ. ਸੰਨੀ ਨੰਦਰਾ ਤੇ ਭਾਬੀ ਗੌਰੀਆ ਵੀ ਸਮਾਗਮ ਵਿੱਚ ਹਾਜ਼ਰ ਸਨ।

ਸੁਚੱਜੇ ਢੰਗ ਨਾਲ ਮੰਚ ਸੰਚਾਲਨ ਕਰਦਿਆਂ ਸ. ਗਿੱਲ ਨੇ ਵੱਖ-ਵੱਖ ਮੀਡੀਏ ਦੀ ਸੋਚ ਅਤੇ ਅਖਬਾਰ ਕੱਢਣ ਦੀ ਜੱਦੋਜਹਿਦ ਦੱਸਣ ਲਈ ਬੁਲਾਰਿਆਂ ਦਾ ਧੰਨਵਾਦ ਕੀਤਾ। ਭਾਈਚਾਰੇ ਦੇ ਲੋਕ ਪ੍ਰੋਗਰਾਮ ਦੇ ਮਿੱਥੇ ਸਮੇਂ ਮੁਤਾਬਕ ਹੀ ਆਉਣੇ ਸ਼ੁਰੂ ਹੋ ਗਏ ਸਨ। ਸਮਾਗਮ ਦਾ ਪਹਿਲਾ ਇੱਕ ਘੰਟਾ ਲੋਕਾਂ ਦੇ ਮਿਲਣ-ਗਿਲਣ ਤੇ ਚਾਹ-ਪਾਣੀ ਲਈ ਰੱਖਿਆ ਗਿਆ ਸੀ। ਬਾਅਦ ਵਿੱਚ ਜਿਉਂ ਹੀ ਰਸਮੀ ਤੌਰ ‘ਤੇ ਸਮਾਗਮ ਅਰੰਭ ਹੋਇਆ ਤਾਂ ਮਿੱਥੇ ਮੁਤਾਬਕ ਪ੍ਰੋਗਰਾਮ ਤਰਤੀਬਬੱਧ ਚੱਲਦਾ ਗਿਆ। ਸਮਾਗਮ ਦੌਰਾਨ ਹਾਜ਼ਰ ਮੁਅੱਜਜ਼ ਮਹਿਮਾਨਾਂ ਨੇ ਤਵੱਜੋ ਦਿੰਦਿਆਂ ਤਕਰੀਰਾਂ ਸੁਣੀਆਂ ਅਤੇ ਪਿਆਰ ਤੇ ਖਲੂਸ ਪ੍ਰਗਟਾਉਂਦਿਆਂ ‘ਪੰਜਾਬੀ ਪਰਵਾਜ਼’ ਨਾਲ ਭਵਿੱਖ ਵਿੱਚ ਹੀ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਣ ਦਾ ਤਹੱਈਆ ਕੀਤਾ।

**ਤਸਵੀਰਾਂ: ਸੁਰੇਸ਼ ਬੋਦੀਵਾਲਾ (ਏਸ਼ੀਅਨ ਮੀਡੀਆ)**

# ਸੱਭਿਆਚਾਰਕ ਗੀਤਾਂ ਦੀ ਲੱਗੀ ਛਹਿਬਰ...

‘ਪੰਜਾਬੀ ਪਰਵਾਜ਼’ ਦੇ ਪਲੇਠੇ ਸਮਾਗਮ ਦੌਰਾਨ ਵੱਖ-ਵੱਖ ਸਟੇਟਾਂ ਤੋਂ ਆਏ ਗਾਇਕਾਂ ਨੇ ਸੱਭਿਆਚਾਰਕ ਗੀਤਾਂ ਦੀ ਭਰਵੀਂ ਛਹਿਬਰ ਲਾਈ ਅਤੇ ਸਮਾਗਮ ਨੂੰ ਭਰਪੂਰ ਮਨੋਰੰਜਕ ਬਣਾਇਆ। ਰਸਮੀ ਤੌਰ ’ਤੇ ਪ੍ਰੋਗਰਾਮ ਸ਼ੁਰੂ ਕਰਦਿਆਂ ਲੰਮਾ ਸਮਾਂ ਰੇਡੀਓ ‘ਰੌਣਕ ਮੇਲਾ’ ਚਲਾਉਂਦੇ ਰਹੇ ਹੋਸਟ ਪੰਮੀ ਗਿੱਲ ਨੇ ਹਾਜ਼ਰੀਨ ਦਾ ਸਵਾਗਤ ਕੀਤਾ ਅਤੇ ‘ਪੰਜਾਬੀ ਪਰਵਾਜ਼’ ਦੇ ਸੁਚੱਜੇ ਪ੍ਰਬੰਧਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਮਾਗਮ ਬਹੁਤ ਹੀ ਸਲੀਕੇ ਵਾਲਾ ਤੇ ਉਚੇ ਮਿਆਰ ਵਾਲਾ ਹੈ। ਇਸ ਮੌਕੇ ਉਨ੍ਹਾਂ ਮਾਂ ਬੋਲੀ ਪੰਜਾਬੀ ਦੇ ਹੱਕ ਵਿੱਚ ਡਾ. ਸੁਰਜੀਤ ਪਾਤਰ ਦੀਆਂ ਸਤਰਾਂ ਪੇਸ਼ ਕੀਤੀਆਂ:

ਇਸ ਧਰਤੀ ਦਾ ਲਾਲ ਹੈਂ, ਤਾਂ ਆਪਣੀ ਬੋਲੀ ਬੋਲ<br>
ਆਪਣਾ ਬਣ ਕੇ ਬੈਠ ਤੂੰ, ਆਪਣਿਆਂ ਦੇ ਕੋਲ।<br>
ਲੱਖ ਤੂੰ ਬੋਲ ਅੰਗਰੇਜ਼ੀਆਂ, ਜਿੱਥੇ ਜਿਸ ਦੀ ਲੋੜ<br>
ਐਪਰ ਝੂਠੀ ਸ਼ਾਨ ਲਈ, ਮਾਂ ਤੋਂ ਮੁੱਖ ਨਾ ਮੋੜ।

ਇਸ ਮੌਕੇ ਪੰਮੀ ਗਿੱਲ ਨੇ ਸਾਜ਼ ਤੋਂ ਬਿਨਾ ਗੁਰਦਾਸ ਮਾਨ ਦਾ ਗੀਤ ‘ਸੱਜਣਾ ਵੇ ਸੱਜਣਾ’ ਪੇਸ਼ ਕੀਤਾ।

ਮਿਲਵਾਕੀ ਤੋਂ ਆਈ ਗਾਇਕਾ ਪੂਜਾ ਧਾਲੀਵਾਲ ਨੇ ਬਹੁਤ ਹੀ ਮਿਆਰੀ ਗੀਤ ‘ਖਾਲੀ ਆਏ ਖਾਲੀ ਜਾਣਾ, ਨਾਲ ਨਹੀਂ ਜਾਣਾ ਧੇਲਾ; ਸਭ ਲਈ ਇੱਕੋ ਜਿਹਾ ਇਹ ਦੁਨੀਆਂ ਦਾ ਮੇਲਾ’ ਪੇਸ਼ ਕਰਕੇ ਸਭ ਦਾ ਧਿਆਨ ਖਿੱਚ ਲਿਆ। ਇਸ ਤੋਂ ਪਹਿਲਾਂ ਉਨ੍ਹਾਂ ‘ਸੁਰਮੇਦਾਨੀ ਵਰਗਾ ਏ ਮੇਰਾ ਮਾਹੀ’ ਵੀ ਆਪਣੀ ਮਧੁਰ ਆਵਾਜ਼ ਵਿੱਚ ਪੇਸ਼ ਕੀਤਾ।

ਸਥਾਨਕ ਗਾਇਕਾ ਅਵਨੀ ਸਿੰਘ ਨੇ ‘ਬਾਜਰੇ ਦਾ ਸਿੱਟਾ ਵੇ ਅਸਾਂ ਤਲੀ ’ਤੇ ਮਰੋੜਿਆ’ ਅਤੇ ‘ਕਾਲਾ ਡੋਰੀਆ’ ਸਮੇਤ ‘ਸੂਹੇ ਵੇ ਚੀਰੇ ਵਾਲਿਆ’, ‘ਆ ਜਾ ਦੋਵੇਂ ਨੱਚੀਏ’, ‘ਚੀਰੇ ਵਾਲਿਆ ਵੇਖਦਾ ਆਈਂ ਵੇ ਮੇਰਾ ਲੌਂਗ ਗਵਾਚਾ’, ‘ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀ’ ਅਤੇ ‘ਕਾਲਾ ਸ਼ਾਹ ਕਾਲਾ’ ਆਦਿ ਗੀਤਾਂ ਦੇ ਮੁਖੜੇ ਗਾ ਕੇ ਚੰਗਾ ਰੰਗ ਬੰਨਿਆ।

ਹਰਲੀਨ ਔਜਲਾ ਨੇ ‘ਭੱਜ ਗਈਆਂ ਮੇਰੀਆਂ ਵੰਗਾਂ, ਹਾੜਾ ਵੇ ਮੇਰੀ ਛੱਡ ਵੀਣੀ’, ‘ਜਦੋਂ ਹੌਲ਼ੀ ਜਿਹੀ ਲੈਨਾਂ ਮੇਰਾ ਨਾਂ, ਮੈਂ ਥਾਏਂ ਮਰ ਜਾਨੀ ਆਂ’ ਅਤੇ ‘ਹੋਣ ਨਾ ਦੀਦਾਰ ਜਦੋਂ ਤੇਰੇ ਮੈਨੂੰ ਸੋਹਣਿਆ, ਦਿਲ ਖੜ੍ਹ ਜਾਂਦਾ ਤੇ ਨਬਜ਼ ਰੁਕਦੀ’ ਗੀਤ ਪੇਸ਼ ਕਰਕੇ ਆਪਣੀ ਗਾਇਕੀ ਦੀ ਛਾਪ ਛੱਡੀ। ਉਹ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਉਚੇਚਾ ਆਪਣੇ ਮਾਪਿਆਂ ਨਾਲ ਇੰਡੀਅਨਐਪੋਲਿਸ ਤੋਂ ਆਏ ਸੀ।

ਸਮਾਗਮ ਦੌਰਾਨ ਓਹਾਇਓ ਤੋਂ ਆਏ ਗਾਇਕ ਰੈਵ ਇੰਦਰ ਨੇ ਗੀਤ ‘ਇੱਕੋ ਗੱਲ ਹੁੰਦੀ ਚੰਗੀ ਮਾੜੇ ਟਾਈਮ ਦੀ ਕਿ ਉਹ ਵੀ ਲੰਘ ਜਾਂਦਾ ਏ’ ਨਾਲ ਸ਼ੁਰੂਆਤ ਕਰਨ ਪਿੱਛੋਂ ‘ਗੋਲੀ ਮਾਰੋ ਇਹੋ ਜਿਹੇ ਬਨਾਉਟੀ ਯਾਰ ਦੇ, ਜਿਹੜਾ ਅੱਖ ਦੀ ਰਮਜ਼ ਦਾ ਪਛਾਣੇ’ ਅਤੇ ਮਿਹਨਤ ਕਰਨ ਲਈ ਪ੍ਰੇਰਿਤ ਕਰਦਾ ਗੀਤ ‘ਹੁੰਦੀ ਕੀ ਗਰੀਬੀ ਨਖਰੋ, ਅਸੀਂ ਮਾਰ ਕੇ ਚਪੇੜੇ ਘਰੋਂ ਕੱਢੀ ਐ’ ਪੇਸ਼ ਕੀਤਾ। ਫਿਰ ਉਸ ਨੇ ਪਰਵਾਸੀਆਂ ਦੇ ਦਰਦ ਨੂੰ ਟੋਹੰਦਾ ਤੇ ਬੜਾ ਹੀ ਭਾਵੁਕ ਕਰ ਦੇਣ ਵਾਲਾ ਗੀਤ ‘ਦਿੱਲੀ ਏਅਰਪੋਰਟ ਜ਼ਹਿਰ ਵਰਗਾ ਉਦੋਂ ਲੱਗਦਾ ਹੋਵੇਗਾ ਮੇਰੀ ਮਾਂ ਨੂੰ’ ਗਾਇਆ।

ਇਸ ਉਪਰੰਤ ਉਸ ਨੇ ਨੱਚਣ-ਟੱਪਣ ਵਾਲੇ ਗੀਤਾਂ ਦੀਆਂ ਸੁਰਾਂ ਛੇੜ ਲਈਆਂ। ‘ਚੜ੍ਹਦੀ ਜਵਾਨੀ ਠੇਢੇ ਵੱਜਦੇ ਹੀ ਨੇ’, ‘ਮਿੱਤਰਾਂ ਨੂੰ ਮਾਰ ਗਿਆ ਨੀ ਤੇਰਾ ਕੋਕਾ’ ਸਮੇਤ ਹੋਰ ਗੀਤ ਗਾਉਂਦਿਆਂ ਉਸ ਨੇ ਮਹਿਮਾਨਾਂ ਨੂੰ ਨੱਚਣ ਦਾ ਸੱਦਾ ਦੇ ਦਿੱਤਾ ਅਤੇ ਨਾਲ ਹੀ ‘ਉਹਨੂੰ ਦਿਲ ਵੀ ਦਿਆਂਗੇ, ਨੱਚੀ ਜੋ ਸਾਡੇ ਨਾਲ’ ਗੀਤ ਛੋਹ ਲਿਆ। ਸੰਗੀਤ ਉਤੇ ਝੂਮਦੇ ਕੁਝ ਮਹਿਮਾਨ ਤਾਂ ਪਹਿਲਾਂ ਹੀ ਤਿਆਰ ਸਨ ਅਤੇ ਰੈਵ ਦੇ ਬੋਲਾਂ ‘ਨੱਚਣਾ ਵੀ ਇਬਾਦਤ ਬਣ ਜਾਂਦਾ ਜੇ ਨੱਚਣੇ ਦਾ ਯਾਰੋ ਢੰਗ ਹੋਵੇ’ ਉਤੇ ਉਹ ਨੱਚਣ ਲੱਗ ਪਏ। ਕੁਝ ਮਹਿਮਾਨਾਂ ਦੇ ਐਕਸ਼ਨ ਗੀਤਾਂ ਦੇ ਬੋਲਾਂ ਨਾਲ ਪੇਸ਼ ਪੇਸ਼ ਸਨ। ਫਿਰ ਰੈਵ ਇੰਦਰ ਨੇ ਬੱਬੂ ਮਾਨ ਦੇ ਗੀਤ ‘ਪਿੰਡ ਪਹਿਰਾ ਲੱਗਦਾ’ ਤੇ ‘ਸੌਣ ਦੀ ਝੜੀ’ ਗੀਤ ਗਾਏ। ਸਰਦੂਲ ਸਿਕੰਦਰ ਦਾ ਗੀਤ ‘ਜੇ ਉਂਜ ਗਿਰਦੀ ਤਾਂ ਚੁੱਕ ਲੈਂਦੇ, ਨਜ਼ਰਾਂ ਤੋਂ ਗਿਰ ਗਈ ਕੀ ਕਰੀਏ’ ਗਾਇਆ ਅਤੇ ‘ਵੈਲੀ ਛੱਡ ਸਕਦੇ ਨੇ ਵੈਲਦਾਰੀਆਂ’ ਸਮੇਤ ਕੁਝ ਪੁਰਾਣੇ ਗੀਤਾਂ ਦੇ ਮੁਖੜੇ ਪੇਸ਼ ਕਰਕੇ ਚੰਗਾ ਰੰਗ ਬੰਨ੍ਹਿਆ।

ਮਹਿਮਾਨਾਂ ਨੇ ਗੀਤ-ਸੰਗੀਤ ਦੇ ਨਾਲ ਨਾਲ ਮਿਲਵਾਕੀ ਤੋਂ ‘ਟੇਸਟ ਆਫ ਇੰਡੀਆ’ ਦੇ ਮਨਜੀਤ ਸਿੰਘ ਤੇ ਉਨ੍ਹਾਂ ਦੀ ਟੀਮ ਵੱਲੋਂ ਤਿਆਰ ਸਵਾਦੀ ਖਾਣੇ ਦਾ ਵੀ ਭਰਪੂਰ ਅਨੰਦ ਮਾਣਿਆ। ਭਾਂਤ-ਸੁਭਾਂਤੇ ਭੋਜ-ਪਦਾਰਥ ਸੇਵਾ ਵਿੱਚ ਹਾਜ਼ਰ ਸਨ। ਸਮਾਗਮ ਦੇ ਵਧੀਆ ਤਰੀਕੇ ਨਾਲ ਹੋ ਜਾਣ ਉਤੇ ਮਹਿਮਾਨ ਖੁਸ਼ ਸਨ।



ਗਾਇਕ ਰੈਵ ਇੰਦਰ



ਪੂਜਾ ਧਾਲੀਵਾਲ



ਅਵਨੀ ਸਿੰਘ



ਹਰਲੀਨ ਔਜਲਾ



ਪੰਮੀ ਗਿੱਲ



**‘ਪੰਜਾਬੀ ਪਰਵਾਜ਼ ਨਾਈਟ’ ਮੌਕੇ ਨੱਚ-ਨੱਚ ਖੁਸ਼ੀ ਮਨਾਉਂਦੇ ਹੋਏ ਮਹਿਮਾਨ**


















# ਮੁਅੱਜਜ਼ ਮਹਿਮਾਨਾਂ ਨੇ 'ਪੰਜਾਬੀ ਪਰਵਾਜ਼ ਨਾਈਟ' ਦੀ ਵਧਾਈ ਸ਼ਾਨ















































# ਵਿਗਿਆਨਕ ਦਾਅਵਾ: ਦਿਮਾਗ ਦੀ ਵਧਦੀ ਉਮਰ ਨੂੰ ਮੋੜਾ

ਸਾਡਾ ਜ਼ਿੰਦਗੀ ਜਿਉਣ ਦਾ ਢੰਗ ਸਾਨੂੰ ਜ਼ਿਆਦਾ ਦੇਰ ਤੱਕ ਸਿਹਤਮੰਦ ਰੱਖ ਸਕਦਾ ਹੈ, ਹੁਣ ਵਿਗਿਆਨੀ ਇਹ ਵੀ ਪਤਾ ਕਰ ਰਹੇ ਹਨ ਕਿ ਕੀ ਨਵੀਂ ਤਕਨੀਕ ਸਾਡੇ ਦਿਮਾਗ ਦੀ ਉਮਰ ਵੱਧਣ ਦੀ ਪ੍ਰਕਿਰਿਆ ਘਟਾ ਸਕਦੀ ਹੈ। ਇਸ ਗੱਲ ਦਾ ਧਿਆਨ ਰੱਖ ਕੇ ਕਿ ਜਿਵੇਂ ਜਿਵੇਂ ਅਸੀਂ ਬਜ਼ੁਰਗ ਹੁੰਦੇ ਹਾਂ, ਉਵੇਂ ਉਵੇਂ ਸਾਡੇ ਦਿਮਾਗ ਨੂੰ ਕੀ ਹੁੰਦਾ ਹੈ! ਇੱਕ ਨਿੱਘੀ ਸਵੇਰ, 76 ਸਾਲ ਦੇ ਡੱਚ ਮੂਲ ਦੀ ਮਾਰੀਜੇਕੇ ਅਤੇ ਉਨ੍ਹਾਂ ਦੇ ਪਤੀ ਟੌਮ ਨੇ ਆਪਣੇ ਲੋਮਾ ਲਿੰਡਾ ਵਾਲੇ ਘਰ, ਜੋ ਲਾਸ ਏਂਜਲਸ ਦੇ ਪੂਰਬ ਵਿੱਚ ਪੈਂਦਾ ਹੈ, ਉੱਥੇ ਮੇਰਾ ਸਵੇਰ ਦੇ ਖਾਣੇ 'ਤੇ ਸਵਾਗਤ ਕੀਤਾ। ਓਟਮੀਲ, ਬੇਰੀਜ਼ (ਇੱਕ ਤਰ੍ਹਾਂ ਦਾ ਫਲ) ਅਤੇ ਕੌਫੀ ਪਰੋਸੀ ਗਈ, ਸਵੇਰ ਦਾ ਖਾਣਾ (ਪਰ ਕੋਈ ਖੰਡ ਵਾਲਾ ਅਨਾਜ ਨਹੀਂ) ਲੋਮਾ ਲਿੰਡਾ ਵਾਂਗ ਹੀ ਸ਼ੁੱਧ ਸੀ।

ਲੋਮਾ ਲਿੰਡਾ ਦੀ ਪਛਾਣ ਦੁਨੀਆਂ ਦੇ ਕਥਿਤ ਬਲੂ ਜ਼ੋਨਾਂ ਵਜੋਂ ਕੀਤੀ ਗਈ ਹੈ, ਉਹ ਥਾਂ ਜਿੱਥੇ ਲੋਕ ਆਮ ਨਾਲੋਂ ਵੱਧ ਸਮਾਂ ਜਿਉਂਦੇ ਹਨ। ਇਸ ਸਥਿਤੀ ਵਿੱਚ, ਇਹ ਸ਼ਹਿਰ ਦਾ ਸੈਵਨਥ-ਡੇ ਐਡਵੈਂਟਿਸਟ ਚਰਚ ਭਾਈਚਾਰਾ ਹੈ, ਜੋ ਲੰਬੇ ਸਮੇਂ ਤੱਕ ਜਿਉਂ ਰਿਹਾ ਹੈ। ਇਹ ਆਮ ਤੌਰ 'ਤੇ ਸ਼ਰਾਬ ਜਾਂ ਕੈਫੀਨ ਨਹੀਂ ਪੀਂਦੇ, ਸ਼ਾਕਾਹਾਰੀ ਜਾਂ ਵੀਗਨ ਖਾਣੇ 'ਤੇ ਨਿਰਭਰ ਰਹਿੰਦੇ ਹਨ। ਇਹ ਆਪਣੇ ਧਰਮ ਦਾ ਫਰਜ਼ ਸਮਝਦੇ ਹਨ ਕਿ ਉਹ ਆਪਣੇ ਸਰੀਰ ਦੀ ਸਭ ਤੋਂ ਵਧੀਆ ਦੇਖਭਾਲ ਕਰਨ, ਜਿੰਨੀ ਉਹ ਕਰ ਸਕਦੇ ਹਨ। ਇਹ ਉਨ੍ਹਾਂ ਦਾ 'ਸਿਹਤ ਸੁਨੇਹਾ' ਹੈ, ਜਿਵੇਂ ਕਿ ਉਹ ਇਸਨੂੰ ਕਹਿੰਦੇ ਹਨ ਅਤੇ ਇਸਨੇ ਹੀ ਉਨ੍ਹਾਂ ਨੂੰ ਦੁਨੀਆਂ ਦੇ ਨਕਸ਼ੇ ਉੱਤੇ ਲਿਆਂਦਾ ਹੈ- ਇਹ ਸ਼ਹਿਰ ਦਹਾਕਿਆਂ ਤੋਂ ਖੋਜ ਦਾ ਵਿਸ਼ਾ ਰਿਹਾ ਹੈ ਕਿ ਇਸਦੇ ਵਸਨੀਕ ਲੰਬੇ ਸਮੇਂ ਤੱਕ ਚੰਗੀ ਤਰ੍ਹਾਂ ਕਿਉਂ ਰਹਿੰਦੇ ਹਨ।

ਲੋਮਾ ਲਿੰਡਾ ਯੂਨੀਵਰਸਿਟੀ ਦੇ ਡਾਕਟਰ ਗੈਰੀ ਫਰੇਜ਼ਰ ਮੁਤਾਬਕ ਸੈਵਨਥ-ਡੇ ਐਡਵੈਂਟਿਸਟ ਕਮਿਊਨਿਟੀ ਦੇ ਮੈਂਬਰ ਨਾ ਸਿਰਫ਼ ਲੰਬੀ ਉਮਰ ਦੀ ਉਮੀਦ ਕਰਦੇ ਹਨ, ਸਗੋਂ ਸਿਹਤਮੰਦ ਜ਼ਿੰਦਗੀ ਦੀ ਵੀ ਆਸ ਰੱਖਦੇ ਹਨ- ਮਤਲਬ ਚੰਗੀ ਸਿਹਤ ਨਾਲ ਬਿਤਾਇਆ ਗਿਆ ਸਮਾਂ, ਔਰਤਾਂ ਲਈ ਚਾਰ ਤੋਂ ਪੰਜ ਸਾਲ ਵਾਧੂ ਜਦਕਿ ਪੁਰਸ਼ਾਂ ਲਈ 7 ਸਾਲ ਵਾਧੂ।

ਲੋਮਾ ਲਿੰਡਾ ਦਾ ਕੋਈ ਵੱਡਾ ਰਾਜ਼ ਨਹੀਂ ਹੈ। ਇਸ ਦੇ ਨਾਗਰਿਕ ਸੱਚਮੁੱਚ ਸਿਹਤਮੰਦ ਜੀਵਨ ਬਤੀਤ ਕਰ ਰਹੇ ਹਨ, ਮਾਨਸਿਕ ਤੌਰ 'ਤੇ ਉਤਸ਼ਾਹਿਤ ਰਹਿੰਦੇ ਹਨ ਅਤੇ ਸਮਾਜ ਦੀ ਕਦਰ ਕਰਦੇ ਹਨ। ਇੱਥੇ ਨਿਯਮਿਤ ਤੌਰ 'ਤੇ ਸਿਹਤਮੰਦ ਰਹਿਣ-ਸਹਿਣ 'ਤੇ ਲੈਕਚਰ ਹੁੰਦੇ ਹਨ, ਸੰਗੀਤਕ ਮਿਲਣੀਆਂ ਅਤੇ ਕਸਰਤ ਦੀਆਂ ਕਲਾਸਾਂ ਹੁੰਦੀਆਂ ਹਨ।

ਮੈਂ ਜੂਡੀ ਨਾਲ ਗੱਲਬਾਤ ਕੀਤੀ, ਉਸਨੇ ਮੈਨੂੰ ਦੱਸਿਆ ਕਿ ਉਹ 112 ਹੋਰਾਂ ਲੋਕਾਂ ਦੇ ਨਾਲ ਇੱਕ ਸਾਂਝੀ ਸਹੂਲਤ ਵਾਲੀ ਥਾਂ 'ਤੇ ਰਹਿੰਦੀ ਹੈ, ਜਿੱਥੇ ਹਮੇਸ਼ਾ 'ਦਿਲ ਤੇ ਦਿਮਾਗ ਨੂੰ ਖੋਲ੍ਹਣ ਵਾਲੀ ਗੱਲਬਾਤ ਕਰਨ ਦੀ ਸਮਰੱਥਾ' ਹੁੰਦੀ ਹੈ। ਜੂਡੀ ਨੇ ਕਿਹਾ, "ਜੋ ਮੈਂ ਅਹਿਸਾਸ ਨਹੀਂ ਕੀਤਾ, ਉਹ ਇਹ ਸੀ ਕਿ ਦਿਮਾਗ ਲਈ ਸਮਾਜਿਕ ਸੰਪਰਕ ਕਿੰਨਾ ਮਹੱਤਵਪੂਰਨ ਹੈ। ਇਸ ਤੋਂ ਬਿਨਾ ਇਹ ਸੁੰਗੜਦਾ ਅਤੇ ਦੂਰ ਹੁੰਦਾ ਜਾਪਦਾ ਹੈ।"

ਵਿਗਿਆਨ ਨੇ ਲੰਬੇ ਸਮੇਂ ਤੋਂ ਸਮਾਜਿਕ ਸੰਪਰਕ ਦੇ ਫਾਇਦਿਆਂ ਅਤੇ ਇਕੱਲ ਤੋਂ ਬਚਣ ਦੇ ਲਾਭਾਂ ਨੂੰ ਮਾਨਤਾ ਦਿੱਤੀ ਹੈ; ਪਰ ਹੁਣ ਇਹ ਪਛਾਣ ਕਰਨਾ ਵੀ ਮੁਮਕਿਨ ਹੈ ਕਿ ਕਿਸ ਦੇ ਦਿਮਾਗ ਦੀ ਉਮਰ ਤੇਜ਼ੀ ਨਾਲ ਵੱਧ ਰਹੀ ਹੈ, ਇਸ ਲਈ ਉਨ੍ਹਾਂ ਨੂੰ ਟਰੈਕ ਕੀਤਾ ਜਾ ਸਕਦਾ ਹੈ ਅਤੇ ਭਵਿੱਖ ਵਿੱਚ ਸੰਭਾਵੀ ਤੌਰ 'ਤੇ ਰੋਕਥਾਮ ਦੇ ਤਰੀਕੇ ਨਾਲ ਬਿਹਤਰ ਇਲਾਜ ਕੀਤਾ ਜਾ ਸਕਦਾ ਹੈ। ਜਿਵੇਂ ਜਿਵੇਂ ਅਸੀਂ ਵਧੇਰੇ ਵਿਅਕਤੀਗਤ, ਭਵਿੱਖਵਾਣੀ ਭਰੇ, ਰੋਕਥਾਮ ਵਾਲੀਆਂ ਸਿਹਤ ਸਹੂਲਤਾਂ ਦੇ ਮਾਡਲਾਂ ਵੱਲ ਵਧਦੇ ਹਾਂ, ਅਜਿਹੇ ਵਿੱਚ ਸਿਹਤ ਦੇ ਸਾਰੇ ਖੇਤਰਾਂ ਵਿੱਚ ਬਿਮਾਰੀ ਦਾ ਛੇਤੀ ਪਤਾ ਲੱਗਣਾ ਮਹੱਤਵਪੂਰਨ ਹੋਵੇਗਾ; ਆਰਟੀਫਿਸ਼ਲ ਇੰਟੈਲੀਜੈਂਸੀ ਅਤੇ ਵੱਡੇ ਡਾਟਾ ਦੇ ਨਾਲ ਸੰਭਾਵਾਨਾਂ ਵਧਣਗੀਆਂ।

ਮੈਨੂੰ ਦੱਖਣੀ ਕੈਲੀਫੋਰਨੀਆ ਯੂਨੀਵਰਸਿਟੀ ਵਿੱਚ ਜੀਰੋਨਟੋਲੋਜੀ ਅਤੇ ਕੰਪਿਊਟੇਸ਼ਨਲ ਬਾਇਓਲੋਜੀ ਦੇ ਐਸੋਸੀਏਟ ਪ੍ਰੋਫੈਸਰ ਐਂਡਰੀ ਇਰੀਮੀਆ ਨੇ ਉਹ ਕੰਪਿਊਟਰ ਮਾਡਲ ਦਿਖਾਏ, ਜੋ ਇਹ ਮੁਲੰਕਣ ਕਰਦੇ ਹਨ ਕਿ ਸਾਡੇ ਦਿਮਾਗ ਦੀ ਉਮਰ ਕਿਵੇਂ ਵਧਦੀ ਹੈ ਅਤੇ ਉਨ੍ਹਾਂ ਦੀ ਗਿਰਾਵਟ ਦੀ ਭਵਿੱਖਵਾਣੀ ਕਰਦੇ ਹਨ। ਉਨ੍ਹਾਂ ਨੇ ਇਹ ਐਮ.ਆਰ.ਆਈ. ਸਕੈਨ, 15,000 ਦਿਮਾਗਾਂ ਦੇ ਡਾਟਾ ਅਤੇ ਆਰਟੀਫੀਸ਼ਲ ਇੰਟੈਲੀਜੈਂਸ ਦੀ ਵਰਤੋਂ ਕਰਕੇ ਉਨ੍ਹਾਂ ਦੋਹਾਂ ਦਿਮਾਗਾਂ ਦੀ ਚਾਲ ਨੂੰ ਸਮਝਣ ਲਈ ਬਣਾਇਆ, ਜੋ ਸਿਹਤਮੰਦ ਹਨ ਅਤੇ ਬੁੱਢੇ ਹੋ ਰਹੇ ਹਨ, ਤੇ ਜਿਨ੍ਹਾਂ ਵਿੱਚ ਦਿਮਾਗੀ ਕਮਜ਼ੋਰੀ ਵਰਗੀ ਬਿਮਾਰੀ ਦੀ ਪ੍ਰਕਿਰਿਆ ਹੈ।

ਇਹ ਪੈਟਰਨਾਂ ਨੂੰ ਦੇਖਣ ਦਾ ਇੱਕ ਬਹੁਤ ਹੀ ਵਧੀਆ ਤਰੀਕਾ ਹੈ, ਜਿਸ ਬਾਰੇ ਅਸੀਂ ਮਨੁੱਖਾਂ ਦੇ ਰੂਪ ਵਿੱਚ ਨਹੀਂ ਜਾਣਦੇ, ਪਰ ਆਰਟੀਫਿਸ਼ਲ ਇਨਟੈਲੀਜੈਂਸ ਐਲਗੋਰਿਦਮ ਉਨ੍ਹਾਂ ਨੂੰ ਫੜਨ ਦੇ ਯੋਗ ਹੈ।





ਲੇਖਕ ਲਾਰਾ ਲੈਵਿੰਗਟਨ ਆਪਣੇ ਦਿਮਾਗ ਦੇ ਥ੍ਰੀ-ਡੀ ਮਾਡਲ ਦੇ ਨਾਲ

*(ਲਾਰਾ ਲੈਵਿੰਗਟਨ ਨੇ ਦਿਮਾਗ ਦੀ ਸਿਹਤ ਬਾਰੇ ਖੋਜ ਕਰਨ ਵਾਲੇ ਵਿਗਿਆਨੀਆਂ ਤੇ ਮਾਹਰਾਂ ਨੂੰ ਮਿਲਣ ਅਤੇ ਇਹ ਜਾਂਚ ਕਰਨ ਲਈ ਕੈਲੀਫੋਰਨੀਆ ਦੀ ਯਾਤਰਾ ਕੀਤੀ ਕਿ ਅਸੀਂ ਆਪਣੇ ਦਿਮਾਗ ਦੀ ਉਮਰ ਨੂੰ ਕਿਵੇਂ ਬਦਲ ਸਕਦੇ ਹਾਂ?)*

ਪ੍ਰੋ. ਇਰੀਮੀਆ ਨੇ ਮੇਰੇ ਦਿਮਾਗ ਵਿੱਚ ਇੱਕ ਝਾਤ ਮਾਰੀ, ਮੈਂ ਆਪਣੀ ਫੇਰੀ ਤੋਂ ਪਹਿਲਾਂ ਇੱਕ ਐਮ.ਆਰ.ਆਈ. ਸਕੈਨ ਕਰਵਾਇਆ ਸੀ ਅਤੇ ਇਸਦੇ ਨਤੀਜਿਆਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਪ੍ਰੋ. ਇਰੀਮੀਆ ਨੇ ਮੈਨੂੰ ਦੱਸਿਆ ਕਿ ਮੇਰਾ ਦਿਮਾਗ ਮੇਰੀ ਅਸਲ ਉਮਰ ਨਾਲੋਂ ਅੱਠ ਮਹੀਨੇ ਵੱਡਾ ਹੈ (ਹਾਲਾਂਕਿ ਗੱਲ ਕਰਨ ਨੂੰ ਕਾਬੂ ਕਰਨ ਵਾਲੀ ਉਮਰ ਇੰਨੀ ਜ਼ਿਆਦਾ ਨਹੀਂ ਸੀ), ਪ੍ਰੋ. ਇਰੀਮੀਆ ਨੇ ਸੁਝਾਅ ਦਿੱਤਾ ਕਿ ਨਤੀਜਾ ਦੋ ਸਾਲ ਦੀ ਗਲਤੀ ਦੀ ਗੁੰਜ਼ਾਇਸ਼ ਦੇ ਅੰਦਰ ਆਉਂਦਾ ਹੈ।

ਪ੍ਰਾਈਵੇਟ ਕੰਪਨੀਆਂ ਹੁਣ ਇਸ ਤਕਨੀਕ ਦਾ ਵਪਾਰੀਕਰਨ ਕਰਨਾ ਸ਼ੁਰੂ ਕਰ ਰਹੀਆਂ ਹਨ। ਇੱਕ ਫਰਮ ਬ੍ਰੇਨਕੀ ਦੁਨੀਆ ਭਰ ਵਿੱਚ ਕਈ ਤਰ੍ਹਾਂ ਦੇ ਕਲਿਨਿਕਾਂ ਵਿੱਚ ਸੇਵਾ ਦੀ ਪੇਸ਼ਕਸ਼ ਕਰ ਰਹੀ ਹੈ। ਇਸ ਦੇ ਸੰਸਥਾਪਕ ਓਵੇਨ ਫਿਲਿਪਸ ਅਨੁਸਾਰ ਭਵਿੱਖ ਵਿੱਚ ਐਮ.ਆਰ.ਆਈ. ਕਰਵਾਉਣਾ ਆਸਾਨ ਹੋ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਜ਼ਰੀਏ ਆਉਣ ਵਾਲੀਆਂ ਤਸਵੀਰਾਂ ਹੋਰ ਵੀ ਬਿਹਤਰ ਹੋ ਰਹੀਆਂ ਹਨ। ਤਕਨੀਕ ਨਾਲ ਹੁਣ ਸਾਨੂੰ ਸਮੱਸਿਆਵਾਂ ਬਹੁਤ ਪਹਿਲਾਂ ਪਤਾ ਲੱਗ ਸਕਦੀਆਂ ਹਨ ਅਤੇ ਅਸੀਂ ਸਹੀ ਤਰੀਕੇ ਨਾਲ ਸਮਝ ਸਕਦੇ ਹਾਂ ਕਿ ਮਰੀਜ਼ ਦੇ ਦਿਮਾਗ ਵਿੱਚ ਕੀ ਬਦਲਾਅ ਹੋ ਰਿਹਾ ਹੈ। ਆਰਟੀਫੀਸ਼ਲ ਇੰਟੈਲੀਜੈਂਸ ਨਾਲ, ਅਸੀਂ ਇਸ ਨੂੰ ਠੀਕ ਕਰਨ ਵਿੱਚ ਮਦਦ ਕਰ ਸਕਦੇ ਹਾਂ।

ਮੇਰੇ ਐਮ.ਆਰ.ਆਈ. ਸਕੈਨ 'ਤੇ ਪ੍ਰੋਫੈਸਰ ਇਰੀਮੀਆ ਦੇ ਵਿਸ਼ਲੇਸ਼ਣ ਨੇ ਮੈਨੂੰ ਜੋ ਦੱਸਿਆ ਸੀ, ਉਸ ਦੇ ਉਲਟ ਬ੍ਰੇਨਕੀ ਦੇ ਅੰਦਾਜ਼ੇ ਨੇ ਮੇਰੇ ਦਿਮਾਗ ਦੀ ਜੀਵ-ਵਿਗਿਆਨਕ ਉਮਰ ਤੋਂ ਇੱਕ ਸਾਲ ਪਿੱਛੇ ਛੱਡ ਦਿੱਤਾ। ਮੈਨੂੰ ਇਸਦਾ ਇੱਕ 3ਡੀ-ਪ੍ਰਿੰਟਿਡ ਮਾਡਲ ਵੀ ਪੇਸ਼ ਕੀਤਾ ਗਿਆ ਸੀ, ਜੋ ਕਿ ਅਹਿਮ ਦਿਖਾਈ ਦਿੰਦਾ ਸੀ।

ਇੱਥੇ ਮਕਸਦ ਇਲਾਜ ਲਈ ਸਿਰਫ਼ ਇੱਕ ਵਧੇਰੇ ਸਟੀਕ ਪਹੁੰਚ ਨਹੀਂ ਹੈ, ਸਗੋਂ ਇਹ ਵੀ ਮਾਪਣਾ ਹੈ ਕਿ ਕੋਈ ਵੀ ਬਦਲਾਅ ਕਿੰਨੀ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ। ਪਿਛਲੇ 200 ਸਾਲਾਂ ਵਿੱਚ ਜੀਵਨ ਦੀ ਸੰਭਾਵਨਾ ਵਿੱਚ ਨਾਟਕੀ ਵਾਧੇ ਨੇ ਉਮਰ-ਸਬੰਧਤ ਬਿਮਾਰੀਆਂ ਨਾਲ ਨਜਿੱਠਣ ਦੀ ਸਮੱਰਥਾ ਵੀ ਵਧਾਈ ਹੈ। ਮੈਂ ਹੈਰਾਨ ਸੀ ਕਿ ਕੀ ਜੇ ਅਸੀਂ ਸਾਰੇ ਲੰਬੇ ਸਮੇਂ ਤੱਕ ਜੀਉਂਦੇ ਰਹੇ, ਤਾਂ ਡਿਮੈਂਸ਼ੀਆ ਸਾਡੇ ਦਰਵਾਜ਼ੇ 'ਤੇ ਦਸਤਕ ਦੇ ਸਕਦਾ ਹੈ?

ਪ੍ਰੋ. ਇਰੀਮੀਆ ਨੇ ਕਿਹਾ ਕਿ ਇਹ ਇੱਕ ਸਿਧਾਂਤ ਹੈ, ਜਿਸ ਦੀ ਕਈਆਂ ਨੇ ਜਾਂਚ ਕੀਤੀ ਹੈ ਭਾਵੇਂ ਕਿ ਇਹ ਸਾਬਤ ਨਹੀਂ ਹੋਇਆ, ਇਸ ਦਾ ਮਕਸਦ ਡਿਮੈਂਸ਼ੀਆ ਨੂੰ ਪਿੱਛੇ ਵੱਲ ਧੱਕਦੇ ਰਹਿਣ ਦਾ ਇੱਕ ਤਰੀਕਾ ਲੱਭਣਾ ਸੀ, ਸਾਡੀਆਂ ਉਮੀਦਾਂ ਤੋਂ ਪਰ੍ਹਾਂ ਤੱਕ। ਇਹ ਸਭ ਸਾਨੂੰ ਵਾਪਿਸ ਉਸੇ ਹੀ ਬਿੰਦੂ 'ਤੇ ਲੈ ਜਾਂਦਾ ਹੈ, ਹਰ ਵਿਗਿਆਨੀ ਤੇ ਡਾਕਟਰ, ਅਤੇ ਨਾਲ ਹੀ ਬਲੂ ਜ਼ੋਨਰ, ਕਹਿੰਦੇ ਹਨ ਕਿ ਜੀਵਨ ਸ਼ੈਲੀ ਦੀ ਕੁੰਜੀ ਹੈ- ਚੰਗੀ ਖੁਰਾਕ, ਤੰਦਰੁਸਤ ਰਹਿਣਾ, ਮਾਨਸਿਕ ਤੌਰ 'ਤੇ ਸਰਗਰਮ ਰਹਿਣਾ ਅਤੇ ਖੁਸ਼ ਰਹਿਣਾ; ਇਹ ਸਭ ਸਾਡੇ ਦਿਮਾਗ ਦੀ ਉਮਰ ਦੇ ਲਈ ਮਹੱਤਵਪੂਰਨ ਹਨ।

ਬਰਕਲੇ ਵਿੱਚ ਕੈਲੀਫੋਰਨੀਆ ਯੂਨੀਵਰਸਿਟੀ ਦੇ ਨਿਊਰੋਸਾਇੰਸ ਅਤੇ ਮਨੋਵਿਗਿਆਨ ਦੇ ਪ੍ਰੋਫੈਸਰ, ਜੋ ਨਾਮੀ ਕਿਤਾਬ 'ਅਸੀਂ ਕਿਉਂ ਸੌਂਦੇ ਹਾਂ' ਦੇ ਲੇਖਕ ਵੀ ਹਨ, ਕਹਿੰਦੇ ਹਨ ਕਿ ਇੱਥੇ ਇੱਕ ਹੋਰ ਫੈਕਟਰ ਵੀ ਹੈ। ਨੀਂਦ ਸਭ ਤੋਂ ਪ੍ਰਭਾਵਸ਼ਾਲੀ ਚੀਜ਼ ਹੈ, ਜੋ ਤੁਸੀਂ ਹਰ ਰੋਜ਼ ਆਪਣੇ ਦਿਮਾਗ ਅਤੇ ਸਰੀਰ ਦੀ ਸਿਹਤ ਨੂੰ ਦਰੁਸਤ ਰੱਖਣ ਲਈ ਲੈਂਦੇ ਹੋ। ਤੁਹਾਡੇ ਦਿਮਾਗ ਦਾ ਕੋਈ ਵੀ ਅਜਿਹਾ ਕੰਮ ਨਹੀਂ ਹੈ, ਜੋ ਤੁਹਾਡੀ ਨੀਂਦ ਦੌਰਾਨ ਬਿਹਤਰ ਨਾ ਹੋਵੇ ਅਤੇ ਪੂਰੀ ਨੀਂਦ ਨਾ ਲੈਣ ਕਾਰਨ ਮਾੜਾ ਪ੍ਰਭਾਵ ਪੈਣਾ ਯਕੀਨੀ ਹੈ। ਉਨ੍ਹਾਂ ਨੇ ਸਾਡੇ ਦਿਮਾਗ ਦੀ ਸਫਾਈ ਪ੍ਰਣਾਲੀ ਬਾਰੇ ਗੱਲ ਕੀਤੀ, ਜੋ ਕਿ ਬੀਟਾ-ਐਮੀਲੋਇਡ ਅਤੇ ਟਾਊ ਪ੍ਰੋਟੀਨ ਨੂੰ ਖ਼ਤਮ ਕਰਦੀ ਹੈ। ਇਹ ਉਸ ਸਮੇਂ ਕੰਮ ਕਰਦੀ ਹੈ, ਜਦੋਂ ਅਸੀਂ ਨੀਂਦ ਵਿੱਚ ਹੁੰਦੇ ਹਾਂ। ਇਹ 'ਅਲਜ਼ਾਈਮਰ' ਦੇ ਦੋ ਮੁੱਖ ਕਾਰਨ ਹਨ।

ਨੀਂਦ ਦੇ ਢੰਗ ਵਿੱਚ ਬਦਲਾਅ ਵੀ ਡਿਮੇਨਸ਼ੀਆ ਨਾਲ ਜੁੜਿਆ ਹੋਇਆ ਹੈ। ਪ੍ਰੋਫ਼ੈਸਰ ਵਾਕਰ ਦੱਸਦੇ ਹਨ ਕਿ ਇਸ ਤੋਂ ਪ੍ਰਭਾਵਿਤ ਮਰੀਜ਼ 60-70 ਸਾਲ ਦੀ ਉਮਰ ਵਿੱਚ ਹੀ ਨਹੀਂ ਸਾਹਮਣੇ ਆਉਂਦੇ, ਬਲਕਿ ਕਈ ਵਾਰ 30 ਸਾਲ ਦੀ ਉਮਰ ਵਿੱਚ ਵੀ ਇਹ ਲੱਛਣ ਹੋ ਸਕਦੇ ਹਨ। ਇਸ ਲਈ ਸਲੀਪ ਟਰੈਕਿੰਗ ਯਾਨਿ ਨੀਂਦ ਦਾ ਰਿਕਾਰਡ ਰੱਖ ਕੇ ਤਬਦੀਲੀਆਂ ਦੀ ਪਛਾਣ ਕਰਨਾ ਸੰਭਾਵੀ ਤੌਰ 'ਤੇ ਮੱਧ ਜੀਵਨ 'ਚ ਬਿਮਾਰੀ ਦੀ ਰੋਕਥਾਮ ਦਾ ਮਾਡਲ ਬਣ ਸਕਦਾ ਹੈ।

ਸੈਨ ਫਰਾਂਸਿਸਕੋ ਦੀ ਇੱਕ ਬਾਇਓਟੈਕ ਕੰਪਨੀ ਫੌਨਾ ਬਾਇਓ ਗਲਿਹਰੀਆਂ ਬਾਰੇ ਹਾਈਬਰਨੇਸ਼ਨ ਦੌਰਾਨ ਦਾ ਅਤੇ ਇਸ ਤੋਂ ਬਾਅਦ ਦਾ ਡਾਟਾ ਇਕੱਠਾ ਕਰ ਰਹੀ ਹੈ। ਟੌਰਪੋਰ ਦੀ ਇਸ ਅਵਸਥਾ ਵਿੱਚ, ਜਿਵੇਂ ਕਿ ਗਲਿਹਰੀਆਂ ਦੇ ਸਰੀਰ ਦਾ ਤਾਪਮਾਨ ਘੱਟ ਜਾਂਦਾ ਹੈ ਅਤੇ ਉਨ੍ਹਾਂ ਦੀ ਪਾਚਕ ਦਰ ਆਮ ਨਾਲੋਂ ਇੱਕ ਫ਼ੀਸਦੀ ਤੱਕ ਘੱਟ ਜਾਂਦੀ ਹੈ। ਇਸ ਸਮੇਂ ਦੌਰਾਨ ਉਹ ਨਿਊਰੋਨਜ਼ ਨੂੰ ਦੁਬਾਰਾ ਵਿਕਸਿਤ ਕਰਨ ਅਤੇ ਉਨ੍ਹਾਂ ਦੇ ਦਿਮਾਗ ਦੇ ਕਨੈਕਸ਼ਨਾਂ ਨੂੰ ਦੁਬਾਰਾ ਬਣਾਉਣ ਦੇ ਯੋਗ ਨਜ਼ਰ ਆਉਂਦੀਆਂ ਹਨ। ਕੰਪਨੀ ਦਾ ਮਕਸਦ ਮਨੁੱਖਾਂ ਵਿੱਚ ਇਸ ਪ੍ਰਕਿਰਿਆ ਨੂੰ ਦੁਹਰਾਉਣ ਲਈ ਲੋੜੀਂਦੀਆਂ ਦਵਾਈਆਂ ਬਣਾਉਣ ਦੀ ਕੋਸ਼ਿਸ਼ ਕਰਨਾ ਹੈ।

ਜੇ ਉਦਾਸੀ ਰੋਗ ਦਾ ਇਲਾਜ ਨਾ ਕੀਤਾ ਜਾਵੇ ਤਾਂ ਵੀ ਡਿਮੈਂਸ਼ੀਆ ਦਾ ਜੋਖ਼ਮ ਵੱਧ ਜਾਂਦਾ ਹੈ। ਸਟੈਨਫੋਰਡ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਲੀਨੇ ਵਿਲੀਅਮਜ਼ ਨੇ ਐਮ.ਆਰ.ਆਈ. ਸਕੈਨ ਦੀ ਵਰਤੋਂ ਕਰਦੇ ਹੋਏ ਦਿਮਾਗ 'ਤੇ ਡਿਪਰੈਸ਼ਨ ਦੇ ਕੁਝ ਰੂਪਾਂ ਨੂੰ ਉਕਰਨ ਦੇ ਢੰਗ ਦੀ ਪਛਾਣ ਕੀਤੀ ਹੈ। ਇਹ ਸਮਝਣ ਦੀ ਵੀ ਕੋਸ਼ਿਸ਼ ਕੀਤੀ ਹੈ ਕਿ ਇਲਾਜ ਇਸ ਉੱਤੇ ਕਿਵੇਂ ਅਸਰ ਪਾਉਂਦਾ ਹੈ। ਇਹ ਵਿਗਿਆਨੀਆਂ ਨੂੰ ਮਾਨਸਿਕ ਸਿਹਤ ਸਮੱਸਿਆਵਾਂ ਜਿਵੇਂ ਕਿ ਡਿਪਰੈਸ਼ਨ ਦੇ ਮੂਲ ਕਾਰਨਾਂ ਬਾਰੇ ਹੋਰ ਬਿਹਤਰ ਸਮਝ ਬਣਾਉਣ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ। ਇੰਨਾ ਹੀ ਨਹੀਂ, ਮਰੀਜ਼ ਦੇ ਇਲਾਜ ਬਾਰੇ ਵੀ ਸਮਝ ਬਣ ਸਕਦੀ ਹੈ।

ਕਈ ਲੋਕਾਂ ਨੇ ਬ੍ਰਾਇਨ ਜੌਹਨਸਨ ਦੇ ਮੁਕਾਬਲੇ ਬਹੁਤ ਵਧੇਰੇ ਲੰਬੀ ਉਮਰ ਹਾਸਲ ਕਰਨ ਲਈ ਵਿਗਿਆਨ ਵਿੱਚ ਵਧੇਰੇ ਵਿਸ਼ਵਾਸ ਕੀਤਾ ਹੈ। ਤਕਨੀਕੀ ਉਦਯੋਗਪਤੀ ਬ੍ਰਾਇਨ ਆਪਣੀ ਜੈਵਿਕ ਉਮਰ ਨੂੰ ਉਲਟਾਉਣ ਦੀ ਕੋਸ਼ਿਸ਼ ਵਿੱਚ ਕਰੋੜਾਂ ਰੁਪਏ ਖਰਚ ਕਰ ਰਿਹਾ ਹੈ। ਦਰਜਨਾਂ ਸਪਲੀਮੈਂਟ, ਕਈ-ਕਈ ਦਿਨ 19 ਘੰਟੇ ਵਰਤ ਰੱਖਣਾ, ਕਸਰਤ ਕਰਨਾ/ਵਰਕਆਉਟ ਜੋ ਉਨ੍ਹਾਂ ਨੂੰ ਹੱਦੋਂ ਵੱਧ ਫ਼ਿੱਟ ਦਿਖਾਉਣ ਤੇ ਕੁਝ ਅਜਿਹੇ ਵਿਵਦਾਪੂਰਨ ਇਲਾਜ- ਜਿਨ੍ਹਾਂ ਨਾਲ ਬ੍ਰਾਇਨ ਨੂੰ ਲੱਗਦਾ ਹੈ ਕਿ ਉਸ ਘੜੀ ਦੀ ਤੋਰ ਮੋੜ ਸਕਦਾ ਹੈ।


ਬ੍ਰਾਇਨ ਦਾ ਮੰਨਣਾ ਹੈ ਕਿ ਉਹ ਆਪਣੀ ਉਮਰ ਨੂੰ ਵਧਣ ਤੋਂ ਰੋਕ ਸਕਦਾ ਹੈ; ਪਰ ਜਿਵੇਂ ਕਿ 103 ਸਾਲਾ ਮਿਲਡਰੈਡ, ਜਿਨ੍ਹਾਂ ਨੂੰ ਮੈਂ ਲੋਮਾ ਲਿੰਡਾ ਵਿੱਚ ਮਿਲਣ ਗਿਆ ਸੀ, ਨੇ ਜ਼ੋਰਦਾਰ ਢੰਗ ਨਾਲ ਕਿਹਾ, "ਤੁਹਾਨੂੰ ਆਪਣੀ ਖੁਰਾਕ ਪ੍ਰਤੀ ਬਹੁਤ ਸਾਵਧਾਨ ਰਹਿਣ ਦੀ ਲੋੜ ਹੈ, ਪਰ ਬਹੁਤ ਜ਼ਿਆਦਾ ਬਦਲਾਅ ਕਰਨ ਦੀ ਲੋੜ ਨਹੀਂ ਹੈ।" ਉਹ ਸੋਚਦੇ ਹਨ ਕਿ ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਚਾਹੇ ਅਸੀਂ ਥੋੜ੍ਹਾ ਜੀਅ ਸਕੀਏ, ਪਰ ਸਾਨੂੰ ਇਸ ਪ੍ਰਿਕਿਰਿਆ ਨੂੰ ਸਮਝਣ ਦੀ ਲੋੜ ਹੈ।




ਲੋਮਾ ਲਿੰਡਾ (ਲਾਸ ਏਂਜਲਸ)

# ਰਫ਼ਤਾਰ ਦਾ ਸੌਦਾਗਰ ਰਾਵਲਪਿੰਡੀ ਐਕਸਪ੍ਰੈਸ ਸ਼ੋਏਬ ਅਖ਼ਤਰ

**ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਦੁਨੀਆਂ ਦੇ ਸਭ ਤੋਂ ਤੇਜ਼-ਤਰਾਰ ਗੇਂਦਬਾਜ਼ ਸ਼ੋਏਬ ਅਖ਼ਤਰ ਦਾ ਜ਼ਿਕਰ ਹੈ, ਜਿਸ ਨੂੰ ਕ੍ਰਿਕਟ ਦੀ ਦੁਨੀਆਂ ਵਿੱਚ ਰਾਵਲਪਿੰਡੀ ਐਕਸਪ੍ਰੈਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ; ਪਰ ਆਪਣੀ ਤੇਜ਼ ਗੇਂਦ ਵਾਲੇ ਹਮਲਾਵਰ ਸੁਭਾਅ ਦਾ ਅਸਰ ਉਸ ਦੇ ਖੇਡ ਜੀਵਨ ਉਪਰ ਵੀ ਬਹੁਤ ਪਿਆ। ਉਹ ਮੈਦਾਨ ਵਿੱਚ ਵਿਰੋਧੀ ਖਿਡਾਰੀਆਂ ਨਾਲ ਹਮਲਾਵਰ ਹੁੰਦਾ ਹੋਇਆ ਅਕਸਰ ਉਲਝਦਾ ਰਿਹਾ, ਪਰ ਕੁਮੈਂਟਰੀ ਬਾਕਸ ਵਿੱਚ ਭਾਰਤੀ ਕ੍ਰਿਕਟਰਾਂ ਨਾਲ ਉਸ ਦੇ ਮੋਹ ਤੇ ਅਪਣੱਤ ਵਾਲੇ ਰਿਸ਼ਤੇ ਹਨ। ਖੈਰ! ਤੇਜ਼ ਗੇਂਦਬਾਜ਼ੀ ਦੀ ਜਦੋਂ ਵੀ ਗੱਲ ਤੁਰੇਗੀ ਤਾਂ ਸ਼ੋਏਬ ਬਿਨਾ ਹਰ ਚਰਚਾ ਅਧੂਰੀ ਰਹੇਗੀ।**





ਵੱਖ ਵੱਖ ਸਮੇਂ ਵਿਕਟਾਂ ਲੈਣ ਦੌਰਾਨ ਖੁਸ਼ੀ ਦੇ ਰਉਂ 'ਚ ਸ਼ੋਏਬ ਅਖ਼ਤਰ

## ਖਿਡਾਰੀ ਪੰਜ-ਆਬ ਦੇ (21)



**ਨਵਦੀਪ ਸਿੰਘ ਗਿੱਲ**
ਫੋਨ: +91-9780036216

ਪਾਕਿਸਤਾਨ ਕ੍ਰਿਕਟ ਨੂੰ ਤੇਜ਼ ਗੇਂਦਬਾਜ਼ਾਂ ਦੀ ਖਾਨ ਆਖਿਆ ਜਾਂਦਾ ਹੈ, ਜਿਸ ਵਿੱਚੋਂ ਇੱਕ ਤੋਂ ਇੱਕ ਤੇਜ਼ ਗੇਂਦਬਾਜ਼ ਨਿਕਲਿਆ। ਉਪ ਮਹਾਂਦੀਪ ਦੀਆਂ ਦੋ ਕ੍ਰਿਕਟ ਸ਼ਕਤੀਆਂ- ਭਾਰਤ ਤੇ ਪਾਕਿਸਤਾਨ ਬਾਰੇ ਵੀ ਇਹੋ ਆਖਿਆ ਜਾਂਦਾ ਹੈ ਕਿ ਭਾਰਤ ਨੇ ਵਿਸ਼ਵ ਕ੍ਰਿਕਟ ਨੂੰ ਚੋਟੀ ਦੇ ਬੱਲੇਬਾਜ਼ ਦਿੱਤੇ ਹਨ ਅਤੇ ਪਾਕਿਸਤਾਨ ਨੇ ਤੇਜ ਗੇਂਦਬਾਜ਼। ਪਾਕਿਸਤਾਨੀ ਪੇਸਰਾਂ ਵਿੱਚ ਪ੍ਰਾਪਤੀਆਂ ਪੱਖੋਂ ਵਸੀਮ ਅਕਰਮ, ਵੱਕਾਰ ਯੂਨਿਸ, ਇਮਰਾਨ ਖਾਨ ਦੇ ਨਾਮ ਚੋਟੀ ਉਤੇ ਹਨ ਪਰ ਮਕਬੂਲੀਅਤ, ਚਰਚਾਵਾਂ ਅਤੇ ਖ਼ੌਫ਼ ਪੈਦਾ ਕਰਨ ਵਾਲੇ ਤੇਜ਼ ਗੇਂਦਬਾਜ਼ਾਂ ਵਿੱਚ ਸ਼ੋਏਬ ਅਖ਼ਤਰ ਦਾ ਨਾਮ ਆਉਂਦਾ ਹੈ, ਜਿਸ ਨੂੰ ਦੁਨੀਆਂ ਦਾ ਸਭ ਤੋਂ ਤੇਜ਼ ਗੇਂਦਬਾਜ਼ ਬਣਨ ਦਾ ਮਾਣ ਹਾਸਲ ਹੈ। ਇਸੇ ਲਈ ਉਸ ਨੂੰ ਕ੍ਰਿਕਟ ਦੀ ਦੁਨੀਆਂ ਵਿੱਚ ਰਾਵਲਪਿੰਡੀ ਐਕਸਪ੍ਰੈਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਰਫ਼ਤਾਰ ਦਾ ਇਹ ਸੌਦਾਗਰ ਸਭ ਤੋਂ ਤੇਜ਼ ਗੇਂਦ ਸੁੱਟਣ ਵਿੱਚ ਮੀਰੀ ਹੈ। ਕ੍ਰਿਕਟ ਦੀ ਖੇਡ ਵਿੱਚ ਸਭ ਤੋਂ ਤੇਜ਼ ਗੇਂਦ ਸ਼ੋਏਬ ਅਖ਼ਤਰ ਨੇ 2003 ਵਿੱਚ ਇੰਗਲੈਂਡ ਖਿਲਾਫ 161.3 ਕਿਲੋਮੀਟਰ (100.2 ਮੀਲ) ਪ੍ਰਤੀ ਘੰਟਾ ਦੇ ਹਿਸਾਬ ਨਾਲ ਸੁੱਟੀ ਹੈ। ਵਿਸ਼ਵ ਕ੍ਰਿਕਟ ਵਿੱਚ ਸਿਰਫ ਤਿੰਨ ਗੇਂਦਬਾਜ਼ ਹਨ, ਜਿਨ੍ਹਾਂ 100 ਮੀਲ ਪ੍ਰਤੀ ਘੰਟਾ ਤੋਂ ਵੱਧ ਸਪੀਡ ਨਾਲ ਗੇਂਦ ਸੁੱਟੀ ਹੈ ਅਤੇ ਪੰਜ ਗੇਂਦਬਾਜ਼ਾਂ ਨੇ 160 ਕਿਲੋਮੀਟਰ ਪ੍ਰਤੀ ਘੰਟਾ ਦੇ ਹਿਸਾਬ ਨਾਲ ਗੇਂਦ ਸੁੱਟੀ ਹੈ। ਸ਼ੋਏਬ ਅਖ਼ਤਰ ਤੋਂ ਬਾਅਦ ਨਿਊਜ਼ੀਲੈਂਡ ਦੇ ਸ਼ੌਨ ਟੇਟ ਨੇ 161.1 ਕਿਲੋਮੀਟਰ (100.1 ਮੀਲ ਪ੍ਰਤੀ ਘੰਟਾ), ਆਸਟਰੇਲੀਆ ਦੇ ਬਰੈਟ ਲੀ ਨੇ ਵੀ 161.1 ਕਿਲੋਮੀਟਰ (100.1 ਮੀਲ ਪ੍ਰਤੀ ਘੰਟਾ), ਆਸਟਰੇਲੀਆ ਦੇ ਹੀ ਜੈਫਰੀ ਥੌਮਸਨ ਨੇ 160.6 ਕਿਲੋਮੀਟਰ (99.8 ਮੀਲ ਪ੍ਰਤੀ ਘੰਟਾ) ਤੇ ਮਿਸ਼ੇਲ ਸਟਾਰਕ ਨੇ 160.4 ਕਿਲੋਮੀਟਰ (99.7 ਮੀਲ ਪ੍ਰਤੀ ਘੰਟਾ) ਸਭ ਤੋਂ ਤੇਜ਼ ਗੇਂਦ ਸੁੱਟੀ ਹੈ। ਪਾਕਿਸਤਾਨ ਵਿੱਚ ਸ਼ੋਏਬ ਅਖ਼ਤਰ ਤੋਂ ਬਾਅਦ ਤੇਜ਼ ਸੁੱਟਣ ਵਾਲਾ ਗੇਂਦਬਾਜ਼ ਮੁਹੰਮਦ ਸਾਮੀ ਹੈ, ਜਿਸ ਨੇ 156.5 ਕਿਲੋਮੀਟਰ ਪ੍ਰਤੀ ਘੰਟਾ (97.1 ਮੀਲ) ਦੀ ਸਪੀਡ ਨਾਲ ਗੇਂਦ ਸੁੱਟੀ ਸੀ, ਜੋ ਕਿ ਵਿਸ਼ਵ ਕ੍ਰਿਕਟ ਵਿੱਚ ਨੌਵੇਂ ਨੰਬਰ ਉਤੇ ਸਭ ਤੋਂ ਤੇਜ਼ ਗੇਂਦ ਸੁੱਟਣ ਵਾਲਾ ਗੇਂਦਬਾਜ਼ ਹੈ।

ਸ਼ੋਏਬ ਅਖ਼ਤਰ ਦਾ ਜਨਮ 13 ਅਗਸਤ 1975 ਨੂੰ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਸ਼ਹਿਰ ਰਾਵਲਪਿੰਡੀ ਦੇ ਪੰਜਾਬੀ ਗੁੱਜਰ ਪਰਿਵਾਰ ਵਿੱਚ ਹੋਇਆ। ਸ਼ੋਏਬ ਦਾ ਪਿਤਾ ਮੁਹੰਮਦ ਅਖ਼ਤਰ ਧਾਰਮਿਕ ਬਿਰਤੀ ਦੇ ਸੁਭਾਅ ਦਾ ਮਿਹਨਤੀ ਇਨਸਾਨ ਸੀ, ਜੋ ਆਰਥਿਕ ਤੌਰ ਉਤੇ ਬਹੁਤ ਕਮਜ਼ੋਰ ਸੀ। ਉਹ ਰਾਤ ਨੂੰ ਪੈਟਰੋਲ ਪੰਪ ਉਤੇ ਚੌਕੀਦਾਰ ਦੀ ਡਿਊਟੀ ਕਰ ਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦਾ ਸੀ। ਮੁਹੰਮਦ ਅਖ਼ਤਰ ਤੇ ਉਸ ਦੀ ਬੇਗਮ ਹਮੀਦਾ ਅਵਾਨ ਦੇ ਪੰਜ ਬੱਚੇ ਸਨ, ਜਿਨ੍ਹਾਂ ਵਿੱਚ ਚਾਰ ਲੜਕੇ ਅਤੇ ਚੌਥਾ ਸ਼ੋਏਬ ਸੀ। ਸ਼ੋਏਬ ਦਾ ਬਚਪਨ ਆਰਥਿਤ ਤੰਗੀਆਂ-ਤੁਰਸ਼ੀਆਂ ਵਿੱਚ ਬੀਤਿਆ। ਉਹ ਰਾਵਲਪਿੰਡੀ ਦੇ ਅਸਗਰ ਮੱਲ ਕਾਲਜ ਤੋਂ ਉਚ ਸਿੱਖਿਆ ਹਾਸਲ ਕਰ ਰਿਹਾ ਸੀ। ਘਰ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਉਸ ਨੇ ਕਾਲਜ ਦੀ ਪੜ੍ਹਾਈ ਵਿਚਾਲੇ ਛੱਡ ਕੇ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀ.ਆਈ.ਏ.) ਦੀ ਕ੍ਰਿਕਟ ਟੀਮ ਜੁਆਇਨ ਕਰ ਲਈ। ਟੀਮ ਦੇ ਟਰਾਇਲਾਂ ਵਿੱਚ ਹਿੱਸਾ ਲੈਣ ਮੌਕੇ ਉਸ ਕੋਲ ਬੱਸ ਦਾ ਕਿਰਾਇਆ ਦੇਣ ਜੋਗੇ ਵੀ ਪੈਸੇ ਨਹੀਂ ਸਨ, ਜਿਸ ਲਈ ਉਸ ਨੇ ਬੱਸ ਦੀ ਛੱਤ ਉਤੇ ਬੈਠ ਕੇ ਸਫਰ ਕੀਤਾ।

ਸ਼ੋਏਬ ਨੇ ਆਪਣਾ ਲਿਸਟ-ਏ ਕਰੀਅਰ 1993-94 ਵਿੱਚ ਸ਼ੁਰੂ ਕੀਤਾ ਅਤੇ ਫਸਟ ਕਲਾਸ ਕਰੀਅਰ 1994-95 ਵਿੱਚ। ਸ਼ੋਏਬ ਆਪਣੀਆਂ ਸਟੀਕ ਯਾਰਕਰ ਅਤੇ ਤੇਜ਼ ਗੇਂਦਾਂ ਨਾਲ ਜਲਦ ਹੀ ਸੁਰਖੀਆਂ ਵਿੱਚ ਆ ਗਿਆ। ਇਸ ਦੌਰਾਨ ਉਹ ਪਾਕਿਸਤਾਨ ਕ੍ਰਿਕਟ ਬੋਰਡ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਸਾਬਕਾ ਕਪਤਾਨ ਮਜੀਦ ਖਾਨ ਦੀਆਂ ਨਜ਼ਰਾਂ ਉਤੇ ਚੜ੍ਹ ਗਿਆ। ਸ਼ੋਏਬ ਪਾਕਿਸਤਾਨ 'ਏ' ਟੀਮ ਵਿੱਚ ਚੁਣਿਆ ਗਿਆ। 1996 ਵਿੱਚ ਪਾਕਿਸਤਾਨ 'ਏ' ਟੀਮ ਦੇ ਇੰਗਲੈਂਡ ਦੌਰੇ ਤੋਂ ਬਾਅਦ ਉਸ ਦੀ ਚੋਣ ਪਾਕਿਸਤਾਨ ਦੀ ਟੀਮ ਵਿੱਚ ਹੋ ਗਈ, ਜਿੱਥੇ ਉਸ ਨੇ ਨਵੰਬਰ 1997 ਵਿੱਚ ਵੈਸਟ ਇੰਡੀਜ਼ ਖਿਲਾਫ ਆਪਣਾ ਪਹਿਲਾ ਟੈਸਟ ਖੇਡਿਆ। ਮਾਰਚ 1998 ਵਿੱਚ ਜ਼ਿੰਬਾਬਵੇ ਖਿਲਾਫ ਆਪਣਾ ਪਹਿਲਾ ਇੱਕ ਰੋਜ਼ਾ ਅੰਤਰਰਾਸ਼ਟਰੀ ਮੈਚ ਖੇਡਿਆ। ਉਸ ਵੇਲੇ ਪਾਕਿਸਤਾਨ ਟੀਮ ਵਿੱਚ ਵਸੀਮ ਅਕਰਮ ਤੇ ਵੱਕਾਰ ਯੂਨਿਸ ਦੋ ਚੋਟੀ ਦੇ ਤੇਜ਼ ਗੇਂਦਬਾਜ਼ ਮੌਜੂਦ ਸਨ ਅਤੇ ਤੀਜਾ ਤੇਜ਼ ਗੇਂਦਬਾਜ਼ ਆਕਿਬ ਜਾਵੇਦ ਮੌਜੂਦ ਸੀ। ਸ਼ੋਏਬ ਦੇ ਨਾਲ ਇੱਕ ਹੋਰ ਤੇਜ਼ ਗੇਂਦਬਾਜ਼ ਆਲ ਰਾਊਂਡਰ ਅਜ਼ਹਰ ਮਹਿਮੂਦ ਨੇ ਪਾਕਿਸਤਾਨ ਟੀਮ ਵਿੱਚ ਦਾਖਲਾ ਪਾਇਆ। ਡੇਢ ਸਾਲ ਬਾਅਦ ਛੇਵਾਂ ਤੇਜ਼ ਗੇਂਦਬਾਜ਼ ਆਲ ਰਾਊਂਡਰ ਅਬਦੁਲ ਰਜ਼ਾਕ ਵੀ ਟੀਮ ਵਿੱਚ ਆ ਗਿਆ। ਉਸ ਵੇਲੇ ਸਕਲੇਨ ਮੁਸ਼ਤਾਕ ਤੇ ਮੁਸ਼ਤਾਕ ਅਹਿਮਦ ਜਿਹੇ ਦੋ ਚੋਟੀ ਦੇ ਫਿਰਕੀ ਗੇਂਦਬਾਜ਼ ਪਾਕਿਸਤਾਨ ਟੀਮ ਦਾ ਹਿੱਸਾ ਸਨ। ਸ਼ਾਹਿਦ ਅਫਰੀਦੀ ਤੇ ਸੋਹੇਲ ਅੱਬਾਸ ਵਰਗੇ ਆਲ ਰਾਊਂਡਰ ਵੀ ਟੀਮ ਦਾ ਹਿੱਸਾ ਸਨ। ਨੱਬੇਵਿਆਂ ਦੇ ਅਖੀਰ ਵਿੱਚ ਪਾਕਿਸਤਾਨ ਕ੍ਰਿਕਟ ਕੋਲ ਵਿਸ਼ਵ ਦੇ ਬਿਹਤਰੀਨ ਗੇਂਦਬਾਜ਼ ਮੌਜੂਦ ਸਨ, ਜਿਸ ਕਰਕੇ ਆਖਰੀ ਗਿਆਰਾਂ ਖਿਡਾਰੀਆਂ ਵਿੱਚ ਸ਼ਾਮਲ ਹੋਣਾ ਬਹੁਤ ਵੱਡੀ ਗੱਲ ਸੀ। ਵੱਕਾਰ ਤੇ ਵਸੀਮ ਦੇ ਹੁੰਦਿਆਂ ਸ਼ੋਏਬ ਨੇ ਆਪਣੀ ਤੇਜ਼ ਗੇਂਦਬਾਜ਼ੀ ਨਾਲ ਟੀਮ ਵਿੱਚ ਪੁਜੀਸ਼ਨ ਪੱਕੀ ਕਰਦਿਆਂ ਪਹਿਲੇ ਅੱਠ ਟੈਸਟਾਂ ਵਿੱਚ 18 ਵਿਕਟਾਂ ਲਈਆਂ।

1999 ਵਿੱਚ ਸ਼ੋਏਬ ਅਖ਼ਤਰ ਵਿਸ਼ਵ ਕ੍ਰਿਕਟ ਵਿੱਚ ਸਭ ਤੋਂ ਸੁਰਖੀਆਂ ਬਟੋਰਨ ਵਾਲਾ ਗੇਂਦਬਾਜ਼ ਬਣਿਆ, ਜਦੋਂ ਉਸ ਨੇ ਏਸ਼ੀਅਨ ਟੈਸਟ ਚੈਂਪੀਅਨਸ਼ਿਪ ਦੇ ਮੁਕਾਬਲੇ ਵਿੱਚ ਕੋਲਕਾਤਾ ਦੇ ਈਡਨ ਗਾਰਡਨਜ਼ ਵਿਖੇ ਭਾਰਤ ਖਿਲਾਫ ਖੇਡਦਿਆਂ ਦੁਨੀਆਂ ਦੇ ਸਰਵੋਤਮ ਬੱਲੇਬਾਜ਼ਾਂ- ਸਚਿਨ ਤੇਂਦੁਲਕਰ ਤੇ ਰਾਹੁਲ ਦਰਾਵਿੜ ਨੂੰ ਦੋ ਲਗਾਤਾਰ ਗੇਂਦਾਂ ਉਤੇ ਕਲੀਨ ਬੋਲਡ ਕੀਤਾ। ਖਚਾਖਚ ਭਰੇ ਈਡਨ ਗਾਰਡਨਜ਼ ਵਿੱਚ ਇੱਕ ਵਾਰ ਤਾਂ ਪੂਰੀ ਤਰ੍ਹਾਂ ਚੁੱਪੀ ਛਾ ਗਈ ਸੀ। ਸ਼ੋਏਬ ਨੇ ਦੋ ਸਟੀਕ ਇਨ ਸਵਿੰਗ ਯਾਰਕਰ ਬਾਲਾਂ ਸੁੱਟੀਆਂ, ਜਿਸ ਨੂੰ ਕ੍ਰਿਕਟ ਜਗਤ ਵਿੱਚ ਸਰਵੋਤਮ ਗੇਂਦਾਂ ਵਿੱਚੋਂ ਇੱਕ ਆਖਿਆ ਜਾ ਸਕਦਾ। ਇਸ ਨੂੰ ਖੇਡਣ ਵਿੱਚ ਦੋਵੇਂ ਭਾਰਤੀ ਬੱਲੇਬਾਜ਼- ਸਚਿਨ ਤੇ ਦਰਾਵਿੜ ਪੂਰੀ ਤਰ੍ਹਾਂ ਅਸਫਲ ਰਹੇ ਅਤੇ ਕਲੀਨ ਬੋਲਡ ਹੋ ਗਏ। ਸ਼ੋਏਬ ਅਖ਼ਤਰ ਨੇ ਵਿਸ਼ਵ ਕ੍ਰਿਕਟ ਵਿੱਚ ਆਪਣੀ ਮੌਜੂਦਗੀ ਦਰਸਾ ਦਿੱਤੀ। ਉਸ ਮੈਚ ਦੀਆਂ ਦੋਵੇਂ ਪਾਰੀਆਂ ਵਿੱਚ ਸ਼ੋਏਬ ਨੇ ਸਚਿਨ ਦੀ ਵਿਕਟ ਲਈ। ਇਸ ਤੋਂ ਬਾਅਦ ਸ਼ੋਏਬ ਪਾਕਿਸਤਾਨ ਟੀਮ ਦਾ ਅਟੁੱਟ ਹਿੱਸਾ ਬਣ ਗਿਆ।

1999 ਵਿੱਚ ਇੰਗਲੈਂਡ ਵਿਖੇ ਖੇਡੇ ਕ੍ਰਿਕਟ ਵਿਸ਼ਵ ਕੱਪ ਵਿੱਚ ਸ਼ੋਏਬ ਨੇ ਵਸੀਮ, ਵੱਕਾਰ ਤੇ ਅਜ਼ਹਰ ਨਾਲ ਮਿਲ ਕੇ ਪਾਕਿਸਤਾਨੀ ਤੇਜ਼ ਗੇਂਦਬਾਜ਼ੀ ਦੀ ਅਗਵਾਈ ਕੀਤੀ ਅਤੇ ਇਸ ਵਿਸ਼ਵ ਕੱਪ ਵਿੱਚ ਪਾਕਿਸਤਾਨ ਉਪ ਜੇਤੂ ਰਿਹਾ। 2003 ਦੇ ਕ੍ਰਿਕਟ ਵਿਸ਼ਵ ਕੱਪ ਵਿੱਚ ਸ਼ੋਏਬ ਅਖ਼ਤਰ ਦੀ ਧਾਰ ਖੁੰਢੀ ਹੁੰਦੀ ਜਾਪੀ। ਹਾਲਾਂਕਿ ਉਸ ਨੇ ਆਪਣੇ ਕਰੀਅਰ ਅਤੇ ਵਿਸ਼ਵ ਕ੍ਰਿਕਟ ਦੀ ਸਭ ਤੋਂ ਤੇਜ਼ 161.3 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਗੇਂਦ ਸੁੱਟੀ, ਪਰ ਉਹ ਸਪੀਡ ਦੇ ਚੱਕਰ ਵਿੱਚ ਗੇਂਦ ਦੀ ਦਿਸ਼ਾ ਅਤੇ ਲੰਬਾਈ ਉਪਰ ਕੰਟਰੋਲ ਗਵਾ ਰਿਹਾ ਸੀ। ਭਾਰਤ ਖਿਲਾਫ ਅਹਿਮ ਮੈਚ ਵਿੱਚ ਸਚਿਨ ਤੇਂਦੁਲਕਰ ਨੇ ਜਦੋਂ ਸ਼ੋਏਬ ਦੀ ਬਾਊਂਸਰ ਉਤੇ ਥਰਡ ਮੈਨ ਤੇ ਡੀਪ ਬੈਕ ਪੁਆਇੰਟ ਵੱਲ ਛੱਕਾ ਜੜਿਆ ਤਾਂ ਜਾਪਿਆ ਜਿਵੇਂ ਸਚਿਨ 1999 ਦੇ ਕਲੀਨ ਬੋਲਡ ਦਾ ਬਦਲਾ ਲੈ ਰਿਹਾ ਹੋਵੇ। ਵਿਸ਼ਵ ਕੱਪ ਤੋਂ ਬਾਅਦ ਸ਼ੋਏਬ ਟੀਮ ਤੋਂ ਬਾਹਰ ਹੋ ਗਿਆ ਅਤੇ ਫੇਰ ਨਿਊਜ਼ੀਲੈਂਡ ਖਿਲਾਫ਼ ਟੈਸਟ ਵਿੱਚ ਮੁੜ ਵਾਪਸੀ ਹੋਈ। 2004 ਵਿੱਚ ਭਾਰਤ ਖਿਲਾਫ ਮੁਕਾਬਲਿਆਂ ਵਿੱਚ ਵੀ ਸ਼ੋਏਬ ਸੰਘਰਸ਼ ਕਰਦਾ ਨਜ਼ਰ ਆਇਆ।

2005 ਵਿੱਚ ਇੰਗਲੈਂਡ ਖਿਲਾਫ ਸ਼ੋਏਬ ਦੀ ਖੇਡ ਇੱਕ ਵਾਰ ਫੇਰ ਸ਼ਬਾਬ ਉਤੇ ਸੀ। ਉਸ ਨੇ ਆਪਣੀਆਂ ਤੇਜ਼ ਗੇਂਦਾਂ ਦੇ ਨਾਲ ਹੌਲੀ ਗੇਂਦ ਸੁੱਟਣ ਦੀ ਕਲਾ ਨਾਲ ਵੀ ਵਿਰੋਧੀ ਬੱਲੇਬਾਜ਼ਾਂ ਨੂੰ ਪ੍ਰੇਸ਼ਾਨ ਕੀਤਾ ਅਤੇ 17 ਵਿਕਟਾਂ ਲੈ ਕੇ ਸਰਵੋਤਮ ਵਿਕਟਾਂ ਹਾਸਲ ਕਰਨ ਵਾਲਾ ਗੇਂਦਬਾਜ਼ ਬਣਿਆ। ਸ਼ੋਏਬ ਆਪਣੀ ਫਾਰਮ ਅਤੇ ਫਿਟਨੈਸ ਦੇ ਨਾਲ ਕਈ ਵਿਵਾਦਾਂ ਕਰਕੇ ਵੀ ਟੀਮ ਵਿੱਚ ਲਗਾਤਾਰ ਅੰਦਰ-ਬਾਹਰ ਹੁੰਦਾ ਰਿਹਾ। ਬਾਲ ਟੈਂਪਰਿੰਗ, ਡਰੱਗ ਅਤੇ ਮੈਦਾਨ ਵਿੱਚ ਵਿਰੋਧੀ ਟੀਮ ਦੇ ਖਿਡਾਰੀਆਂ ਨਾਲ ਉਲਝਣ ਕਰਕੇ ਉਸ ਉਪਰ ਪਾਬੰਦੀ ਵੀ ਲੱਗਦੀ ਰਹੀ। ਉਹ ਦੂਜਾ ਕ੍ਰਿਕਟਰ ਹੈ, ਜਿਸ ਉਤੇ ਬਾਲ ਟੈਂਪਰਿੰਗ ਕਰਕੇ ਮੈਚ ਖੇਡਣ ਦੀ ਪਾਬੰਦੀ ਲੱਗੀ। ਇਸੇ ਤਰ੍ਹਾਂ ਇੱਕ ਵਾਰ ਉਸ ਨੇ ਦੱਖਣੀ ਅਫਰੀਕੀ ਗੇਂਦਬਾਜ਼ ਪਾਲ ਐਡਮਜ਼ ਨਾਲ ਗਾਲੀ ਗਲੋਚ ਵੀ ਕੀਤੀ, ਜਿਸ ਕਰਕੇ ਉਸ ਉਪਰ ਪਾਬੰਦੀ ਲੱਗੀ। ਆਪਣੀ ਤੇਜ਼ ਗੇਂਦ ਵਾਲੇ ਹਮਲਾਵਰ ਸੁਭਾਅ ਦਾ ਅਸਰ ਉਸ ਦੇ ਖੇਡ ਜੀਵਨ ਉਪਰ ਵੀ ਬਹੁਤ ਪਿਆ। ਉਹ ਮੈਦਾਨ ਵਿੱਚ ਵਿਰੋਧੀ ਖਿਡਾਰੀਆਂ ਨਾਲ ਹਮਲਾਵਰ ਹੁੰਦਾ ਹੋਇਆ ਅਕਸਰ ਉਲਝਦਾ ਰਿਹਾ।

2007 ਵਿੱਚ ਮੈਚਾਂ ਦੀ ਪਾਬੰਦੀ ਤੋਂ ਵਾਪਸੀ ਕਰਦਿਆਂ ਸ਼ੋਏਬ ਨੇ ਦੱਖਣੀ ਅਫਰੀਕਾ ਖਿਲਾਫ ਲੜੀ ਦੇ ਆਖਰੀ ਤੇ ਫੈਸਲਾਕੁੰਨ ਮੈਚ ਵਿੱਚ 4 ਵਿਕਟਾਂ ਲੈ ਕੇ ਆਪਣਾ ਦਮ ਦਿਖਾਇਆ। ਦਸੰਬਰ 2007 ਵਿੱਚ ਭਾਰਤ ਖਿਲਾਫ ਉਸ ਨੇ ਆਪਣਾ ਆਖਰੀ ਟੈਸਟ ਖੇਡਿਆ, ਜਦੋਂ ਕਿ ਆਪਣਾ ਆਖਰੀ ਇੱਕ ਰੋਜ਼ਾ ਮੈਚ ਮਾਰਚ 2011 ਵਿੱਚ ਜਦੋਂ ਭਾਰਤ ਵਿਖੇ ਵਿਸ਼ਵ ਕੱਪ ਖੇਡਿਆ ਗਿਆ। ਹਾਲਾਂਕਿ ਸ਼ੋਏਬ ਨੇ ਆਪਣੀ ਰਿਟਾਇਰਮੈਂਟ ਦਾ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਵਿਸ਼ਵ ਕੱਪ ਤੋਂ ਬਾਅਦ ਉਹ ਸੰਨਿਆਸ ਲੈ ਲਵੇਗਾ, ਪਰ ਵਿਸ਼ਵ ਕੱਪ ਵਿੱਚ ਉਸ ਨੇ ਆਪਣਾ ਆਖਰੀ ਮੈਚ ਨਿਊਜ਼ੀਲੈਂਡ ਖਿਲਾਫ ਗਰੁੱਪ ਸਟੇਜ ਵਿੱਚ ਖੇਡਿਆ। ਨਾਕ ਆਊਟ ਸਟੇਜ ਵਿੱਚ ਉਸ ਨੂੰ ਖੇਡਣ ਦਾ ਮੌਕਾ ਨਾ ਮਿਲਿਆ।

ਸ਼ੋਏਬ ਅਖ਼ਤਰ ਨੇ ਆਪਣੇ ਇੱਕ ਡੇਢ ਦਹਾਕਾ ਕਰੀਅਰ ਵਿੱਚ 46 ਟੈਸਟ ਖੇਡ ਕੇ 178 ਵਿਕਟਾਂ ਹਾਸਲ ਕੀਤੀਆਂ। ਉਸ ਨੇ 12 ਵਾਰ ਇੱਕ ਪਾਰੀ ਵਿੱਚ 5 ਵਿਕਟਾਂ ਅਤੇ ਦੋ ਵਾਰ ਇੱਕ ਮੈਚ ਵਿੱਚ 10 ਵਿਕਟਾਂ ਹਾਸਲ ਕੀਤੀਆਂ। 11 ਦੌੜਾਂ ਦੇ ਕੇ 6 ਵਿਕਟਾਂ ਉਸ ਦਾ ਸਰਵੋਤਮ ਪ੍ਰਦਰਸ਼ਨ ਰਿਹਾ। ਇੱਕ ਰੋਜ਼ਾ ਅੰਤਰਰਾਸ਼ਟਰੀ ਕ੍ਰਿਕਟ ਵਿੱਚ ਸ਼ੋਏਬ ਨੇ 163 ਮੈਚ ਖੇਡ ਕੇ 247 ਵਿਕਟਾਂ ਲਈਆਂ। 4 ਵਾਰ ਪੰਜ ਵਿਕਟਾਂ ਲਈਆਂ, ਜਦੋਂ ਕਿ 16 ਦੌੜਾਂ ਦੇ ਕੇ 6 ਵਿਕਟਾਂ ਸਰਵੋਤਮ ਪ੍ਰਦਰਸ਼ਨ ਰਿਹਾ। ਟਵੰਟੀ-20 ਕੌਮਾਂਤਰੀ ਮੈਚ 15 ਖੇਡੇ, ਜਿਨ੍ਹਾਂ ਵਿੱਚ 19 ਵਿਕਟਾਂ ਲਈਆਂ ਅਤੇ ਸਰਵੋਤਮ ਪ੍ਰਦਰਸ਼ਨ 38 ਦੌੜਾਂ ਦੇ ਕੇ 3 ਵਿਕਟਾਂ ਸਨ। ਸ਼ੋਏਬ ਨੇ ਫਸਟ ਕਲਾਸ ਕ੍ਰਿਕਟ ਵਿੱਚ 133 ਮੈਚ ਖੇਡ ਕੇ 467 ਵਿਕਟਾਂ ਅਤੇ ਲਿਸਟ-ਏ ਕ੍ਰਿਕਟ ਵਿੱਚ 221 ਮੈਚ ਖੇਡ ਕੇ 338 ਵਿਕਟਾਂ ਹਾਸਲ ਕੀਤੀਆਂ ਹਨ।

ਪਾਕਿਸਤਾਨ ਕ੍ਰਿਕਟ ਤੋਂ ਇਲਾਵਾ ਸ਼ੋਏਬ ਨੇ ਘਰੇਲੂ ਕਰੀਅਰ ਵਿੱਚ ਪੀ.ਆਈ.ਏ., ਇਸਲਾਮਾਬਾਦ, ਰਾਵਲਪਿੰਡੀ, ਖਾਨ ਰਿਸਰਚ ਲੈਬ, ਖੇਤੀਬਾੜੀ ਵਿਕਾਸ ਬੈਂਕ ਪਾਕਿਸਤਾਨ ਦੀਆਂ ਟੀਮਾਂ ਵੱਲੋਂ ਕ੍ਰਿਕਟ ਖੇਡੀ। ਇੰਗਲਿਸ਼ ਕਾਊਂਟੀ ਸੀਜ਼ਨ ਵਿੱਚ ਸਰੇ, ਸਮਰਸੈਟ ਵੱਲੋਂ ਕ੍ਰਿਕਟ ਖੇਡੀ। ਆਈ.ਪੀ.ਐਲ. ਦੇ ਸਾਲ 2008 ਸੀਜ਼ਨ ਵਿੱਚ ਉਹ ਕੋਲਕਾਤਾ ਨਾਈਟ ਰਾਈਡਰਜ਼ ਵੱਲੋਂ ਖੇਡਿਆ, ਜਿੱਥੇ ਉਸ ਨੇ ਦਿੱਲੀ ਡੇਅਰਡੈਵਲਿਜ਼ ਖਿਲਾਫ ਇੱਕ ਮੈਚ ਵਿੱਚ 133 ਸਕੋਰ ਨੂੰ ਬਚਾਉਂਦਿਆਂ 11 ਦੌੜਾਂ ਦੇ ਕੇ 4 ਵਿਕਟਾਂ ਲੈ ਲਈਆਂ ਤੇ ਵਿਰੋਧੀ ਟੀਮ ਨੂੰ 110 ਉਤੇ ਆਲ ਆਊਟ ਕਰਵਾਇਆ।

ਸ਼ੋਏਬ ਦਾ 2014 ਵਿੱਚ ਰੁਬਾਬ ਖਾਨ ਨਾਲ ਨਿਕਾਹ ਹੋਇਆ ਅਤੇ ਉਸ ਦੇ ਦੋ ਬੇਟੇ- ਮੀਕਾਈਲ ਅਲੀ ਤੇ ਮੁਜਾਦੀਦ ਅਤੇ ਇੱਕ ਬੇਟੀ ਨੂਰੀਹ ਅਲੀ ਹੈ। ਸ਼ੋਏਬ ਨੇ ਸਤੰਬਰ 2011 ਵਿੱਚ ਆਪਣੀ ਸਵੈ-ਜੀਵਨੀ ਵੀ 'ਕੰਟਰੋਵਰਸਲੀ ਯੂਅਰਜ਼' ਲਿਖੀ। ਉਸ ਨੇ ਓ.ਟੀ.ਟੀ. ਪਲਟੇਫਾਰਮ ਉਤੇ ਆਪਣਾ ਸ਼ੋਏਬ ਅਖ਼ਤਰ ਸ਼ੋਅ ਵੀ ਸ਼ੁਰੂ ਕੀਤਾ। ਉਸ ਨੇ ਟੀ.ਵੀ. ਸ਼ੋਅਜ਼ ਅਤੇ ਫ਼ਿਲਮਾਂ ਵਿੱਚ ਵੀ ਕੰਮ ਕੀਤਾ। ਸ਼ੋਏਬ ਦੇ ਯੂ-ਟਿਊਬ ਚੈਨਲ ਦੇ 35 ਲੱਖ ਤੋਂ ਵੱਧ ਸਬਸਕਰਾਈਬਰਜ਼ ਹਨ। ਸ਼ੋਏਬ ਕ੍ਰਿਕਟ ਮੈਚਾਂ ਦੀ ਕੁਮੈਂਟਰੀ ਵੀ ਕਰਦਾ ਹੈ। ਲਹਿੰਦੇ ਪੰਜਾਬ ਦਾ ਹੋਣ ਕਰਕੇ ਉਸ ਦੀ ਪੰਜਾਬੀ ਵਿੱਚ ਕੁਮੈਂਟਰੀ ਭਾਰਤ ਵਿੱਚ ਬਹੁਤ ਸਲਾਹੀ ਜਾਂਦੀ ਹੈ। ਭਾਰਤੀ ਕ੍ਰਿਕਟਰਾਂ ਨਾਲ ਉਹ ਜਿੱਥੇ ਖੇਡ ਮੈਦਾਨ ਵਿੱਚ ਤਲਖ਼ੀ ਨਾਲ ਪੇਸ਼ ਆਉਂਦਾ ਰਿਹਾ, ਉਥੇ ਕੁਮੈਂਟਰੀ ਬਾਕਸ ਵਿੱਚ ਭਾਰਤੀ ਕ੍ਰਿਕਟਰਾਂ ਨਾਲ ਉਸ ਨੇ ਮੋਹ ਤੇ ਅਪਣੱਤ ਵਾਲੇ ਰਿਸ਼ਤੇ ਹਨ।

ਆਪਣੀ ਬੇਬਾਕ ਤੇ ਸਪੱਸ਼ਟ ਗੱਲ ਕਰਕੇ ਉਹ ਕ੍ਰਿਕਟ ਮਾਹਿਰ ਵਜੋਂ ਭਾਰਤੀ ਟੀ.ਵੀ. ਚੈਨਲਾਂ ਦੀ ਵੀ ਪਹਿਲੀ ਪਸੰਦ ਹੈ। ਉਹ ਅਕਸਰ ਭਾਰਤੀ ਟੀ.ਵੀ. ਚੈਨਲਾਂ ਉਪਰ ਮਾਹਿਰ ਵਜੋਂ ਟਿੱਪਣੀਆਂ ਕਰਦਾ ਨਜ਼ਰ ਆਉਂਦਾ ਹੈ। ਸ਼ੋਏਬ ਦਾ ਖੇਡ ਕਰੀਅਰ ਭਾਵੇਂ ਵੱਡੇ ਖਿਡਾਰੀਆਂ ਵਾਂਗ ਲੰਬਾ ਨਹੀਂ ਰਿਹਾ ਅਤੇ ਵਿਵਾਦ ਵੀ ਕਈ ਹੋਏ, ਪਰ ਆਪਣੀ ਤੇਜ਼ ਗੇਂਦ ਅਤੇ ਸਟੀਕ ਯਾਰਕਰ ਕਰਕੇ ਉਸ ਦੀ ਗਿਣਤੀ ਹਮੇਸ਼ਾ ਹੀ ਖੌਫ਼ਨਾਕ ਗੇਂਦਬਾਜ਼ਾਂ ਵਿੱਚ ਹੁੰਦੀ ਰਹੇਗੀ। ਉਹ ਆਪਣੇ ਲੰਬੇ ਰਨ-ਅੱਪ ਲਈ ਜਾਣਿਆ ਜਾਂਦਾ ਰਿਹਾ, ਜਿਹੜਾ ਕਰੀਬ-ਕਰੀਬ ਬਾਊਂਡਰੀ ਤੋਂ ਭੱਜ ਕੇ ਗੇਂਦ ਸੁੱਟਣ ਆਉਂਦਾ ਸੀ। ਆਪਣੇ ਲੰਬੇ ਵਾਲਾਂ ਨਾਲ ਤੇਜ਼ੀ ਨਾਲ ਭੱਜਦਿਆਂ ਉਸ ਦੇ ਹਵਾ ਵਿੱਚ ਲਹਿਰਾਉਂਦੇ ਵਾਲ ਉਸ ਨੂੰ ਹੋਰ ਵੀ ਦਰਸ਼ਨੀ ਬਣਾਉਂਦੇ ਸਨ। ਵਿਕਟ ਹਾਸਲ ਕਰਨ ਤੋਂ ਬਾਅਦ ਬਾਹਾਂ ਖਿਲਾਰ ਕੇ ਹਵਾ ਵਿੱਚ ਉਡਦਾ ਉਹ ਹੋਰ ਵੀ ਖਿੱਚ ਭਰਪੂਰ ਲੱਗਦਾ ਸੀ। ਉਸ ਦਾ ਤੇਜ਼ ਐਕਸ਼ਨ ਅਤੇ ਸਿੱਧੀ ਜਰਕ ਨਾਲ ਬਾਲ ਸੁੱਟਣ ਦਾ ਅੰਦਾਜ਼ ਵੀ ਨਿਵੇਕਲਾ ਸੀ ਅਤੇ ਆਲੋਚਕ ਉਸ ਦੇ ਐਕਸ਼ਨ ਨੂੰ ਚਕਿੰਗ (ਜਰਕ ਨਾਲ ਸੁੱਟਣਾ) ਦੱਸ ਕੇ ਵਿਵਾਦਤ ਵੀ ਦੱਸਦੇ ਸਨ, ਪਰ ਉਸ ਉਪਰ ਕਿਤੇ ਵੀ ਸ੍ਰੀਲੰਕਾਈ ਸਪਿੰਨਰ ਮੁਥੱਈਆ ਮੁਰਲੀਧਰਨ ਵਾਂਗ ਗੇਂਦਬਾਜ਼ੀ ਐਕਸ਼ਨ ਕਰਕੇ ਪਾਬੰਦੀ ਲੱਗਣ ਦੀ ਨੌਬਤ ਨਹੀਂ ਆਈ। ਤੇਜ਼ ਗੇਂਦਬਾਜ਼ੀ ਦੀ ਜਦੋਂ ਵੀ ਗੱਲ ਤੁਰੇਗੀ ਤਾਂ ਸ਼ੋਏਬ ਬਿਨਾ ਹਰ ਚਰਚਾ ਅਧੂਰੀ ਰਹੇਗੀ।

PAO
www.paochicago.org

# Punjabi American Organization

ਵੱਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 20ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela-2024

## ਤੀਆਂ ਦਾ ਮੇਲਾ-2024

**Ladies Only**





Programme Hosted by
**Jyoti Sharma**
(Famous Punjabi Actor, singer and Anchor)

## July 28th, 2024 Sunday

*Time: 10:30 AM to 4:00 PM*

**Waterford Banquet**
933 S Riverside Dr, Elmhurst, IL 60126

**Chief Guest**
Dr. Darshan Singh Dhaliwal
& Debra Dhaliwal

**Join us and enjoy**
Giddha, Dholki, Singing, Dancing, Mehndi, Shopping and Food

**Tickets:** General- $35 *VIP- $100
*VIP Table- $1000
*Kids 6 years to 12 years - $20
*Kids under 5 years -Free admission

Lunch Included

Please scan QR Code for Tickets

*Grand Sponsors*
**Jodi Bhamra**
**Mac Bhamra**

PROFESSIONAL HEALTHCARE LAB, INC

Special attraction of the Event
**Shaunkan Mele Di ਸ਼ੌਂਕਣ ਮੇਲੇ ਦੀ**
For Participants requirements, contact any team member.

*Gold Sponsors*



SUNIL SHAH
(847) 309 4462

Raj and Bhupinder Singh Dhaliwal
Rita and Sunil shah



**JP Khaira**





***For General inquiries & Sponsors***

Minni Multani 630-935-5239
Naina Singh 847-828-9412
Jasmeet Suga 630-673-6300
Joti Khaira 630-277-1649
Raj Mago 630-890-1362
Naiha Walia 847-687-9074
Jeevan Dhami 847-409-4675
Pinki Walia 847-999-8720
Prabh Khaira 630-267-2107
Sukhi Singh 847-917-3664
Rosie Rehal 630-699-8555
Sheetal 630-442-3334

*Performances/Stalls* Shaloo Chhabra 813-317-6815 Gurpreet K. Singh 630-677-6144

*Tickets* Kamal Hunjan 630-673-5156 Pammi Sangha 630-965-2930 Jolly Dandona 847-630-6417

"Volunteers and new members needed. High school volunteers will get community service hours"

Design by Kuljeet Dyalpuri



# PAO

www.paochicago.org



# Punjabi American Organization

## "ਤੀਆਂ ਦਾ ਮੇਲਾ-2024" ਦੇ ਮਾਣਯੋਗ ਸਪਾਂਸਰ

**Jasmeet & Jasbir Suga**

SUGA BUILDERS & CONSTRUCTION
COMMERCIAL & RESIDENTIAL
LICENSED • BONDED • INSURED

**Kamal and Lucky Sahota**

Safeway Transportation Services Corp.

**Sukhi and Jesse Singh**

RE/MAX AMERICAN DREAM
Call for best Residential / Commercial Real Estate and Mortgage deals.
Ph: 847-606-3664

**Naina & Devinder Singh**

THE GODDARD SCHOOL® FOR EARLY CHILDHOOD DEVELOPMENT



Owner - Naina Singh
Chicago - West Loop
312-625-8866

**Satwant and Avtar S. Multani**

TERABYTE TRUCKING

**Joti & Dr. Harjinder Khaira**

FAMILY AND COSMETIC DENTISTRY
LAKE STREET DENTAL
630.894.8008

**Gurpreet Singh**
Retirement & Insurance Advisor
FUTURITY FIRST Retirement | Life | Health
1211 W 22nd Street
Suite #110
Oak Brook, IL 60523
P: 630-537-0990
C: 630-677-6144
F: 630-537-1371
PreetiSingh@ffig.com
Member MDRT® Leader's Conference Sales Builder Awards



futurityfirst.com/Gurpreet-Singh

**Malinder (Rani) K. Dandona**

**Jagjit & Sarbjit Sehra**
**J K Cargo Trucking Co.**

**Kamal & Inder Hunjan**

**Rupi and Savi Attal**
**Pammi & Amritpal Sangha**
**Hardeep Gill**
**Madeep & Harkewal Lally**
**Deep & Parminder Walia**
**Sarabjit and Harinder Singh MIT**

SWERA
Women Support Group
ਸਵੇਰਾ
SIKH WOMEN ERA

## Supporting Organizations

Punjab Sports Club Chicago
Sher-E-Punjab Sports and Cultural Club, Chicago
Sher-E-Punjab Sports and Heritage Club (Midwest) Chicago

Punjabi Cultural Society (PCS) Chicago
Punjabi Heritage Organization Chicago
SWERA Chicago

## Media Sponsors

ਪੰਜਾਬੀ ਪਰਵਾਜ਼ Punjabi Parwaz
ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

ਪੰਜਾਬ ਟਾਈਮਜ਼

Desi Junction MEDIA & ENTERTAINMENT
Your Connection Back Home

## *Please Join and Support*

# 'ਪੰਜਾਬੀ ਪਰਵਾਜ਼ ਨਾਈਟ' ਦੀਆਂ ਕੁਝ ਹੋਰ ਯਾਦਗਾਰੀ ਤਸਵੀਰਾਂ










































# ‘ਪੰਜਾਬੀ ਪਰਵਾਜ਼ ਨਾਈਟ’ ਦੀ ਸ਼ਾਨ ਵਧਾਉਣ ਵਾਲੇ ਮੁਅੱਜਜ਼ ਮਹਿਮਾਨਾਂ ਅਤੇ ਸਪਾਂਸਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ

‘ਪੰਜਾਬੀ ਪਰਵਾਜ਼ ਨਾਈਟ’ ਮੌਕੇ ਮਿਡਵੈਸਟ ਦੇ ਵੱਖ-ਵੱਖ ਸ਼ਹਿਰਾਂ ਤੋਂ ਉਚੇਚਾ ਪਹੁੰਚਣ ਵਾਲੇ ਸਾਰੇ ਸਤਿਕਾਰਯੋਗ ਮਹਿਮਾਨਾਂ, ਸਪਾਂਸਰਾਂ, ਸਹਿਯੋਗੀਆਂ ਅਤੇ ਸਮੂਹ ਬੋਰਡ ਮੈਂਬਰਾਂ ਦਾ ਬਹੁਤ ਬਹੁਤ ਧੰਨਵਾਦ, ਜਿਨ੍ਹਾਂ ਦੇ ਯਤਨਾਂ ਨਾਲ ‘ਪੰਜਾਬੀ ਪਰਵਾਜ਼’ ਦਾ ਪਲੇਠਾ ਸਮਾਗਮ ਸਫਲਤਾਪੂਰਵਕ ਸੰਪਨ ਹੋ ਗਿਆ ਅਤੇ ਇੱਕ ਮਿਆਰ ਸਥਾਪਤ ਕਰ ਗਿਆ। ਸਮਾਗਮ ਦੌਰਾਨ ਮਹਿਮਾਨਾਂ ਨਾਲ ਗੱਲਬਾਤ ਸਮੇਂ ਜੋ ਸੁਝਾਅ ਸਾਨੂੰ ਮਿਲੇ ਹਨ, ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਉਤੇ ਕੰਮ ਕਰੀਏ ਅਤੇ ਅਖਬਾਰ ਨੂੰ ਹੋਰ ਬਿਹਤਰ ਬਣਾ ਸਕੀਏ।

ਸ਼ਿਕਾਗੋ ਰਹਿੰਦਿਆਂ ਕਰੀਬ 16 ਸਾਲ ਦੇ ਸਫਰ ਵਿੱਚ ਭਾਈਚਾਰਕ ਸ਼ਖਸੀਅਤਾਂ ਵਿੱਚੋਂ ਕੁਝ ਨਾਲ ਰਿਸ਼ਤੇ ਸਮਾਜਿਕ ਤੌਰ ‘ਤੇ ਬਣੇ ਅਤੇ ਕੁਝ ਰਿਸ਼ਤੇ ਪਰਿਵਾਰਕ ਸਾਂਝ ਵਾਲੇ ਵੀ ਬਣੇ; ਜਿਨ੍ਹਾਂ ਨੂੰ ਮਿਲ ਕੇ ਅਪਣੱਤ ਭਰਿਆ ਅਹਿਸਾਸ ਹੁੰਦਾ ਹੈ ਅਤੇ ਪਰਦੇਸ ਵਿੱਚ ਰਹਿੰਦਿਆਂ ਆਪਣੇ ਪਿੱਛੇ ਪਰਿਵਾਰ ਦੀ ਕਮੀ ਥੋੜ੍ਹੀ ਘੱਟ ਮਹਿਸੂਸ ਹੁੰਦੀ ਹੈ। ਅਸੀਂ ਧੰਨਵਾਦੀ ਹਾਂ ਉਨ੍ਹਾਂ ਸਾਰੀਆਂ ਸ਼ਖਸੀਅਤਾਂ ਦੇ, ਜਿਨ੍ਹਾਂ ਦੇ ਪਿਆਰ ਤੇ ਖਲੂਸ ਅਤੇ ਨੇਕ-ਮਸ਼ਵਰੇ ਤੇ ਵਿੱਤੀ ਮਦਦ ਸਦਕਾ ਸਮਾਗਮ ਯਾਦਗਾਰੀ ਹੋ ਨਿਬੜਿਆ। ਜਿਹੜੇ ਸੱਜਣ ਸਮਾਗਮ ਵਿੱਚ ਨਿੱਜੀ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ, ਪਰ ਉਨ੍ਹਾਂ ਦੀਆਂ ਸ਼ੁਭ-ਕਾਮਨਾਵਾਂ ਸਾਡੇ ਨਾਲ ਸਨ, ਅਸੀਂ ਉਨ੍ਹਾਂ ਦਾ ਵੀ ਧੰਨਵਾਦ ਕਰਦੇ ਹਾਂ। *-ਕੁਲਜੀਤ ਦਿਆਲਪੁਰੀ*

‘ਪੰਜਾਬੀ ਪਰਵਾਜ਼ ਨਾਈਟ’ ਮੌਕੇ ਸ਼ਿਕਾਗੋਲੈਂਡ ਦੇ ਵਿਸ਼ੇਸ਼ ਤੌਰ ’ਤੇ ਜਸਵਿੰਦਰ ਸਿੰਘ ਸੰਧੂ, ਜਰਨੈਲ ਸਿੰਘ ਮੱਲ੍ਹੀ, ਸੋਨੀ ਜੱਜ, ਹਰਿੰਦਰ (ਹੈਪੀ) ਰਾਣਾ, ਜਤਿੰਦਰ ਸਿੰਘ ਸੰਘਾ, ਸੰਨੀ ਸੰਧੂ, ਹਰਦਿਆਲ ਸਿੰਘ ਦਿਓਲ, ਡਾ. ਗੁਰਦਿਆਲ ਸਿੰਘ ਬਸਰਾਨ, ਪ੍ਰਦੀਪ ਕਾਹਲੋਂ, ਗੁਲਜ਼ਾਰ ਸਿੰਘ ਮੁਲਤਾਨੀ, ਡਾ. ਰਛਪਾਲ ਸਿੰਘ ਬਾਜਵਾ, ਰਘਵਿੰਦਰ ਸਿੰਘ ਮਾਹਲ, ਬਲਕਾਰ ਸਿੰਘ ਢਿੱਲੋਂ, ਜਗਜੀਤ ਸਿੰਘ ਢੀਂਡਸਾ, ਸੰਨੀ ਕੁਲਾਰ, ਰੌਨੀ ਕੁਲਾਰ, ਜੈਦੇਵ ਸਿੰਘ (ਸੱਤੀ) ਭੱਠਲ, ਪਰਮਿੰਦਰ ਸਿੰਘ ਵਾਲੀਆ-ਦੀਪ ਵਾਲੀਆ, ਪਰਮਜੀਤ ਸਿੰਘ ਸੰਘਾ, ਹਰਇਕਬਾਲਜੀਤ (ਬੱਬੀ) ਸਿੰਘਾ, ਹਰਵੀਰ ਸਿੰਘ ਵਿਰਕ, ਨਿਰਭੈਅ ਸਿੰਘ ਧਨੋਆ, ਮਨਜੀਤ ਸਿੰਘ ਧਨੋਆ, ਗੁਰਮੀਤ ਸਿੰਘ ਬਾਠ ਤੇ ਧਰਮਿੰਦਰ ਸਿੰਘ ਬਾਠ, ਪਰਵਿੰਦਰ ਔਜਲਾ, ਪਰਮਿੰਦਰ ਸਿੰਘ ਮਾਨ ਤੇ ਮਨਦੀਪ ਕੌਰ ਮਾਨ, ਕਮਲ ਸਹੋਤਾ, ਕਿਰਪਾਲ ਕੌਰ ਲਾਲ, ਜੋਤੀ ਖਹਿਰਾ, ਰਵਿੰਦਰ (ਰੌਬੀ) ਸੇਖੋਂ ਤੋਂ ਇਲਾਵਾ ਬਲਜੀਤ ਸਿੱਧੂ ਆਪਣੀ ਪਤਨੀ ਨਾਲ ਉਚੇਚਾ ਟੈਂਪਾ (ਫਲੋਰਿਡਾ) ਤੋਂ ‘ਪੰਜਾਬੀ ਪਰਵਾਜ਼’ ਦੇ ਪਲੇਠੇ ਸਮਾਗਮ ਦੀ ਸ਼ਾਨ ਵਧਾਉਣ ਲਈ ਪਹੁੰਚੇ ਹੋਏ ਸਨ।

ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਤੋਂ ਚੇਅਰਮੈਨ ਡਾ. ਵਿਕਰਮ ਗਿੱਲ, ਭਿੰਦਰ ਪੰਮਾ, ਗੁਰਪ੍ਰੀਤ ਸਿੱਧੂ, ਬਲਵਿੰਦਰ ਸਿੰਘ ਗਿਰਨ, ਨਵਤੇਜ ਸੋਹੀ, ਵਿੱਕ ਸਿੰਘ, ਇੰਦਰ ਵਿਰਕ, ਗੁਰਮੀਤ ਸਿੰਘ ਢਿੱਲੋਂ ਅਤੇ ਗੁਰਦੁਆਰਾ ਪੈਲਾਟਾਈਨ ਦੇ ਕਾਰਸੇਵਾ ਜਥੇ ਵੱਲੋਂ ਸਤਨਾਮ ਸਿੰਘ ਔਲਖ, ਪਾਲ ਧਾਲੀਵਾਲ, ਗੁਰਬਚਨ ਸਿੰਘ ਸੰਧੂ, ਓਂਕਾਰ ਸਿੰਘ ਲਾਲ, ਬਲਦੇਵ ਸਿੰਘ ਗਿੱਲ, ਤਰਲੋਚਨ ਸਿੰਘ ਗਿੱਲ, ਅਵਤਾਰ ਸਿੰਘ ਔਲਖ, ਬਿੰਦਰ ਸੇਖੋਂ, ਕੇਹਰ ਸਿੰਘ, ਬੱਬਲ ਤੇ ਹੋਰ ਸੇਵਾਦਾਰ ਆਏ ਹੋਏ ਸਨ।

ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ ਦੇ ਸਾਬਕਾ ਪ੍ਰਧਾਨ ਲੱਕੀ ਸਹੋਤਾ ਤੇ ਜਿੰਦੀ ਦਿਆਲ ਤੋਂ ਇਲਾਵਾ ਹਰਦੀਪ ਗਿੱਲ, ਰਾਜਾ ਦਿਆਲ, ਜਸਪਾਲ ਮਿੱਢਾ ਤੇ ਸੋਨੂੰ ਖਹਿਰਾ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ ਦੇ ਮੀਤ ਪ੍ਰਧਾਨ ਕਮਲਜੀਤ ਸਿੰਘ ਘੁਮਾਣ, ਸਾਬਕਾ ਪ੍ਰਧਾਨ ਦੀਪਇੰਦਰ ਸਿੰਘ ਵਿਰਕ, ਮਿੰਦਰ ਭੱਠਲ, ਹਰਪ੍ਰੀਤ ਸਿੰਘ ਗਿੱਲ, ਜਗਜੀਤ (ਜੱਗਾ) ਨਾਹਲ, ਮਨਮੋਹਨ ਸਿੰਘ ਭੱਠਲ, ਸੁਖਵੀਰ ਸਿੰਘ ਉਪਲ, ਨਵਜੋਤ ਸਿੰਘ ਅਤੇ ਸ਼ੇਰੇ-ਪੰਜਾਬ ਸਪੋਰਟਸ ਐਂਡ ਹੈਰੀਟੇਜ ਕਲੱਬ-ਸ਼ਿਕਾਗੋ ਦੇ ਮੀਤ ਪ੍ਰਧਾਨ ਜਸਰੂਪ ਸਿੰਘ, ਖਜ਼ਾਨਚੀ ਅੰਮ੍ਰਿਤਪਾਲ ਮਾਂਗਟ ਆਪਣੇ ਹੋਰ ਸਾਥੀਆਂ ਸਮੇਤ ਸਮਾਗਮ ਦੀ ਰੌਣਕ ਵਧਾ ਰਹੇ ਸਨ।

ਕਰਾਊਂਨ ਪੁਆਇੰਟ, ਇੰਡੀਆਨਾ ਤੋਂ ਧਰਮਿੰਦਰ ਸਿੰਘ ਖੱਟੜਾ, ਕੁਲਦੀਪ ਸਿੰਘ ਲੰਗ, ਜੱਗਾ ਬਾਜਵਾ, ਜੱਸੀ ਧਾਲੀਵਾਲ ਤੇ ਹੋਰ ਸੱਜਣ; ਓਹਾਇਓ ਤੋਂ ਸੁਰਿੰਦਰ ਪਾਲ ਤੇ ਹੋਰ ਸੱਜਣ ਅਤੇ ਇੰਡੀਅਨਐਪੋਲਿਸ ਤੋਂ ਵੀ ਮਹਿਮਾਨ ਉਚੇਚਾ ਪਹੁੰਚੇ ਹੋਏ ਸਨ।


ਵਿਸਕਾਨਸਿਨ ਤੋਂ ਕੁਲਵਿੰਦਰ ਧਾਲੀਵਾਲ, ਸਿਮਰਨ ਧਾਲੀਵਾਲ, ਨਰਿੰਦਰ ਕੌਰ ਬੋਪਾਰਾਏ, ਹਰਿੰਦਰ ਸਿੰਘ ਧਾਲੀਵਾਲ, ਪਰਮਜੀਤ ਸਿੱਧੂ ਮਹਿਰਾਜ, ਤੇਜਿੰਦਰ ਸਿੰਘ ਜਿੱਪੀ, ਸੁਖਜੀਤ ਬਰਾੜ ਤੇ ਹੋਰ ਪਤਵੰਤੇ ਅਤੇ ਮੈਡੀਸਨ ਤੋਂ ਹੈਰੀ ਬਰਾੜ, ਨਿਰਭੈਅ ਪਾਂਗਲੀ ਤੇ ਹੋਰ ਸੱਜਣ ਅਤੇ ਕੈਲੀਫੋਰਨੀਆ ਤੋਂ ਰਾਜ ਅਟਵਾਲ ਸਮੇਤ ਹੋਰ ਮੁਅੱਜਜ਼ ਮਹਿਮਾਨ ਹਾਜ਼ਰ ਸਨ।

ਇਸ ਤੋਂ ਇਲਾਵਾ ਸਥਾਨਕ ਭਾਈਚਾਰੇ ਵਿੱਚੋਂ ਗੁਰਮੀਤ ਸਿੰਘ ਬੈਂਸ, ਮਨਜੀਤ ਸਿੰਘ ਢਿੱਲੋਂ, ਡਾ. ਧਰਮ ਸਿੰਘ, ਮੱਖਣ ਸਿੰਘ ਕਲੇਰ, ਸਤਿੰਦਰ ਸੁਸਾਣਾ, ਹਰਜੀਤ ਸਿੰਘ ਗਿੱਲ, ਯਾਦਵਿੰਦਰ ਸਿੰਘ ਗਰੇਵਾਲ, ਵਿੱਕੀ ਗਿੱਲਨ, ਗੌਰਵ ਖੁਰਾਣਾ, ਕੁਲਜੀਤ ਸਿੰਘ ਰਿਐਲਟਰ, ਅਮਰੀਕਪਾਲ ਸਿੰਘ, ਸਰਵਣ ਸਿੰਘ ਰਾਜੂ, ਗੁਰਲਾਭ ਸਿੰਘ; ਭੁਪਿੰਦਰ ਸਿੰਘ-ਰਵਿੰਦਰ ਕੌਰ ਸ਼ੋਕਰ, ਰਾਜਵੀਰ-ਸੰਨੀ ਜੈਨ, ਕਰਨਵੀਰ ਕੌਰ, ਮਨਪ੍ਰੀਤ ਕੌਰ ਚੱਠਾ, ਰਵਿੰਦਰ ਰਵੀ (ਆਰ.ਕੇ. ਕਾਰਪੈਟਸ), ਤਨਦੀਪ ਸਿੰਘ, ਪ੍ਰੀਤੀ ਕੌਰ ਤੇ ਸੁਖਵੀਰ ਕੌਰ ਢਿੱਲੋਂ, ਓਂਕਾਰ ਸਿੰਘ ਸੰਘਾ, ਗੁਰਲੀਨ ਕੌਰ, ਸੰਨੀ ਢਿੱਲੋਂ, ਰਾਜਨ ਭੱਲਾ (ਡੀ.ਜੇ.), ਅਦਾਕਾਰ ਰਾਜੇਸ਼ ਪਵਾਰ, ਸਵਰਨਜੀਤ ਸਿੰਘ, ਹਰਪ੍ਰੀਤ ਕੌਰ ਢਿੱਲੋਂ, ਗੁਰਆਲਮਬੀਰ ਤੇ ਸੁਪਰੀਤ ਢਿੱਲੋ ਅਤੇ ਹੋਰ ਪਤਵੰਤੇ ਵੀ ਪਹੁੰਚੇ ਹੋਏ ਸਨ। ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਆਪਣੇ ਪਰਿਵਾਰਕ ਮੈਂਬਰਾਂ ਅਤੇ ਮਿੱਤਰਾਂ ਨਾਲ ਆਏ ਹੋਏ ਸਨ।

## ‘ਪੰਜਾਬੀ ਪਰਵਾਜ਼ ਨਾਈਟ’ ਦੀਆਂ ਕੁਝ ਹੋਰ ਯਾਦਗਾਰੀ ਤਸਵੀਰਾਂ



















# ਮਨੁੱਖਤਾ ਵਿਰੁੱਧ ਜ਼ੁਲਮ ਅਤੇ ਕੌਮਾਂਤਰੀ ਅਪਰਾਧਿਕ ਅਦਾਲਤ

**ਆਈ.ਸੀ.ਸੀ. ਇੱਕ ਸਥਾਈ ਕੌਮਾਂਤਰੀ ਅਦਾਲਤ ਹੈ, ਜਿਸ ਕੋਲ ਨਸਲਕੁਸ਼ੀ, ਮਨੁੱਖਤਾ ਵਿਰੁੱਧ ਅਪਰਾਧਾਂ ਅਤੇ ਜੰਗੀ ਅਪਰਾਧਾਂ ਲਈ ਜ਼ਿੰਮੇਵਾਰ ਲੋਕਾਂ ਤੇ ਸਿਆਸੀ ਆਗੂਆਂ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਤਾਕਤ ਹੈ**

ਪੰਜਾਬੀ ਪਰਵਾਜ਼ ਬਿਊਰੋ

ਇੰਟਰਨੈਸ਼ਨਲ ਕ੍ਰਿਮੀਨਲ ਕੋਰਟ (ਆਈ.ਸੀ.ਸੀ.) ਯਾਨਿ ਕੌਮਾਂਤਰੀ ਅਪਰਾਧਿਕ ਅਦਾਲਤ ਇਸ ਗੱਲੋਂ ਚਰਚਾ 'ਚ ਹੈ ਕਿ ਹੁਣੇ ਜਿਹੇ ਇਸ ਦੇ ਪ੍ਰੀ-ਟਰਾਇਲ ਚੈਂਬਰ-2 ਦੇ ਜੱਜਾਂ ਨੇ ਕਥਿਤ ਅੰਤਰਰਾਸ਼ਟਰੀ ਅਪਰਾਧਾਂ ਲਈ ਯੂਕਰੇਨ ਦੀ ਸਥਿਤੀ ਦੇ ਸੰਦਰਭ ਵਿੱਚ ਸਰਗੇਈ





**ਸਰਗੇਈ ਕੁਜ਼ੁਗੇਟੋਵਿਚ ਤੇ ਵੈਲੇਰੀ ਵਸੀਲੀਵਿਚ; ਬੈਂਜਾਮਿਨ ਨੇਤਨਯਾਹੂ ਤੇ ਯਾਹਿਆ ਸਿਨਵਰ**

ਕੁਜ਼ੁਗੇਟੋਵਿਚ ਸ਼ੋਇਗੂ ਅਤੇ ਵੈਲੇਰੀ ਵਸੀਲੀਵਿਚ ਗੇਰਾਸਿਮੋਵ ਵਿਰੁੱਧ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। ਮਿਸਟਰ ਸਰਗੇਈ ਕਥਿਤ ਮਾੜੇ ਵਿਹਾਰ ਯਾਨਿ ਅਣਮਨੁੱਖੀ ਕਾਰਵਾਈਆਂ (10 ਅਕਤੂਬਰ 2022 ਤੋਂ 9 ਮਾਰਚ 2023 ਦਰਮਿਆਨ) ਦੇ ਮੱਦੇਨਜ਼ਰ ਰੂਸੀ ਫੈਡਰੇਸ਼ਨ ਦੇ ਰੱਖਿਆ ਮੰਤਰੀ ਸਨ ਅਤੇ ਮਿਸਟਰ ਵੈਲੇਰੀ ਰੂਸੀ ਆਰਮਡ ਫੋਰਸਿਜ਼ ਦੇ ਜਨਰਲ ਸਟਾਫ ਦੇ ਮੁਖੀ ਸਨ। ਇਸਤਗਾਸਾ ਪੱਖ ਵੱਲੋਂ ਦਾਇਰ ਅਰਜ਼ੀਆਂ ਤੋਂ ਬਾਅਦ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ। ਚੈਂਬਰ ਅਨੁਸਾਰ ਇਹ ਮੰਨਣ ਦੇ ਵਾਜਬ ਆਧਾਰ ਹਨ ਕਿ ਰੂਸੀ ਹਥਿਆਰਬੰਦ ਬਲਾਂ ਦੁਆਰਾ ਯੂਕਰੇਨੀ ਇਲੈਕਟ੍ਰਿਕ ਬੁਨਿਆਦੀ ਢਾਂਚੇ ਦੇ ਵਿਰੁੱਧ ਕੀਤੇ ਗਏ ਮਿਜ਼ਾਈਲ ਹਮਲਿਆਂ ਦੀ ਜ਼ਿੰਮੇਵਾਰੀ ਇਨ੍ਹਾਂ ਸ਼ੱਕੀ ਵਿਅਕਤੀ ਸਿਰ ਹੈ।

ਇਸ ਤੋਂ ਇਲਾਵਾ ਪਿੱਛੇ ਜਿਹੇ ਇਸ ਦੇ ਮੁੱਖ ਵਕੀਲ ਕਰੀਮ ਖਾਨ ਨੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਗਾਜ਼ਾ ਵਿੱਚ ਹਮਾਸ ਦੇ ਆਗੂ ਯਾਹਿਆ ਸਿਨਵਰ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਕਰਨ ਲਈ ਅਰਜ਼ੀ ਦਿੱਤੀ ਹੈ। ਕਰੀਮ ਖਾਨ ਦਾ ਕਹਿਣਾ ਹੈ ਕਿ ਇਹ ਮੰਨਣ ਲਈ ਕਾਫ਼ੀ ਹੈ ਕਿ ਦੋਵੇਂ ਆਗੂ ਜੰਗੀ ਅਤੇ ਮਨੁੱਖਤਾ ਵਿਰੁੱਧ ਕੀਤੇ ਅਪਰਾਧਾਂ ਲਈ ਜ਼ਿੰਮੇਵਾਰ ਹਨ, ਇਸ ਲਈ ਲੋੜੀਂਦੇ ਸਬੂਤ ਵੀ ਮੌਜੂਦ ਹਨ। ਹਮਾਸ ਆਗੂ ਦੇ ਮਾਮਲੇ ਵਿੱਚ 'ਘੱਟੋ-ਘੱਟ 7 ਅਕਤੂਬਰ 2023 ਤੋਂ" ਅਤੇ ਇਜ਼ਰਾਇਲੀ ਆਗੂ ਦੇ ਮਾਮਲੇ ਵਿੱਚ 'ਘੱਟੋ-ਘੱਟ 8 ਅਕਤੂਬਰ 2023 ਤੋਂ" ਵਾਪਰ ਰਹੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ। ਹਮਾਸ ਦੇ ਦੋ ਹੋਰ ਆਗੂਆਂ- ਇਸਮਾਈਲ ਹਨੀਹ ਅਤੇ ਮੁਹੰਮਦ ਅਲ-ਮਸਰੀ ਦੇ ਨਾਲ-ਨਾਲ ਇਜ਼ਰਾਇਲ ਦੇ ਰੱਖਿਆ ਮੰਤਰੀ ਯੋਵ ਗੈਲੈਂਟ ਲਈ ਵੀ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਜਾਣ ਦੀ ਮੰਗ ਹੋ ਰਹੀ ਹੈ।

ਦੂਜੇ ਪਾਸੇ, ਜੇਕਰ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਜਾਂਦੇ ਹਨ ਤਾਂ ਇਸਦਾ ਮਤਲਬ ਇਹ ਹੋਵੇਗਾ ਕਿ ਇਜ਼ਰਾਇਲ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਪ੍ਰਧਾਨ ਮੰਤਰੀ ਨੇਤਨਯਾਹੂ ਦੀ ਗ੍ਰਿਫ਼ਤਾਰੀ ਦੀ ਸੰਭਾਵਨਾ ਬਣ ਜਾਵੇਗੀ ਅਤੇ ਉਹ ਪੱਛਮੀ ਸਹਿਯੋਗੀ ਦੇਸ਼ਾਂ ਦਾ ਦੌਰਾ ਕਰਨ ਦੇ ਯੋਗ ਨਹੀਂ ਹੋਣਗੇ।

ਜ਼ਿਕਰਯੋਗ ਹੈ ਕਿ ਨੀਦਰਲੈਂਡ ਦੇ ਹੇਗ ਵਿੱਚ ਆਈ.ਸੀ.ਸੀ. ਇੱਕ ਸਥਾਈ ਕੌਮਾਂਤਰੀ ਅਦਾਲਤ ਹੈ, ਜਿਸ ਕੋਲ ਨਸਲਕੁਸ਼ੀ, ਮਨੁੱਖਤਾ ਵਿਰੁੱਧ ਅਪਰਾਧਾਂ ਅਤੇ ਜੰਗੀ ਅਪਰਾਧਾਂ ਲਈ ਜ਼ਿੰਮੇਵਾਰ ਲੋਕਾਂ ਤੇ ਸਿਆਸੀ ਆਗੂਆਂ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਤਾਕਤ ਹੈ। ਇਹ ਅਦਾਲਤ ਸਾਲ 2002 ਵਿੱਚ ਸਥਾਪਿਤ ਕੀਤੀ ਗਈ ਸੀ, ਜਿਸ ਲਈ ਇੱਕ ਦਹਾਕੇ ਤੋਂ ਵੱਧ ਸਮੇਂ ਲਈ ਕੋਸ਼ਿਸ਼ਾਂ ਕਰਨੀਆਂ ਪਈਆਂ ਸਨ, ਤਾਂ ਜੋ ਇੱਕ ਅਜਿਹੀ ਸੰਸਥਾ ਹੋਂਦ 'ਚ ਆ ਸਕੇ, ਜਿਸ ਕੋਲ ਮਨੁੱਖਤਾ ਉੱਤੇ ਹੋਣ ਵਾਲੇ ਅੱਤਿਆਚਾਰਾਂ ਦੀ ਸਥਿਤੀ ਵਿੱਚ ਦੁਨੀਆਂ ਦੇ ਮਜ਼ਬੂਤ ਅਤੇ ਵੱਡੇ ਆਗੂਆਂ ਖ਼ਿਲਾਫ਼ ਵੀ ਮੁਕੱਦਮਾ ਚਲਾਇਆ ਜਾ ਸਕੇ।

ਕੌਮਾਂਤਰੀ ਆਗੂਆਂ ਨੇ ਯੂਗੋਸਲਾਵ ਜੰਗਾਂ ਦੌਰਾਨ ਅਤੇ ਰਵਾਂਡਾ ਨਸਲਕੁਸ਼ੀ ਦੇ ਮੱਦੇਨਜ਼ਰ ਇਸ ਸੰਸਥਾ ਦੀ ਸਥਾਪਨਾ ਲਈ ਜ਼ੋਰ ਦਿੱਤਾ ਸੀ। ਰੋਮ ਵਿਧਾਨ, ਜਿਸ ਨੇ ਅਦਾਲਤ ਦੀ ਸਥਾਪਨਾ ਕੀਤੀ ਸੀ, ਨੂੰ ਕਰੀਬ ਸਵਾ ਸੌ ਦੇਸ਼ਾਂ ਵੱਲੋਂ ਪ੍ਰਮਾਣਿਤ ਕੀਤਾ ਗਿਆ; ਪਰ ਅਮਰੀਕਾ ਇਸ ਵਿੱਚੋਂ ਗ਼ੈਰ-ਹਾਜ਼ਰ ਰਿਹਾ ਸੀ, ਜਿਸ ਨੇ ਸਭ ਦਾ ਧਿਆਨ ਵੀ ਖਿੱਚਿਆ ਸੀ। ਅਦਾਲਤ ਦੀ ਸਥਾਪਨਾ ਹੋਣ ਤੱਕ ਅਸਥਾਈ ਐਡ-ਹਾਕ ਟ੍ਰਿਬਿਊਨਲਾਂ ਨੇ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਮੁਲਜ਼ਮਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੀ ਮੰਗ ਕੀਤੀ। ਆਈ.ਸੀ.ਸੀ. ਦੀ ਸਥਾਪਨਾ ਇਸ ਖਲਾਅ ਨੂੰ ਭਰਨ ਲਈ ਕੀਤੀ ਗਈ ਸੀ। ਇਸ ਅਦਾਲਤ ਨੂੰ ਆਖ਼ਰੀ ਸਹਾਰਾ ਮੰਨਿਆ ਜਾਂਦਾ ਹੈ ਅਤੇ ਇਹ ਸਿਰਫ਼ ਉਦੋਂ ਹੀ ਦਖਲ ਦਿੰਦੀ ਹੈ, ਜਦੋਂ ਰਾਸ਼ਟਰੀ ਅਧਿਕਾਰੀ ਮੁਕੱਦਮਾ ਨਹੀਂ ਚਲਾ ਸਕਦੇ ਜਾਂ ਯਕੀਨ ਹੋਵੇ ਕਿ ਅਜਿਹਾ ਨਹੀਂ ਕਰਨਗੇ।

ਉਂਜ ਪਹਿਲਾਂ ਵੀ ਅਜਿਹੀਆਂ ਅਦਾਲਤਾਂ ਸਨ, ਪਰ ਜਾਂ ਤਾਂ ਉਨ੍ਹਾਂ ਦੇ ਕੰਮ ਕਰਨ ਦਾ ਤਰੀਕਾ ਵੱਖਰਾ ਸੀ ਜਾਂ ਫ਼ਿਰ ਉਨ੍ਹਾਂ ਦੀਆਂ ਆਪਣੀਆਂ ਕੁਝ ਹੱਦਬੰਦੀਆਂ ਸਨ। ਕੌਮਾਂਤਰੀ ਨਿਆਂ ਅਦਾਲਤ, ਜਿਸ ਨੂੰ ਵਰਲਡ ਕੋਰਟ ਵੀ ਕਿਹਾ ਜਾਂਦਾ ਹੈ, ਸਰਕਾਰਾਂ ਦਰਮਿਆਨ ਚੱਲ ਰਹੇ ਝਗੜਿਆਂ ਖ਼ਿਲਾਫ਼ ਨਿਯਮ ਨਿਰਧਾਰਿਤ ਕਰ ਸਕਦੀ ਹੈ, ਪਰ ਵਿਅਕਤੀਆਂ 'ਤੇ ਮੁਕੱਦਮਾ ਨਹੀਂ ਚਲਾ ਸਕਦੀ। ਯੂਗੋਸਲਾਵੀਆ ਅਤੇ ਰਵਾਂਡਾ ਲਈ ਕੌਮਾਂਤਰੀ ਅਪਰਾਧਿਕ ਟ੍ਰਿਬਿਊਨਲਾਂ ਨੇ ਮਨੁੱਖਤਾ ਦੇ ਵਿਰੁੱਧ ਅਪਰਾਧਾਂ ਲਈ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਚਲਾਇਆ, ਪਰ ਉਸ ਸਥਿਤੀ ਵਿੱਚ ਜਦੋਂ ਉਹ ਉਨ੍ਹਾਂ ਖੇਤਰਾਂ ਵਿੱਚ ਇੱਕ ਨਿਸ਼ਚਿਤ ਸਮੇਂ ਤੱਕ ਰਹੇ ਹੋਣ। ਕੌਮਾਂਤਰੀ ਟ੍ਰਿਬਿਊਨਲ ਦੇ ਉਲਟ ਕੌਮਾਂਤਰੀ ਅਪਰਾਧਿਕ ਅਦਾਲਤ ਇੱਕ ਸਥਾਈ ਸੰਸਥਾ ਹੈ।

ਅਦਾਲਤ ਕੋਲ ਕੋਈ ਵੀ ਪਿਛਲਾ ਅਧਿਕਾਰ ਖੇਤਰ ਨਹੀਂ ਹੈ, ਇਹ ਕੇਵਲ ਜਦੋਂ ਰੋਮ ਕਨੂੰਨ ਲਾਗੂ ਹੋਇਆ ਸੀ, ਪਹਿਲੀ ਜੁਲਾਈ 2002 ਤੋਂ ਬਾਅਦ ਹੋਏ ਅਪਰਾਧਾਂ ਨਾਲ ਨਜਿੱਠ ਸਕਦੀ ਹੈ। ਅਦਾਲਤ ਦੇ ਅਧਿਕਾਰ ਖੇਤਰ ਵਿੱਚ ਸੰਧੀ ਵਿੱਚ ਦੱਸੇ ਗਏ ਮੁਲਕਾਂ ਦੇ ਮਾਮਲਿਆਂ ਨਾਲ ਨਜਿੱਠਣਾ ਆਉਂਦਾ ਹੈ ਅਤੇ ਇਸ ਤੋਂ ਇਲਾਵਾ ਜੇ ਕਿਸੇ ਅਜਿਹੇ ਦੇਸ਼ ਦਾ ਨਾਗਰਿਕ ਸ਼ਿਕਾਇਤ ਦਰਜ ਕਰਵਾਏ ਜਾਂ ਫਿਰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਕਿਸੇ ਕੇਸ ਦਾ ਹਵਾਲਾ ਦਿੰਦੀ ਹੈ ਤਾਂ ਵੀ ਅਦਾਲਤ ਇਸ ਮਾਮਲੇ ਦੀ ਪੈਰਵੀ ਕਰ ਸਕਦੀ ਹੈ। ਯਾਦ ਰਹੇ, ਅਦਾਲਤ ਦਾ ਪਹਿਲਾ ਫ਼ੈਸਲਾ ਮਾਰਚ 2012 ਵਿੱਚ ਆਇਆ ਸੀ। ਇਹ ਕਾਂਗੋ ਲੋਕਤੰਤਰੀ ਗਣਰਾਜ ਵਿੱਚ ਇੱਕ ਅਪਰਾਧਿਕ ਆਗੂ ਥਾਮਸ ਲੁਬੰਗਾ ਦੇ ਵਿਰੁੱਧ ਸੀ। ਉਸ ਨੂੰ ਦੇਸ਼ ਦੇ ਸੰਘਰਸ਼ ਵਿੱਚ ਬੱਚਿਆਂ ਦੀ ਵਰਤੋਂ ਨਾਲ ਸਬੰਧਤ ਜੰਗੀ ਅਪਰਾਧਾਂ ਦਾ ਮੁਲਜ਼ਿਮ ਠਹਿਰਾਇਆ ਗਿਆ ਸੀ ਅਤੇ 14 ਸਾਲ ਦੀ ਸਜ਼ਾ ਸੁਣਾਈ ਗਈ ਸੀ।

ਆਈ.ਸੀ.ਸੀ. ਵਿੱਚ ਲਿਆਉਣ ਲਈ ਸਭ ਤੋਂ ਵੱਧ ਉੱਚ ਰੁਤਬੇ ਵਾਲੇ ਜਿਸ ਵਿਅਕਤੀ ਦਾ ਮਾਮਲਾ ਆਇਆ ਸੀ, ਉਹ ਸੀ ਆਈਵਰੀ ਕੋਸਟ ਦੇ ਸਾਬਕਾ ਰਾਸ਼ਟਰਪਤੀ ਲੌਰੇਂਟ ਗਬਾਗਬੋ। ਗਬਾਗਬੋ 'ਤੇ 2011 ਵਿੱਚ ਕਤਲ, ਬਲਾਤਕਾਰ ਅਤੇ ਜਿਨਸੀ ਹਿੰਸਾ ਦੇ ਹੋਰ ਰੂਪਾਂ-ਅੱਤਿਆਚਾਰ ਅਤੇ 'ਹੋਰ ਅਣਮਨੁੱਖੀ ਕਾਰਵਾਈਆਂ' ਕਰਨ ਦੇ ਇਲਜ਼ਾਮ ਲੱਗੇ ਸਨ। ਹੋਰ ਅਹਿਮ ਮਾਮਲਿਆਂ ਵਿੱਚ ਕੀਨੀਆ ਦੇ ਰਾਸ਼ਟਰਪਤੀ ਉਹੂਰੂ ਕੇਨਿਆਟਾ ਵਿਰੁੱਧ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਇਲਜ਼ਾਮ ਸ਼ਾਮਲ ਹਨ, ਜਿਨ੍ਹਾਂ ਨੂੰ 2007-08 ਵਿੱਚ ਚੋਣਾਂ ਤੋਂ ਬਾਅਦ ਨਸਲੀ ਹਿੰਸਾ ਦੇ ਸਬੰਧ ਵਿੱਚ 2011 ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਇਸ ਘਟਨਾ ਵਿੱਚ 1,200 ਲੋਕਾਂ ਦੀ ਮੌਤ ਹੋ ਗਈ ਸੀ। ਆਈ.ਸੀ.ਸੀ. ਨੇ ਦਸੰਬਰ 2014 ਵਿੱਚ ਕੇਨਿਆਟਾ ਦੇ ਖ਼ਿਲਾਫ਼ ਇਲਜ਼ਾਮਾਂ ਨੂੰ ਹਟਾ ਦਿੱਤਾ ਸੀ। ਆਈ.ਸੀ.ਸੀ. ਵੱਲੋਂ ਲੋੜੀਂਦੇ ਲੋਕਾਂ ਵਿੱਚ ਯੁਗਾਂਡਾ ਦੀ ਬਾਗੀ ਲਹਿਰ, ਲਾਰਡਜ਼ ਰੈਜ਼ਿਸਟੈਂਸ ਆਰਮੀ (ਐੱਲ.ਆਰ.ਏ.) ਦੇ ਆਗੂ ਹਨ, ਜੋ ਉੱਤਰੀ ਯੁਗਾਂਡਾ, ਉੱਤਰ-ਪੂਰਬੀ ਡੀਆਰ ਕਾਂਗੋ ਅਤੇ ਦੱਖਣੀ ਸੁਡਾਨ ਵਿੱਚ ਸਰਗਰਮ ਰਹੇ ਸਨ। ਇਸ ਦੇ ਆਗੂ ਜੋਸੇਫ ਕੋਨੀ ਖ਼ਿਲਾਫ਼ ਹਜ਼ਾਰਾਂ ਬੱਚਿਆਂ ਨੂੰ ਅਗਵਾ ਕਰਨ ਸਮੇਤ ਮਨੁੱਖਤਾ ਵਿਰੁੱਧ ਅਪਰਾਧਾਂ ਅਤੇ ਜੰਗੀ ਅਪਰਾਧਾਂ ਦੇ ਇਲਜ਼ਾਮ ਹਨ।

ਅਦਾਲਤ ਕੋਲ ਸੂਡਾਨ ਦੇ ਸਾਬਕਾ ਰਾਸ਼ਟਰਪਤੀ ਉਮਰ ਅਲ-ਬਸ਼ੀਰ ਲਈ ਇੱਕ ਬਕਾਇਆ ਗ੍ਰਿਫ਼ਤਾਰੀ ਵਾਰੰਟ ਹੈ। ਇਹ ਕਿਸੇ ਦੇਸ਼ ਵਿੱਚ ਮੁਖੀ ਖ਼ਿਲਾਫ਼ ਹੋਣ ਵਾਲਾ ਪਹਿਲਾ ਮਾਮਲਾ ਹੈ। ਜਦੋਂ ਬਸ਼ੀਰ ਨੂੰ ਨਸਲਕੁਸ਼ੀ ਦੇ ਤਿੰਨ ਮਾਮਲੇ, ਜੰਗੀ ਅਪਰਾਧਾਂ ਦੇ ਦੋ ਅਤੇ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਪੰਜ ਮਾਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਸ ਸਮੇਂ ਉਹ ਜੂਨ 2015 ਵਿੱਚ ਦੱਖਣੀ ਅਫਰੀਕਾ ਵਿੱਚ ਇੱਕ ਅਫਰੀਕਨ ਯੂਨੀਅਨ ਦੇ ਸੰਮੇਲਨ ਵਿੱਚ ਸ਼ਾਮਲ ਹੋਇਆ ਸੀ। ਉਸ ਸਮੇਂ ਦੱਖਣੀ ਅਫਰੀਕਾ ਦੀ ਇੱਕ ਅਦਾਲਤ ਨੇ ਹੁਕਮ ਦਿੱਤਾ ਸੀ ਕਿ ਉਸ ਨੂੰ ਦੇਸ਼ ਛੱਡ ਕੇ ਕਿਤੇ ਵੀ ਬਾਹਰ ਜਾਣ ਤੋਂ ਰੋਕਿਆ ਜਾਵੇ। ਅਦਾਲਤ ਨੇ ਇਹ ਫੈਸਲਾ ਵੀ ਸੁਣਾਇਆ ਸੀ ਕਿ ਉਸ ਨੂੰ ਆਈ.ਸੀ.ਸੀ. ਵਾਰੰਟ ਤਹਿਤ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ। ਦੱਖਣੀ ਅਫ਼ਰੀਕਾ ਦੀ ਸਰਕਾਰ ਨੇ ਬਸ਼ੀਰ ਨੂੰ ਜਾਣ ਦੀ ਇਜਾਜ਼ਤ ਦਿੱਤੀ ਅਤੇ ਨਤੀਜੇ ਵਜੋਂ ਇੱਕ ਜੱਜ ਨੇ ਗੁੱਸੇ ਵਿੱਚ ਸਰਕਾਰ 'ਤੇ ਸੰਵਿਧਾਨ ਦੀ ਅਣਦੇਖੀ ਕਰਨ ਦੇ ਇਲਜ਼ਾਮ ਲਾਏ ਸਨ। ਸਰਕਾਰ ਨੇ ਬਦਲੇ ਵਿੱਚ ਆਈ.ਸੀ.ਸੀ. ਛੱਡਣ ਦੀ ਧਮਕੀ ਦਿੱਤੀ ਸੀ।


2023 ਵਿੱਚ ਆਈ.ਸੀ.ਸੀ. ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਉਨ੍ਹਾਂ ਦੀ ਬਾਲ ਅਧਿਕਾਰਾਂ ਦੀ ਕਮਿਸ਼ਨਰ ਮਾਰੀਆ ਲਵੋਵਾ-ਬੇਲੋਵਾ ਦੀ ਗ੍ਰਿਫਤਾਰੀ ਲਈ ਵਾਰੰਟ ਜਾਰੀ ਕੀਤੇ ਸਨ। ਦੋਵਾਂ 'ਤੇ ਜੰਗ ਦੌਰਾਨ ਯੂਕਰੇਨੀ ਬੱਚਿਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਰੂਸ ਵਿੱਚੋਂ ਡਿਪੋਰਟ ਕਰਨ ਦੇ ਇਲਜ਼ਾਮ ਲਾਏ ਗਏ ਸਨ। ਵਾਰੰਟ ਕਾਰਨ ਪੁਤਿਨ ਦੀਆਂ ਵਿਦੇਸ਼ ਯਾਤਰਾਵਾਂ ਪ੍ਰਭਾਵਿਤ ਹੋਈਆਂ ਸਨ। ਰਾਸ਼ਟਰਪਤੀ ਸਿਰਿਲ ਰਾਮਾਫੋਸਾ ਦੀ ਸਰਕਾਰ 'ਤੇ ਪੁਤਿਨ ਦੇ ਦੇਸ਼ ਪਹੁੰਚਣ 'ਤੇ ਉਸ ਨੂੰ ਨਜ਼ਰਬੰਦ ਕਰਨ ਲਈ ਦਬਾਅ ਵਧਣ ਤੋਂ ਬਾਅਦ ਉਸ ਨੂੰ 2023 ਵਿੱਚ ਦੱਖਣੀ ਅਫਰੀਕਾ ਵਿੱਚ ਬ੍ਰਿਕਸ ਸੰਮੇਲਨ ਵਿੱਚ ਹਿੱਸਾ ਨਾ ਲੈਣ ਲਈ ਮਜਬੂਰ ਕੀਤਾ ਗਿਆ ਸੀ।

2021 ਵਿੱਚ ਆਈ.ਸੀ.ਸੀ. ਨੇ ਫ਼ਲਿਸਤੀਨੀ ਖੇਤਰਾਂ ਵਿੱਚ ਕਥਿਤ ਜੰਗੀ ਅਪਰਾਧਾਂ ਦੀ ਰਸਮੀ ਜਾਂਚ ਸ਼ੁਰੂ ਕੀਤੀ ਸੀ। ਫ਼ਲਿਸਤੀਨੀ ਅਥਾਰਟੀ ਨੇ ਅਦਾਲਤ ਨੂੰ ਸਬੂਤ ਪੇਸ਼ ਕਰਕੇ ਇਹ ਦਾਅਵਾ ਕੀਤਾ ਕਿ ਇਜ਼ਰਾਇਲੀ ਫੌਜ ਨੇ ਜੰਗੀ ਅਪਰਾਧ ਕੀਤੇ ਸਨ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਵਿੱਚ ਫ਼ਲਿਸਤੀਨੀ ਸਮੂਹ ਹਮਾਸ ਅਤੇ ਇਜ਼ਰਾਇਲੀ ਫੌਜ- ਦੋਹਾਂ ਵੱਲੋਂ ਜੰਗੀ ਅਪਰਾਧਾਂ ਦੇ ਸਬੂਤ ਮਿਲੇ ਹਨ।

ਆਈ.ਸੀ.ਸੀ. ਨੂੰ ਆਲੋਚਨਾ ਦਾ ਸਾਹਮਣਾ ਵੀ ਕਰਨਾ ਪਿਆ ਹੈ, ਖਾਸ ਤੌਰ 'ਤੇ ਅਫਰੀਕੀ ਯੂਨੀਅਨ ਵੱਲੋਂ ਇਸ ਦੇ ਅਫਰੀਕਾ 'ਤੇ ਧਿਆਨ ਕੇਂਦਰਿਤ ਹੋਣ ਕਾਰਨ। ਅਦਾਲਤ ਦੇ 22 ਸਾਲਾਂ ਦੇ ਇਤਿਹਾਸ ਵਿੱਚ ਇਸ ਨੇ ਸਿਰਫ਼ ਅਫ਼ਰੀਕਾ ਦੇ ਵਿਅਕਤੀਆਂ ਖ਼ਿਲਾਫ਼ ਹੀ ਦੋਸ਼ ਆਇਦ ਕੀਤੇ ਹਨ। ਆਈ.ਸੀ.ਸੀ. ਨੇ ਪੱਖਪਾਤੀ ਹੋਣ ਦੇ ਇਲਜ਼ਾਮਾਂ ਤੋਂ ਲਗਾਤਾਰ ਇਨਕਾਰ ਕੀਤਾ ਹੈ। ਅਦਾਲਤ ਦਾ ਕਹਿਣਾ ਹੈ ਕਿ ਬਹੁਤੇ ਮਾਮਲੇ ਵੱਖ-ਵੱਖ ਦੇਸ਼ਾਂ ਵੱਲੋਂ ਸਾਹਮਣੇ ਲਿਆਏ ਜਾਂਦੇ ਹਨ ਅਤੇ ਕਈ ਵਾਰ ਸੰਯੁਕਤ ਰਾਸ਼ਟਰ ਅਗਵਾਈ ਕਰਦਾ ਹੈ।


ਆਈ.ਸੀ.ਸੀ. ਕੋਲ ਸ਼ੱਕੀਆਂ ਦਾ ਪਤਾ ਲਾਉਣ ਅਤੇ ਗ੍ਰਿਫ਼ਤਾਰ ਕਰਨ ਲਈ ਆਪਣੀ ਕੋਈ ਪੁਲਿਸ ਫੋਰਸ ਨਹੀਂ


⇒ ਬਾਕੀ ਅਗਲੇ ਸਫੇ ਉਤੇ ਪੜ੍ਹੋ


ਉਮਰ ਅਲ-ਬਸ਼ੀਰ


ਲੌਰੇਂਟ ਗਬਾਗਬੋ


ਉਹੁਰੂ ਕੇਨਿਆਟਾ


ਵਲਾਦੀਮੀਰ ਪੁਤਿਨ


ਮਾਰੀਆ ਲਵੋਵਾ-ਬੇਲੋਵਾ

## ਕੌਮਾਂਤਰੀ ਪੱਧਰ 'ਤੇ ਨਿਆਂ ਯਕੀਨੀ ਬਣਾਉਂਦੀ ਹੈ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ

17 ਜੁਲਾਈ ਨੂੰ ਕੌਮਾਂਤਰੀ ਅਪਰਾਧਿਕ ਨਿਆਂ ਦਿਵਸ ਮਨਾਇਆ ਜਾਂਦਾ ਹੈ ਤੇ ਇਸਨੂੰ 'ਡੇਅ ਆਫ਼ ਇੰਟਰਨੈਸ਼ਨਲ ਕ੍ਰਿਮੀਨਲ ਜਸਟਿਸ' ਵਜੋਂ ਵੀ ਦੁਨੀਆ ਭਰ ਵਿਚ ਮਨਾਇਆ ਜਾਂਦਾ ਹੈ। ਸੰਨ 1998 ਵਿੱਚ 17 ਜੁਲਾਈ ਦੇ ਦਿਨ ਵੱਖ-ਵੱਖ ਮੁਲਕਾਂ ਦੇ ਨੁਮਾਇੰਦਿਆਂ ਵੱਲੋਂ 'ਰੋਮ ਸਟੈਚੂ' ਨਾਮਕ ਸੰਧੀ ਕੀਤੀ ਗਈ ਸੀ ਤੇ 124 ਮੁਲਕਾਂ ਨੇ ਇੱਕ ਸੰਧੀ 'ਤੇ ਹਸਤਾਖਰ ਕਰਕੇ ਕੌਮਾਂਤਰੀ ਪੱਧਰ 'ਤੇ ਨਿਆਂ ਪ੍ਰਦਾਨ ਕਰਨ ਹਿੱਤ ਇੱਕ ਅਦਾਰਾ ਕਾਇਮ ਕਰਨ ਅਤੇ ਨਿਯਮ ਬਣਾਉਣ ਦੀ ਪ੍ਰਕਿਰਿਆ ਦੀ ਨੀਂਹ ਰੱਖੀ ਸੀ। ਦਰਅਸਲ ਪਹਿਲੀ ਜੁਲਾਈ 2002 ਨੂੰ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਦੀ ਸਥਾਪਨਾ ਕੀਤੀ ਗਈ ਸੀ। ਇਸ ਅਦਾਲਤ ਵਿਚ 18 ਜੱਜ ਕੰਮ ਕਰਦੇ ਹਨ, ਜਿਨ੍ਹਾਂ ਦਾ ਕਾਰਜਕਾਲ ਨੌਂ ਸਾਲ ਦਾ ਹੁੰਦਾ ਹੈ। ਕੌਮਾਂਤਰੀ ਨਿਆਂ ਦਿਵਸ ਮਨਾਉਣ ਦਾ ਫ਼ੈਸਲਾ ਸੰਨ ਪਹਿਲੀ ਜੂਨ 2010 ਨੂੰ ਯੂਗਾਂਡਾ ਦੇ ਕੰਪਾਲਾ ਵਿਖੇ ਹੋਈ ਕੌਮਾਂਤਰੀ ਕਾਨਫ਼ਰੰਸ ਵਿੱਚ ਕੀਤਾ ਗਿਆ ਸੀ, ਜਿਸ ਵਿੱਚ ਸੰਨ 1998 ਦੀ 'ਰੋਮ ਸਟੈਚੂ' ਸੰਧੀ ਨੂੰ ਰੀਵਿਊ ਕਰਨ ਭਾਵ ਪੁਨਰ ਵਿਚਾਰ ਕਰਨ ਦਾ ਕਾਰਜ ਕੀਤਾ ਗਿਆ ਸੀ।

ਆਈ.ਸੀ.ਸੀ. ਦਾ ਲੋਗੋ

ਦਰਅਸਲ 'ਇੰਟਰਨੈਸ਼ਨਲ ਕ੍ਰਿਮੀਨਲ ਕੋਰਟ' ਦਾ ਗਠਨ ਇਸ ਕਰਕੇ ਕੀਤਾ ਗਿਆ ਸੀ ਤਾਂ ਜੋ ਲੋਕਾਂ ਨੂੰ ਕੌਮਾਂਤਰੀ ਪੱਧਰ 'ਤੇ ਵੀ ਇਨਸਾਫ਼ ਹਾਸਿਲ ਹੋ ਸਕੇ ਅਤੇ ਕੌਮਾਂਤਰੀ ਪੱਧਰ ਦੇ ਅਪਰਾਧੀਆਂ ਨੂੰ ਉਨ੍ਹਾਂ ਦੇ ਅਸਲ ਅੰਜਾਮ ਤੱਕ ਪਹੁੰਚਾਇਆ ਜਾ ਸਕੇ। ਅੱਜ ਦਾ ਇਹ ਦਿਨ ਉਨ੍ਹਾਂ ਸਾਰੇ ਲੋਕਾਂ ਨੂੰ ਇੱਕਜੁਟ ਹੋ ਕੇ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ, ਜੋ ਨਿਆਂ ਦੇ ਹਾਮੀ ਹਨ। ਇਹ ਦਿਵਸ ਸਿਆਸੀ ਜਾਂ ਸਮਾਜਿਕ ਵਿਤਕਰੇ ਜਾਂ ਚਾਲਬਾਜ਼ੀ ਦੇ ਸ਼ਿਕਾਰ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਕੇ ਅਜਿਹੇ ਜੁਰਮਾਂ ਨੂੰ ਠੱਲ੍ਹ ਪਾਉਣ ਦੀ ਗੱਲ ਕਰਦਾ ਹੈ, ਜੋ ਦੁਨੀਆਂ ਦੀ ਸ਼ਾਂਤੀ, ਸੁਰੱਖਿਆ ਅਤੇ ਭਲੇ ਨੂੰ ਖ਼ਤਰੇ 'ਚ ਪਾਉਂਦੇ ਹੋਣ। ਇਸ ਦਿਨ ਦੁਨੀਆਂ ਭਰ ਵਿੱਚ ਨਿਆਂ ਦੇ ਹਾਮੀ ਲੋਕ ਵੱਖ-ਵੱਖ ਸਮਾਗਮ ਅਤੇ ਸੈਮੀਨਾਰ ਆਯੋਜਿਤ ਕਰਦੇ ਹਨ ਤਾਂ ਜੋ ਇੰਟਰਨੈਸ਼ਨਲ ਕ੍ਰਿਮੀਨਲ ਜਸਟਿਸ ਦਾ ਝੰਡਾ ਬੁਲੰਦ ਹੋ ਸਕੇ ਅਤੇ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਨੂੰ ਸਮਰਥਨ ਹਾਸਿਲ ਹੋ ਸਕੇ।

ਦਰਅਸਲ ਕੌਮਾਂਤਰੀ ਕ੍ਰਿਮੀਨਲ ਕੋਰਟ ਵਿੱਚ ਉਨ੍ਹਾਂ ਲੋਕਾਂ 'ਤੇ ਮੁਕੱਦਮੇ ਚਲਾਏ ਜਾਂਦੇ ਹਨ, ਜਿਨ੍ਹਾ 'ਤੇ ਨਸਲੀ ਆਧਾਰ 'ਤੇ ਸਮੂਹਿਕ ਹੱਤਿਆਕਾਂਡ ਕਰਨ, ਯੁੱਧ ਸਬੰਧੀ ਜੁਰਮ ਭਾਵ ਵਾਰ-ਕ੍ਰਾਈਮ ਕਰਨ ਅਤੇ ਮਨੁੱਖਤਾ ਦੇ ਘਾਣ ਸਬੰਧੀ ਕੀਤੇ ਗਏ ਜੁਰਮ ਸ਼ਾਮਿਲ ਹੁੰਦੇ ਹਨ। ਇਹ ਅਦਾਲਤ ਵੱਖ ਵੱਖ ਦੇਸ਼ਾਂ ਦੀਆਂ ਆਪਣੀਆਂ ਉੱਚ-ਅਦਾਲਤਾਂ ਦੀ ਥਾਂ ਨਹੀਂ ਲੈਂਦੀ ਹੈ, ਪਰ ਕੇਵਲ ਉਸ ਵੇਲੇ ਹੀ ਹਰਕਤ ਵਿੱਚ ਆਉਂਦੀ ਹੈ, ਜਦੋਂ ਕੋਈ ਦੇਸ਼ ਕਿਸੇ ਦੋਸ਼ੀ ਖ਼ਿਲਾਫ਼ ਜਾਂ ਤਾਂ ਲੋੜੀਂਦੀ ਕਾਨੂੰਨੀ ਕਾਰਵਾਈ ਕਰਨਾ ਨਹੀਂ ਚਾਹੁੰਦਾ ਹੈ ਜਾਂ ਕਿਸੇ ਕਾਰਨ ਕਾਰਵਾਈ ਕਰਨ ਵਿੱਚ ਅਸਮਰੱਥ ਮਹਿਸੂਸ ਕਰਦਾ ਹੈ। ਪਾਕਿਸਤਾਨ ਵੱਲੋਂ ਦਾਊਦ ਇਬਰਾਹੀਮ ਜਾਂ ਮੌਲਾਨਾ ਮਸੂਦ ਅਜ਼ਹਰ ਸਬੰਧੀ ਲੋੜੀਂਦੀ ਕਾਨੂੰਨੀ ਕਾਰਵਾਈ ਨਾ ਕਰਨ ਨੂੰ ਇਸ ਪਰਿਪੇਖ ਵਿੱਚ ਵੇਖਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਵਿੱਚ ਮੁੱਖ ਤੌਰ 'ਤੇ ਅੰਗਰੇਜ਼ੀ ਅਤੇ ਫ਼ਰੈਂਚ ਭਾਸ਼ਾਵਾਂ ਵਿੱਚ ਕੰਮ ਕੀਤਾ ਜਾਂਦਾ ਹੈ, ਪਰ ਇਨ੍ਹਾਂ ਤੋਂ ਇਲਾਵਾ ਚੀਨੀ, ਰੂਸੀ, ਸਪੈਨਿਸ਼ ਅਤੇ ਅਰਬੀ ਭਾਸ਼ਾਵਾਂ ਦੀ ਵਰਤੋਂ ਵੀ ਇੱਥੇ ਕੀਤੀ ਜਾਂਦੀ ਹੈ।

*-ਪਰਮਜੀਤ ਸਿੰਘ ਬਟਾਲਾ*

# 'ਪੰਜਾਬੀ ਬੋਲੀ ਅਤੇ ਵਿਰਸਾ' ਸੰਬੰਧੀ ਚਰਚਾ ਕਰਦਾ ਦਸਤਾਵੇਜ਼

**ਚਰਚਾ**

**ਰਵਿੰਦਰ ਸਿੰਘ ਸੋਢੀ, ਕੈਨੇਡਾ**
**ਫ਼ੋਨ: 1-604-369-2371**




ਬਹੁ-ਚਰਚਿਤ ਪੰਜਾਬੀ ਪਰਵਾਸੀ ਸਾਹਿਤਕਾਰ ਸੁਖਿੰਦਰ ਬਹੁ-ਵਿਧਾਵੀ ਲੇਖਕ ਹੈ। 1972 ਤੋਂ 2024 ਤੱਕ ਉਹ 46 ਸਾਹਿਤਕ ਪੁਸਤਕਾਂ ਦੀ ਸਿਰਜਣਾ ਕਰ ਚੁੱਕਿਆ ਹੈ- ਵਿਗਿਆਨ, ਕਵਿਤਾ, ਆਲੋਚਨਾ, ਵਾਰਤਕ, ਨਾਵਲ, ਬਾਲ ਸਾਹਿਤ, ਸੰਪਾਦਨ ਆਦਿ ਖੇਤਰਾਂ ਵਿੱਚ। ਉਹ 'ਸੰਵਾਦ' ਮੈਗਜ਼ੀਨ ਦਾ ਸੰਪਾਦਕ ਵੀ ਹੈ ਅਤੇ ਅੰਗ੍ਰੇਜ਼ੀ ਭਾਸ਼ਾ ਵਿੱਚ ਵੀ ਉਸ ਦੀ ਇੱਕ ਪੁਸਤਕ ਪ੍ਰਕਾਸ਼ਿਤ ਹੋ ਚੁਕੀ ਹੈ। ਉਹ ਜਿਹੜੀ ਵੀ ਵਿਧਾ ਵਿੱਚ ਰਚਨਾ ਕਰ ਰਿਹਾ ਹੋਵੇ, ਉਸ ਨਾਲ ਇਨਸਾਫ਼ ਕਰਦਾ ਹੈ। ਸਮੇਂ-ਸਮੇਂ ਵਾਪਰਦੀਆਂ ਮਹੱਤਵਪੂਰਨ ਘਟਨਾਵਾਂ 'ਤੇ ਵੀ ਕਲਮ ਚਲਾਉਂਦਾ ਹੈ। ਮਸਲਨ ਜਦੋਂ ਦੋ-ਤਿੰਨ ਸਾਲ ਪਹਿਲਾਂ ਕੋਵਿਡ ਮਹਾਂਮਾਰੀ ਦੇ ਪ੍ਰਕੋਪ ਨੇ ਵਿਸ਼ਵ ਪੱਧਰ 'ਤੇ ਹੀ ਤਬਾਹੀ ਮਚਾਈ ਤਾਂ ਉਸ ਸੰਬੰਧੀ ਉਸ ਨੇ ਨਾਵਲ ਲਿਖਿਆ; ਜਦੋਂ ਇੰਡੀਆ ਵਿੱਚ ਚੱਲੇ ਕਿਸਾਨ ਅੰਦੋਲਨ ਦੀ ਅੰਤਰ-ਰਾਸ਼ਟਰੀ ਪੱਧਰ 'ਤੇ ਚਰਚਾ ਹੋਈ ਤਾਂ ਉਸ ਨੇ ਕਿਸਾਨ ਅੰਦੋਲਨ ਸੰਬੰਧੀ ਲਿਖੀਆਂ ਕਵਿਤਾਵਾਂ ਵਿੱਚੋਂ ਕੁਝ ਕੁ ਕਵਿਤਾਵਾਂ ਚੁਣ ਕੇ ਇੱਕ ਪੁਸਤਕ ਸੰਪਾਦਿਤ ਕੀਤੀ। ਇਸ ਤੋਂ ਬਾਅਦ ਉਸ ਨੇ ਦੋ ਮਹੱਤਵਪੂਰਨ ਮੁੱਦਿਆਂ ਨੂੰ ਆਧਾਰ ਬਣਾ ਕੇ ਦੋ ਪੁਸਤਕਾਂ ਦਾ ਸੰਪਾਦਨ ਕੀਤਾ, ਜਿਸ ਲਈ ਉਸ ਨੇ ਦੁਨੀਆਂ ਦੇ ਹਰ ਖ਼ਿੱਤੇ ਵਿੱਚ ਵਸੇ ਪੰਜਾਬੀ ਲੇਖਕਾਂ ਨੂੰ ਆਪਣੇ ਵੱਲੋਂ ਨਿਰਧਾਰਤ ਕੀਤੇ ਵਿਸ਼ਿਆਂ 'ਤੇ ਲੇਖ ਲਿਖਣ ਲਈ ਪ੍ਰੇਰਿਤ ਕੀਤਾ। ਇਹ ਦੋ ਪੁਸਤਕਾਂ ਸਨ-ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ: ਖੁੱਲ੍ਹੇ ਭੇਦ ਅਤੇ ਪੰਜਾਬੀ ਸਾਹਿਤ ਅਤੇ ਸਭਿਆਚਾਰ। ਇਸੇ ਲੜੀ ਵਿੱਚ ਉਸ ਦੀ ਤੀਸਰੀ ਪੁਸਤਕ 'ਪੰਜਾਬੀ ਬੋਲੀ ਅਤੇ ਵਿਰਸਾ (ਨਿਬੰਧ) ਹੁਣੇ ਹੀ ਪ੍ਰਕਾਸ਼ਿਤ ਹੋਈ ਹੈ। ਪ੍ਰਸਤੁਤ ਪੁਸਤਕ ਵਿੱਚ ਡਾ. ਦਲਬੀਰ ਸਿੰਘ ਕਥੂਰੀਆ ਉਸ ਦਾ ਸਹਿ ਸੰਪਾਦਕ ਹੈ।

'ਪੰਜਾਬੀ ਬੋਲੀ ਅਤੇ ਵਿਰਸਾ' ਸੰਬੰਧੀ ਸੋਚਣਾ, ਉਸ ਦਾ ਖ਼ਾਕਾ ਉਲੀਕਣਾ, ਵਿਸ਼ਿਆਂ ਦੀ ਚੋਣ ਕਰਨਾ ਅਤੇ ਲੇਖਕਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਦਿੱਤੇ ਗਏ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਦੀ ਚੋਣ ਕਰ ਕੇ ਉਸ ਸੰਬੰਧੀ ਲਿਖਣ ਲਈ ਪ੍ਰੇਰਿਤ ਕਰਨਾ, ਲੇਖਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਤਰਤੀਬ ਦੇਣਾ ਕੋਈ ਸਹਿਜ ਕਾਰਜ ਨਹੀਂ, ਸਗੋਂ ਇੱਕ ਜਟਿਲ ਕਾਰਜ ਹੈ। ਪੁਸਤਕ ਦੀ ਛਪਾਈ ਤੇ ਆਉਣ ਵਾਲੇ ਖਰਚਿਆਂ ਲਈ ਉਸ ਨੇ ਆਪਣੇ ਦੂਜੇ ਸੰਪਾਦਕ ਦੀ ਜ਼ਿੰਮੇਵਾਰੀ ਲਾਈ।

ਇਸ ਪੁਸਤਕ ਵਿੱਚ 37 ਲੇਖ ਹਨ। ਲੇਖਾਂ ਦੇ ਸਿਰਲੇਖਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਸੁਖਿੰਦਰ ਨੇ ਇਸ ਲਈ ਮਿਹਨਤ ਕੀਤੀ ਹੈ: ਪੰਜਾਬੀ ਬੋਲੀ ਅਤੇ ਅਨੇਕਾਂ ਪੰਜਾਬ (ਬਲਵਿੰਦਰ ਸਿੰਘ ਚਾਹਲ ਯੂ.ਕੇ.), ਪੰਜਾਬੀ ਬੋਲੀ ਅਤੇ ਪੰਜਾਬ ਦੀ ਵੰਡ (ਡਾ. ਪਵਨ ਸ਼ਰਮਾ, ਇੰਡੀਆ), ਪੰਜਾਬੀ ਬੋਲੀ ਅਤੇ ਰਾਜਸੀ ਵਿਤਕਰੇ (ਨਿਰੰਜਣ ਬੋਹਾ, ਇੰਡੀਆ), ਪੰਜਾਬੀ ਬੋਲੀ ਦੇ ਵਾਧੇ ਦੇ ਰਾਹ ਵਿੱਚ ਚੁਣੌਤੀਆਂ (ਸੁਖਿੰਦਰ, ਕੈਨੇਡਾ), ਪੰਜਾਬੀ ਬੋਲੀ, ਪੰਜਾਬੀ ਬੰਦੇ ਅਤੇ ਪੰਜਾਬੀ ਵਿਰਸੇ ਦੇ ਪਰਸਪਰ ਰਿਸ਼ਤੇ ਦਾ ਸਰਾਪ (ਡਾ. ਸੁਖਪਾਲ ਸੰਘੇੜਾ, ਯੂ.ਐਸ.ਏ.), ਪਾਕਿਸਤਾਨ ਵਿੱਚ ਪੰਜਾਬੀ ਬੋਲੀ ਦਾ ਮੰਦਾ ਹਾਲ (ਪ੍ਰੋ. ਆਸ਼ਿਕ ਰਹਿਲ, ਪਾਕਿਸਤਾਨ), ਪੰਜਾਬੀ ਜੁਬਾਨ ਕਦੇ ਨਹੀਂ ਮਰ ਸਕਦੀ (ਡਾ. ਸੈਮਾ ਬੈਤੂਲ, ਪਾਕਿਸਤਾਨ), ਪੰਜਾਬੀ ਬੋਲੀ ਅਤੇ ਪੰਜਾਬੀ ਬੱਚੇ (ਡਾ. ਦਰਸ਼ਨ ਸਿੰਘ ਆਸ਼ਟ, ਇੰਡੀਆ), ਪੰਜਾਬੀ ਬੋਲੀ ਅਤੇ ਆਰਟੀਫਿਸ਼ਲ ਇੰਟੈਲੀਜੈਂਸ (ਡਾ. ਦਵਿੰਦਰ ਪਾਲ ਸਿੰਘ, ਕੈਨੇਡਾ), ਆਈ ਐਮ ਪੰਜਾਬੀ, ਬਟ ਮੀ ਨੋ ਪੰਜਾਬੀ (ਸੁਰਜੀਤ ਸਿੰਘ ਫਲੋਰਾ, ਕੈਨੇਡਾ), ਪੰਜਾਬੀ ਬੋਲੀ ਦਾ ਵਿਰਸਾ (ਪ੍ਰੋ. ਜਸਪਾਲ ਸਿੰਘ, ਇਟਲੀ), ਪੰਜਾਬੀ ਗੀਤਾਂ ਨੂੰ ਅੰਗਰੇਜ਼ੀ ਦਾ ਤੜਕਾ (ਪ੍ਰੋ. ਨਵ ਸੰਗੀਤ ਸਿੰਘ, ਇੰਡੀਆ), ਮਾਂ ਬੋਲੀ ਦਾ ਮਹੱਤਵ ਅਤੇ ਪੰਜਾਬੀ ਭਾਸ਼ਾ ਦੀਆਂ ਉੱਪ-ਬੋਲੀਆਂ ਦੀ ਮੌਜੂਦਾ ਸਥਿਤੀ (ਡਾ. ਦਲਬੀਰ ਸਿੰਘ ਕਥੂਰੀਆ), ਮਾਂ ਬੋਲੀ ਪੰਜਾਬੀ ਨੂੰ ਬਚਾਉਣ ਮਾਂਵਾਂ ਅੱਗੇ ਆਉਣ (ਡਾ. ਪਰਗਟ ਸਿੰਘ ਬੱਗਾ, ਕੈਨੇਡਾ) ਆਦਿ।

ਅਸਲ ਦੇਖਣ ਵਾਲੀ ਗੱਲ ਇਹ ਹੈ ਕਿ ਲੇਖਕਾਂ ਨੇ ਸੰਬੰਧਿਤ ਵਿਸ਼ੇ 'ਤੇ ਆਪਣੇ ਵਿਚਾਰ ਕਿਵੇਂ ਪ੍ਰਗਟਾਏ ਹਨ ਅਤੇ ਵਿਚਾਰਾਂ ਦੀ ਲੜੀ ਦੀ ਨਿਰੰਤਰਤਾ ਬਣਾਈ ਰੱਖੀ ਹੈ ਜਾ ਨਹੀਂ। ਮੁੱਖ ਬੰਦ ਵਿੱਚ ਸੰਪਾਦਕ ਨੇ ਪੰਜਾਬੀ ਬੋਲੀ ਦੇ ਇਤਿਹਾਸਕ ਵਿਰਸੇ ਦੇ ਉਸਰਨ ਦੀ ਗੱਲ ਕੀਤੀ ਹੈ, ਦੋਵੇਂ ਪੰਜਾਬ ਦੇ ਮੁੱਖ-ਮੁੱਖ ਸਾਹਿਤਕਾਰਾਂ ਦਾ ਜ਼ਿਕਰ ਵੀ ਕੀਤਾ ਹੈ ਅਤੇ ਪੰਜਾਬੀ ਭਾਸ਼ਾ ਦੇ 5500 ਸਾਲ ਪੁਰਾਣੀ ਹੋਣ ਦੀ ਗੱਲ ਕੀਤੀ ਹੈ। ਮੇਰਾ ਵਿਚਾਰ ਹੈ ਕਿ ਸੁਖਿੰਦਰ ਨੂੰ ਮੁੱਖ ਬੰਦ ਵਿੱਚ ਇਹ ਚਰਚਾ ਜਰੂਰ ਕਰਨੀ ਚਾਹੀਦੀ ਸੀ ਕਿ ਉਸ ਨੇ 'ਪੰਜਾਬੀ ਬੋਲੀ ਅਤੇ ਵਿਰਸਾ' ਸੰਬੰਧੀ ਇਹ ਪੁਸਤਕ ਦੀ ਸੰਪਾਦਨ ਦਾ ਕਾਰਜ ਕਿਉਂ ਆਰੰਭਿਆ। ਬਲਵਿੰਦਰ ਸਿੰਘ ਚਾਹਲ ਨੇ ਪੰਜਾਬੀ ਬੋਲੀ ਨੂੰ 'ਸੰਪੂਰਨ ਬੋਲੀ' ਮੰਨਿਆ ਹੈ ਅਤੇ ਲਿਖਿਆ ਹੈ ਕਿ "ਪੰਜਾਬ ਪੰਜ ਦਰਿਆਵਾਂ ਤੋਂ ਫੈਲ ਕੇ ਸਾਗਰਾਂ ਦਾ ਪੰਜਾਬ ਬਣ ਚੁੱਕਿਆ ਹੈ।" ਡਾ. ਪਵਨ ਸ਼ਰਮਾ ਅਨੁਸਾਰ "ਪਾਕਿਸਤਾਨ ਵਿੱਚ ਪੰਜਾਬੀ ਬਹੁਤ ਹੱਦ ਤੱਕ ਇੱਕ ਗੈਰ-ਰਸਮੀ ਭਾਸ਼ਾ ਤੱਕ ਸੀਮਤ ਹੋ ਗਈ ਹੈ।" ਉਸ ਦਾ ਇਹ ਵੀ ਕਹਿਣਾ ਹੈ ਕਿ "ਪੰਜਾਬੀ ਦਾ ਸ਼ਬਦ ਭੰਡਾਰ ਸੁੰਗੜ ਰਿਹਾ ਹੈ", ਪਰ ਮੇਰੇ ਮੁਤਾਬਕ ਇਸ ਪੱਖੋਂ ਡਾ. ਸ਼ਰਮਾ ਨੂੰ ਕੁਝ ਟਪਲਾ ਲੱਗਿਆ ਹੈ। ਨਿਰੰਜਣ ਬੋਹਾ ਦਾ ਵਿਚਾਰ ਹੈ ਕਿ "ਪੰਜਾਬ (ਭੂਗੋਲਿਕ ਖੇਤਰ), ਪੰਜਾਬੀ ਬੋਲੀ ਤੇ ਪੰਜਾਬੀਅਤ (ਭਾਈਚਾਰਾ) ਇੱਕ ਦੂਜੇ ਦੇ ਇਸ ਤਰ੍ਹਾਂ ਪੂਰਕ ਹਨ ਕਿ ਜੇ ਇੱਕ ਅੰਗ ਨੂੰ ਥੋੜ੍ਹੀ ਜਿਹੀ ਵੀ ਤਕਲੀਫ਼ ਹੁੰਦੀ ਹੈ ਤਾਂ ਉਸ ਦਾ ਪ੍ਰਭਾਵ ਫ਼ੌਰੀ ਤੌਰ 'ਤੇ ਦੂਸਰੇ ਅੰਗਾਂ 'ਤੇ ਵੀ ਪੈਂਦਾ ਹੈ।" ਉਸ ਨੇ ਬੜੀ ਬੇਬਾਕੀ







ਨਾਲ ਲਿਖਿਆ ਹੈ ਕਿ "ਕੇਂਦਰੀ ਸਰਕਾਰਾਂ (ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ) ਖੇਤਰੀ ਬੋਲੀਆਂ ਨਾਲ ਅਨਿਆਂ ਹੀ ਕੀਤਾ ਹੈ?" ਇਸ ਪੱਖ ਤੋਂ ਉਸ ਨੇ ਸ਼੍ਰੋਮਣੀ ਅਕਾਲੀ ਦਲ ਦੀ ਹਲਕੀ ਸੋਚ ਦਾ ਵੀ ਜ਼ਿਕਰ ਕੀਤਾ ਹੈ, ਜੋ ਬਿਲਕੁਲ ਸਹੀ ਹੈ।

ਸੁਖਿੰਦਰ ਨੇ ਲਿਖਿਆ ਹੈ ਕਿ "ਰਾਜਨੀਤੀ ਨੇ ਹਮੇਸ਼ਾ ਹੀ ਪੰਜਾਬੀ ਬੋਲੀ ਦੇ ਵਾਧੇ ਵਿੱਚ ਰੁਕਾਵਟ ਹੀ ਪਾਈ ਹੈ।" ਸੰਪਾਦਕ ਦੇ ਇਸ ਵਿਚਾਰ ਨੂੰ ਝੁਠਲਾਇਆ ਨਹੀਂ ਜਾ ਸਕਦਾ। ਉਸ ਨੇ ਮਾਂ ਬੋਲੀ ਅਤੇ ਧਰਮ ਨਿਰਪਖਤਾ, ਇੰਟਰਨੈੱਟ ਅਤੇ ਨਵੀਂ ਤਕਨਾਲੋਜੀ, ਪੁਸਤਕ ਮੇਲੇ, ਜੰਗ, ਅਮਨ ਤੇ ਦੋਸਤੀ, ਲੱਚਰ ਗਾਇਕੀ, ਤਨਕੀਦ/ਆਲੋਚਨਾ/ਸਮੀਖਿਆ ਜਿਹੇ ਨੁਕਤਿਆਂ ਨੂੰ ਵੀ ਆਪਣੇ ਨਿਬੰਧ ਵਿੱਚ ਛੁਹਿਆ ਹੈ। ਡਾ. ਸੁਖਪਾਲ ਸੰਘੇੜਾ ਦਾ ਵਿਦਵਤਾ ਪੂਰਨ ਲੇਖ ਪੜ੍ਹਨ ਯੋਗ ਹੈ। ਉਸ ਨੇ ਪੰਜਾਬੀ ਬੋਲੀ ਦੇ ਦੋ ਵੱਡੇ ਦੁਸ਼ਮਣ-ਜੜ੍ਹਤਾ ਅਤੇ ਭੂਤ-ਮੁਖੀ ਸੋਚ ਤੇ ਚਰਚਾ ਕਰਦੇ ਹੋਏ ਲਿਖਿਆ ਹੈ ਕਿ 'ਪੰਜਾਬੀ ਦੀ ਰਖਵਾਲੀ ਲਈ ਭਵਿੱਖ ਮੁਖੀ ਸੋਚ' ਦੀ ਜ਼ਰੂਰਤ ਹੈ। ਆਪਣੇ ਲੇਖ ਵਿੱਚ ਉਸ ਨੇ ਪੰਜਾਬੀ ਬੋਲੀ ਦੇ ਜਿਉਂਦੇ ਰਹਿਣ ਲਈ ਤਿੰਨ ਨੁਕਤਿਆਂ ਦਾ ਵੀ ਜ਼ਿਕਰ ਕੀਤਾ ਹੈ। ਪ੍ਰੋ. ਆਸ਼ਿਕ ਰਹਿਲ ਅਤੇ ਸਲੀਮ ਪਾਸ਼ਾ ਨੇ ਮੌਜੂਦਾ ਸਮੇਂ ਵਿੱਚ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀਆਂ ਅਤੇ ਸਰਕਾਰ ਵੱਲੋਂ ਹੀ ਪੰਜਾਬੀ ਮਾਂ-ਬੋਲੀ ਪ੍ਰਤੀ ਬੇਰੁਖ਼ੀ ਸੰਬੰਧੀ ਲੋਕ ਆਵਾਜ਼ ਦੀ ਤਰਜਮਾਨੀ ਕੀਤੀ ਹੈ। ਡਾ. ਦੇਵਿੰਦਰ ਪਾਲ ਸਿੰਘ ਨੇ ਆਪਣੇ ਲੇਖ ਵਿੱਚ ਪੰਜਾਬੀ ਬੋਲੀ ਉਤੇ ਏ.ਆਈ. ਦੇ ਚੰਗੇ ਅਤੇ ਮਾੜੇ-ਦੋਹਾਂ ਪੱਖਾਂ ਦਾ ਜ਼ਿਕਰ ਕੀਤਾ ਹੈ।

ਇਹ ਲੇਖ ਅਜੋਕੇ ਸਮੇਂ ਦੀਆਂ ਨਵੀਆਂ ਚੁਣੌਤੀਆਂ ਨਾਲ ਸਾਹਮਣਾ ਕਰਨ ਦੀ ਪ੍ਰੇਰਨਾ ਦਿੰਦਾ ਹੈ। ਹਰਵਿੰਦਰ ਸਿੰਘ ਨੇ ਵੀ ਪੰਜਾਬੀ ਭਾਸ਼ਾ ਅਤੇ ਡਿਜੀਟਲ ਕਲਚਰ 'ਤੇ ਗੱਲ ਕਰਦੇ ਹੋਏ ਸੰਬੰਧਿਤ ਵਿਸ਼ੇ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ ਵੱਲ ਪਾਠਕਾਂ ਦਾ ਧਿਆਨ ਦਿਵਾਇਆ ਹੈ। ਸੁਰਜੀਤ ਸਿੰਘ ਫਲੋਰਾ ਨੇ ਆਪਣੀ ਉਦਾਹਰਣ ਦੇ ਕੇ ਆਪਣੇ ਵਿਸ਼ੇ 'ਤੇ ਚਰਚਾ ਕੀਤੀ ਹੈ ਅਤੇ 'ਵਿਦੇਸ਼ਾਂ ਵਿੱਚ ਵੀ ਲੇਖਕਾਂ ਦੇ ਆਪਣੇ-ਆਪਣੇ ਗਰੁੱਪਾਂ' ਵੱਲ ਇਸ਼ਾਰਾ ਕੀਤਾ ਹੈ ਅਤੇ ਉਸ ਨੂੰ ਦੁੱਖ ਹੈ ਕਿ ਪੰਜਾਬੀ ਭਾਸ਼ਾ ਆਪਣੇ ਮੁਲਕ ਦੇ ਵੱਖ-ਵੱਖ ਰਾਜਾਂ ਵਿੱਚ ਦਮ ਤੋੜ ਰਹੀ ਹੈ। ਇਨ੍ਹਾਂ ਸਤਰਾਂ ਦੇ ਲੇਖਕ ਨੇ ਪੰਜਾਬੀ ਪ੍ਰਕਾਸ਼ਕਾਂ ਦੇ ਗੈਰ-ਇਖਲਾਕੀ ਰਵੱਈਏ ਸੰਬੰਧੀ ਚਰਚਾ ਕਰਦੇ ਹੋਏ ਕੁਝ ਉਦਾਹਰਣਾਂ ਦੇ ਕੇ ਆਪਣੇ ਪੱਖ ਨੂੰ ਪੇਸ਼ ਕੀਤਾ ਹੈ।

ਇਸ ਪੁਸਤਕ ਦੇ ਕੁਝ ਹੋਰ ਮਹੱਤਵਪੂਰਨ ਨਿਬੰਧਾਂ ਵਿੱਚੋਂ ਪ੍ਰੋ. ਨਵ ਸੰਗੀਤ ਸਿੰਘ, ਸੁਖਮਿੰਦਰ ਸੇਖੋਂ, ਡਾ. ਹਰਜੀਤ ਕੌਰ ਖੈਹਿਰਾ, ਅਫ਼ਜ਼ਲ ਰਾਜ਼, ਦਲਜਿੰਦਰ ਸਿੰਘ ਰਹਿਲ, ਡਾ. ਦਰਸ਼ਨ ਸਿੰਘ ਆਸ਼ਟ ਦੇ ਲੇਖ ਵੀ ਜ਼ਿਕਰਯੋਗ ਹਨ। ਇਸ ਦੇ ਨਾਲ ਹੀ ਇਹ ਲਿਖਣ ਵਿੱਚ ਵੀ ਮੈਨੂੰ ਕੋਈ ਇਤਰਾਜ਼ ਨਹੀਂ ਕਿ ਕੁਝ ਲੇਖ ਹਲਕੇ ਪੱਧਰ ਦੇ ਵੀ ਸ਼ਾਮਿਲ ਕਰ ਲਏ ਗਏ ਹਨ। ਸੁਖਿੰਦਰ ਨੂੰ ਇੱਕ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਮਿਆਰੀ ਪੁਸਤਕ ਲਈ ਰਚਨਾਵਾਂ ਦੇ ਗੁਣਾਤਮਕ ਪੱਧਰ ਦਾ ਧਿਆਨ ਰੱਖਣਾ ਜਰੂਰੀ ਹੁੰਦਾ ਹੈ, ਗਿਣਾਤਮਕ ਪੱਖ ਦਾ ਨਹੀਂ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਬੋਲੀ ਤੇ ਵਿਰਸੇ ਸੰਬੰਧੀ ਪੁਸਤਕ ਦਾ ਸੰਪਾਦਨ ਕਰ ਕੇ ਸੁਖਿੰਦਰ ਅਤੇ ਡਾ. ਕਥੂਰੀਆ ਨੇ ਪ੍ਰਸ਼ੰਸਾ ਯੋਗ ਕਾਰਜ ਕੀਤਾ ਹੈ।

## ਮਨੁੱਖਤਾ ਵਿਰੁੱਧ ਜ਼ੁਲਮ ਅਤੇ ਕੌਮਾਂਤਰੀ ਅਪਰਾਧਿਕ ਅਦਾਲਤ

ਹੈ। ਇਸਦੀ ਬਜਾਇ ਇਸਨੂੰ ਗ੍ਰਿਫ਼ਤਾਰੀਆਂ ਕਰਨ ਅਤੇ ਮੁਲਜ਼ਮਾਂ ਨੂੰ ਹੇਗ ਵਿੱਚ ਪਹੁੰਚਾਉਣ ਲਈ ਰਾਸ਼ਟਰੀ ਪੁਲਿਸ ਸੇਵਾਵਾਂ 'ਤੇ ਭਰੋਸਾ ਕਰਨਾ ਪੈਂਦਾ ਹੈ। ਬਸ਼ੀਰ ਦਾ ਮਾਮਲਾ ਅਦਾਲਤ ਨੂੰ ਦਰਪੇਸ਼ ਸਮੱਸਿਆ ਨੂੰ ਦਰਸਾਉਂਦਾ ਹੈ। ਕੀਨੀਆ ਸਣੇ ਕਈ ਦੇਸ਼, ਜੋ ਆਈ.ਸੀ.ਸੀ. ਦਾ ਹਿੱਸਾ ਸਨ, ਨੇ ਬਸ਼ੀਰ ਦੀ ਗ੍ਰਿਫਤਾਰੀ ਵਿੱਚ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ। ਦੱਖਣੀ ਅਫ਼ਰੀਕਾ ਦੀ ਇੱਕ ਅਦਾਲਤ ਨੇ ਹੁਕਮ ਦਿੱਤਾ ਕਿ ਉਸ ਨੂੰ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕਰਨ ਬਦਲੇ ਦੇਸ਼ ਛੱਡਣ ਤੋਂ ਰੋਕਿਆ ਜਾਵੇ। ਅਫਰੀਕਨ ਯੂਨੀਅਨ ਨੇ ਮੈਂਬਰਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਆਪਣੀ ਜਾਂਚ ਦੌਰਾਨ ਬਸ਼ੀਰ ਖ਼ਿਲਾਫ਼ ਆਈ.ਸੀ.ਸੀ. ਗ੍ਰਿਫਤਾਰੀ ਵਾਰੰਟ ਨੂੰ ਲਾਗੂ ਨਾ ਕਰਨ।

ਜੇਕਰ ਕੋਈ ਕੇਸ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਜਾਂ ਕਿਸੇ ਪ੍ਰਮਾਣਿਤ ਦੇਸ਼ ਵੱਲੋਂ ਭੇਜਿਆ ਜਾਂਦਾ ਹੈ ਤਾਂ ਸਰਕਾਰੀ ਵਕੀਲ ਜਾਂਚ ਕਰਨਾ ਸ਼ੁਰੂ ਕਰ ਦਿੰਦਾ ਹੈ। ਉਹ ਸੁਤੰਤਰ ਕਾਰਵਾਈ ਵੀ ਕਰ ਸਕਦਾ ਹੈ, ਪਰ ਮੁਕੱਦਮੇ ਨੂੰ ਜੱਜਾਂ ਦੇ ਪੈਨਲ ਵੱਲੋਂ ਮਨਜ਼ੂਰੀ ਦੇਣੀ ਪੈਂਦੀ ਹੈ। ਸਰਕਾਰੀ ਵਕੀਲ ਅਤੇ ਜੱਜ- ਦੋਵੇਂ ਹੀ ਅਦਾਲਤ ਵਿੱਚ ਹਿੱਸਾ ਲੈਣ ਵਾਲੇ ਦੇਸ਼ਾਂ ਵੱਲੋਂ ਚੁਣੇ ਜਾਂਦੇ ਹਨ। ਅਰਜਨਟੀਨਾ ਦੇ ਲੁਈਸ ਮੋਰੇਨੋ, ਓਕੈਂਪੋ ਅਦਾਲਤ ਦੇ ਪਹਿਲੇ ਮੁੱਖ ਵਕੀਲ ਸਨ। ਹਰੇਕ ਦੇਸ਼ ਨੂੰ ਜੱਜ ਵਜੋਂ ਚੋਣ ਲਈ ਇੱਕ ਉਮੀਦਵਾਰ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਹੈ।


ਰੋਮ ਸੰਧੀ ਨੂੰ ਹੁਣ ਤੱਕ 124 ਦੇਸ਼ ਪ੍ਰਵਾਨਗੀ ਦੇ ਚੁੱਕੇ ਹਨ। 34 ਹੋਰ ਦੇਸ਼ਾਂ ਨੇ ਹਸਤਾਖਰ ਕੀਤੇ ਹਨ ਅਤੇ ਭਵਿੱਖ ਵਿੱਚ ਇਸਦੀ ਪੁਸ਼ਟੀ ਕਰ ਸਕਦੇ ਹਨ। ਅਮਰੀਕਾ ਦੀ ਦਲੀਲ ਸੀ ਕਿ ਉਸ ਦੇ ਸੈਨਿਕ ਸਿਆਸੀ ਤੌਰ 'ਤੇ ਪ੍ਰੇਰਿਤ ਜਾਂ ਬੇਤੁਕੇ ਮੁਕੱਦਮਿਆਂ ਦਾ ਹਿੱਸਾ ਕਿਵੇਂ ਹੋ ਸਕਦੇ ਹਨ? ਕਈ ਸੁਰੱਖਿਆ ਉਪਾਅ ਪੇਸ਼ ਕੀਤੇ ਗਏ ਸਨ ਅਤੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਆਪਣੇ ਆਖਰੀ ਕੰਮਾਂ ਵਿੱਚੋਂ ਇੱਕ ਵੱਜੋਂ ਇਸ ਸੰਧੀ 'ਤੇ ਦਸਤਖਤ ਕੀਤੇ ਸਨ, ਪਰ ਕਾਂਗਰਸ ਵੱਲੋਂ ਇਸਨੂੰ ਕਦੇ ਵੀ ਪ੍ਰਵਾਨਗੀ ਨਹੀਂ ਦਿੱਤੀ ਗਈ ਸੀ। ਬੁਸ਼ ਪ੍ਰਸ਼ਾਸਨ ਅਦਾਲਤ ਤੇ ਅਪਰਾਧਿਕ ਨਿਆਂ ਵਿੱਚ ਅਮਰੀਕੀ ਪ੍ਰਭੂਸੱਤਾ ਦੀ ਕਿਸੇ ਵੀ ਕਮਜ਼ੋਰੀ ਦਾ ਸਖ਼ਤ ਵਿਰੋਧ ਕਰਦਾ ਸੀ ਅਤੇ ਅਮਰੀਕਾ ਨੇ ਧਮਕੀ ਦਿੱਤੀ ਸੀ ਕਿ ਉਹ ਬੋਸਨੀਆ ਵਿੱਚ ਸੰਯੁਕਤ ਰਾਸ਼ਟਰ ਬਲ ਤੋਂ ਆਪਣੀਆਂ ਫੌਜਾਂ ਨੂੰ ਬਾਹਰ ਕੱਢ ਲਵੇਗਾ, ਜਦੋਂ ਤੱਕ ਉਨ੍ਹਾਂ ਨੂੰ ਆਈ.ਸੀ.ਸੀ. ਵੱਲੋਂ ਮੁਕੱਦਮੇ ਤੋਂ ਛੋਟ ਨਹੀਂ ਦਿੱਤੀ ਜਾਂਦੀ। ਇਹ ਇੱਕ ਅਜਿਹਾ ਫ਼ੈਸਲਾ ਸੀ, ਜਿਸ ਨੂੰ ਗੰਭੀਰ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ।

ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ 12 ਜੁਲਾਈ 2002 ਨੂੰ ਇੱਕ ਸਮਝੌਤੇ 'ਤੇ ਵੋਟ ਦਿੱਤੀ, ਜਿਸ ਨੇ ਅਮਰੀਕੀ ਫ਼ੌਜੀਆਂ ਨੂੰ ਮੁਕੱਦਮੇ ਤੋਂ 12 ਮਹੀਨੇ ਦੀ ਛੋਟ ਦਿੱਤੀ ਸੀ, ਜਿਸ ਦਾ ਸਾਲਾਨਾ ਤੌਰ ਉੱਤੇ ਰੀਨਿਊ ਕੀਤਾ ਜਾ ਸਕਦਾ ਸੀ; ਪਰ ਸੁਰੱਖਿਆ ਪ੍ਰੀਸ਼ਦ, ਸੰਯੁਕਤ ਰਾਸ਼ਟਰ ਦੇ ਉਸ ਸਮੇਂ ਦੇ ਸਕੱਤਰ ਜਨਰਲ ਕੋਫ਼ੀ ਅੰਨਾਨ ਤੋਂ ਪ੍ਰੇਰਿਤ ਹੋ ਕੇ ਜੂਨ 2004 ਵਿੱਚ ਛੋਟ ਨੂੰ ਰੀਨਿਊ ਕਰਨ ਤੋਂ ਇਨਕਾਰ ਕਰ ਦਿੱਤਾ। ਦੋ ਮਹੀਨਿਆਂ ਬਾਅਦ ਅਮਰੀਕੀ ਸੈਨਿਕਾਂ ਦੁਆਰਾ ਇਰਾਕੀ ਕੈਦੀਆਂ ਨਾਲ ਬਦਸਲੂਕੀ ਕਰਨ ਦੀਆਂ ਤਸਵੀਰਾਂ ਨੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਅਦਾਲਤ ਦੀ ਕਾਰਵਾਈ ਨੂੰ ਅਮਰੀਕਾ ਦੀ ਸ਼ਮੂਲੀਅਤ ਤੋਂ ਬਿਨਾ ਕਮਜ਼ੋਰ ਮੰਨਿਆ ਜਾ ਰਿਹਾ ਹੈ। ਹਾਲਾਂਕਿ ਵਾਸ਼ਿੰਗਟਨ ਨੇ ਵਿਸ਼ੇਸ਼ ਮਾਮਲਿਆਂ ਵਿੱਚ ਅਦਾਲਤ ਦੇ ਨਾਲ ਸਹਿਯੋਗ ਕਰਨ ਤੋਂ ਕਦੀ ਇਨਕਾਰ ਨਹੀਂ ਕੀਤਾ ਹੈ। ਰਾਸ਼ਟਰਪਤੀ ਜੋਅ ਬਾਇਡਨ ਨੇ ਅਮਰੀਕੀ ਖੁਫੀਆ ਏਜੰਸੀਆਂ ਨੂੰ ਯੂਕਰੇਨ ਵਿੱਚ ਰੂਸੀ ਜੰਗੀ ਅਪਰਾਧਾਂ ਦੇ ਸਬੂਤ ਅਦਾਲਤ ਨਾਲ ਸਾਂਝੇ ਕਰਨ ਦਾ ਹੁਕਮ ਦਿੱਤਾ ਹੈ।

ਬਹੁਤ ਸਾਰੇ ਅਹਿਮ ਦੇਸ਼ ਆਈ.ਸੀ.ਸੀ. ਦੇ ਅਧਿਕਾਰ ਖੇਤਰ ਵਿੱਚ ਸ਼ਾਮਲ ਨਾ ਹੋਣ ਲਈ ਦ੍ਰਿੜ ਨਜ਼ਰ ਆਉਂਦੇ ਹਨ। ਕਈਆਂ ਨੇ ਸੰਧੀ 'ਤੇ ਦਸਤਖਤ ਵੀ ਨਹੀਂ ਕੀਤੇ, ਜਿਵੇਂ ਕਿ ਚੀਨ, ਭਾਰਤ, ਪਾਕਿਸਤਾਨ, ਇੰਡੋਨੇਸ਼ੀਆ ਅਤੇ ਤੁਰਕੀ। ਮਿਸਰ, ਈਰਾਨ, ਇਜ਼ਰਾਇਲ ਅਤੇ ਰੂਸ ਸਮੇਤ ਹੋਰਾਂ ਨੇ ਦਸਤਖ਼ਤ ਕੀਤੇ ਹਨ, ਪਰ ਹਾਲੇ ਤੱਕ ਇਨ੍ਹਾਂ ਉੱਤੇ ਸ਼ੱਕ ਕੀਤਾ ਜਾਂਦਾ ਹੈ ਤੇ ਪੁਸ਼ਟੀ ਨਹੀਂ ਕੀਤੀ ਗਈ ਹੈ। ਅਦਾਲਤ ਵੱਲੋਂ ਮਾਰਚ 2024 ਵਿੱਚ ਦੋ ਰੂਸੀ ਕਮਾਂਡਰਾਂ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕਰਨ ਤੋਂ ਬਾਅਦ ਕ੍ਰੇਮਲਿਨ ਦੇ ਪ੍ਰੈਸ ਸਕੱਤਰ ਦਮਿਤਰੀ ਪੇਸਕੋਵ ਨੇ ਕਿਹਾ ਸੀ ਕਿ ਮਾਸਕੋ ਵਾਰੰਟਾਂ ਨੂੰ ਮਾਨਤਾ ਨਹੀਂ ਦਿੰਦਾ ਹੈ।

ਸੰਧੀ ਵਿੱਚ ਸ਼ਾਮਲ ਹੋਣ ਵਾਲੇ ਦੇਸ਼ ਇਹ ਯਕੀਨੀ ਬਣਾਉਣਾ ਚਾਹ ਸਕਦੇ ਹਨ ਕਿ ਉਹ ਖ਼ੁਦ ਉਨ੍ਹਾਂ ਸਾਰੇ ਅਪਰਾਧਾਂ 'ਤੇ ਮੁਕੱਦਮਾ ਚਲਾਉਣ ਦੇ ਯੋਗ ਹਨ, ਜੋ ਇਸ ਵਿੱਚ ਸ਼ਾਮਲ ਹਨ; ਨਹੀਂ ਤਾਂ ਅਦਾਲਤ ਦਖਲ ਦੇ ਸਕਦੀ ਹੈ। ਕੁਝ ਸਰਕਾਰਾਂ ਨੇ ਪਹਿਲਾਂ ਹੀ ਆਪਣੇ ਨਿਆਂ ਵਿੱਚ ਬਦਲਾਅ ਕਰਨ ਲਈ ਕਾਨੂੰਨ ਤਿਆਰ ਕੀਤੇ ਹਨ। ਇਹ ਉਨ੍ਹਾਂ ਨਿਯਮਾਂ ਦੇ ਮੁਤਾਬਕ ਹੋਵੇਗਾ, ਜੋ ਸੰਯੁਕਤ ਰਾਸ਼ਟਰ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਨਿਯੰਤਰਿਤ ਕਰਦੇ ਹਨ। ਖਾਸ ਤੌਰ 'ਤੇ ਅਮਰੀਕਾ ਦੀ ਗੈਰ-ਹਾਜ਼ਰੀ ਕਾਰਨ ਅਦਾਲਤ ਨੂੰ ਫੰਡ ਕਰਨਾ ਦੂਜੇ ਦੇਸ਼ਾਂ ਲਈ ਮਹਿੰਗਾ ਸਾਬਤ ਹੁੰਦਾ ਹੈ। ਜਾਪਾਨ, ਜਰਮਨੀ, ਫਰਾਂਸ ਅਤੇ ਬ੍ਰਿਟੇਨ ਸਭ ਤੋਂ ਵੱਧ ਯੋਗਦਾਨ ਪਾਉਣ ਵਾਲਿਆਂ ਵਿੱਚੋਂ ਹਨ।

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ...



*-ਸੰਤ ਸੰਧੂ, ਤਲਵੰਡੀ ਸਲੇਮ (ਜਲੰਧਰ)*


| | |
|---|---|
| **ਅੰਮ੍ਰਿਤਪਾਲ ਸਿੰਘ:** | ਮੈਂ ਤਾਂ ਮਗ ਰੰਝੇਟੇ ਦੀ ਹੋ ਚੁੱਕੀ, ਮਾਂ ਗੈਬ ਦੇ ਕੁਫਰ ਕਿਉਂ ਤੋਲਦੀ ਏਂ |
| **ਕੇਜਰੀਵਾਲ:** | ਜੱਗੇ ਮਾਰਿਆ ਲਾਇਲਪੁਰ ਡਾਕਾ, ਤਾਰਾਂ ਖੜਕ ਗਈਆਂ |
| **ਅੰਨਾ ਹਜ਼ਾਰੇ:** | ਡੇਰੇ ਨਾਥ ਦੇ ਜਾ ਕੇ ਪਿਆ ਮੰਗੇ, ਸਾਨੂੰ ਆਪਣਾ ਕਰੋ ਫਕੀਰ ਸਾਈਂ |
| **ਪੁਜਾਰੀ:** | ਵਾਰਸ ਸ਼ਾਹ ਵਿੱਚ ਹੁਜਰਿਆਂ ਵੈਲ ਕਰਦੇ,<br>ਮੁੱਲਾਂ ਜੋਤਰੇ ਲਾਵਣੇ ਵਾਹੀਆਂ ਨੂੰ |
| **ਓਮ ਪ੍ਰਕਾਸ਼ ਚੌਟਾਲਾ:** | ਅੱਗੇ ਤਾਂ ਟੱਪਦਾ ਸੀ ਨੌਂ-ਨੌਂ ਕੋਠੇ, ਹੁਣ ਨਹੀਂ ਟੱਪਦੀਆਂ ਖਾਈਆਂ |
| **ਬੇਰੁਜ਼ਗਾਰੀ:** | ਮਿਹਣੇ ਮਾਰਦੀਆਂ, ਦਿਓਰਾਂ ਨੂੰ ਭਰਜਾਈਆਂ |
| **ਅਗਨੀਵੀਰ:** | ਵੱਸਣਾ ਨੌਕਰ ਦੇ, ਭਾਵੇਂ ਸਣੇ ਬੂਟ ਲੱਤ ਮਾਰੇ |
| **ਪ੍ਰਿਅੰਕਾ ਗਾਂਧੀ:** | ਕਿੱਕਰਾਂ ਨੂੰ ਪਾ ਲੈ ਜੱਫੀਆਂ, ਤੈਨੂੰ ਸਖੀਆਂ ਮਿਲਣ ਨਾ ਆਈਆਂ |
| **ਬੀ.ਜੇ.ਪੀ.:** | ਪੱਲੇ ਨਿਕਲੀ ਦੁਆਨੀ ਖੋਟੀ, ਲੱਡੂਆਂ ਦਾ ਭਾਅ ਪੁੱਛਦੀ |
| **ਮਾਇਆਵਤੀ:** | ਗੱਡੀ ਆ ਗਈ ਸੰਦੂਕੋਂ ਖਾਲੀ, ਵੱਡਿਆਂ ਭਰਾਵਾਂ ਵਾਲੀਏ |
| **ਅਕਾਲੀ ਦਲ:** | ਚੁੱਲ੍ਹੇ ਅੱਗ ਨਾ ਘੜੇ ਦੇ ਵਿੱਚ ਪਾਣੀ, ਉਹ ਘਰ ਛੜਿਆਂ ਦਾ |
| **ਕਿਸਾਨ ਮੋਰਚਾ:** | ਸੱਸ ਕੁਟਣੀ ਸੰਦੂਕਾਂ ਉਹਲੇ, ਨਿੰਮ ਦਾ ਘੜਾ ਦੇ ਘੋਟਣਾ |
| **ਵਾਤਾਵਰਣ:** | ਵਿਹੜੇ ਲਾ ਤਰਵੈਣੀ, ਛਾਵੇਂ ਬਹਿ ਕੇ ਕੱਤਿਆ ਕਰੂੰ |
| **ਖਾਲਿਸਤਾਨ:** | ਹਾਜ਼ੀ ਲੋਕ ਮੱਕੇ ਵੱਲ ਜਾਂਦੇ, ਅਸੀਂ ਜਾਣਾ ਤਖਤ ਹਜ਼ਾਰੇ |
| **ਪੂਰਬੀ ਪੰਜਾਬ:** | ਉਠ ਗਏ ਨੇ ਗੁਆਂਢੋਂ ਯਾਰ, ਰੱਬਾ ਹੁਣ ਕੀ ਕਰੀਏ |
| **ਈ.ਡੀ.:** | ਅੱਖ ਨਾਲ ਗੱਲ ਕਰ ਗਈ, ਪੱਲਾ ਮਾਰ ਕੇ ਬੁਝਾ ਗਈ ਦੀਵਾ |
| **ਨਾਟੋ:** | ਲੱਤ ਮਾਰੂੰਗੀ ਪੰਜੇਬਾਂ ਵਾਲੀ, ਪਰ੍ਹਾਂ ਹੋ ਜਾ ਚੱਟੂ-ਵੱਟਿਆ |
| **ਭਗਵੰਤ ਮਾਨ:** | ਮੇਰੇ ਖਾ ਗਿਆ ਹੱਡਾਂ ਨੂੰ ਝੋਰਾ, ਕੰਤ ਨਿਆਣੇ ਦਾ |
| **ਆਬਾਦੀ:** | ਮੱਥਾ ਟੇਕਦੀ ਨੂੰ ਵੱਜ ਗਏ ਬਾਰਾਂ, ਸੱਸ ਦੀਆਂ ਨੌਂ ਕੁੜੀਆਂ |

# ਪੰਜਾਬੀਓ ! ਜਾਗਦੇ ਕਿ ਸੁੱਤੇ...

**ਸੁਖਪਾਲ ਸਿੰਘ ਗਿੱਲ, ਅਬਿਆਣਾ ਕਲਾਂ**
**ਫੋਨ: +91-9878111445**

***ਆਓ, ਇਸ ਹੋਕੇ ਵਾਲੇ ਸੰਕਲਪ ਵਿੱਚੋਂ ਪੰਜਾਬੀਅਤ ਲਈ ਇੱਕ ਪ੍ਰਮਾਣਿਤ ਅਤੇ ਸਰਬਪੱਖੀ ਲੋਕ ਲਹਿਰ ਅਰੰਭੀਏ, ਇਸ ਨਾਲ ਹੀ ਪੰਜਾਬ ਭਾਰਤ ਦੀ ਮੁੰਦਰੀ ਦਾ ਨਗ ਬਣਿਆ ਰਹੇਗਾ ਅਤੇ ਪੁਰਾਤਨ ਪੰਜਾਬ ਨੂੰ ਲੱਭਿਆ ਜਾ ਸਕੇਗਾ***

ਕਿਸੇ ਦੀ ਮਾਂ-ਬੋਲੀ ਨੂੰ ਉਸ ਤੋਂ ਦੂਰ ਕਰ ਦੇਣਾ ਵੱਡਾ ਗੁਨਾਹ ਹੈ। ਬੋਲੀ ਦੇ ਸਿਰ ਉੱਤੇ ਹੀ ਕੌਮ ਦਾ ਵਿਕਾਸ ਖੜ੍ਹਾ ਹੁੰਦਾ ਹੈ। ਪੰਜਾਬੀਆਂ ਦੇ ਸਮਾਜ ਦੀ ਚੇਤਨਾ ਤੇ ਤੇਜ਼ੀ ਨਾਲ ਵਿਕਾਸ ਦੀਆਂ ਸੰਭਾਵਨਾਵਾਂ ਪੰਜਾਬੀ ਮਾਂ-ਬੋਲੀ ਦੀ ਬੁੱਕਲ ਵਿੱਚ ਹਨ। ਇਸ ਜਰੀਏ ਪੰਜਾਬੀਆਂ ਨੂੰ ਹੁਲਾਰਾ, ਹੁੰਗਾਰਾ ਅਤੇ ਸਰਬਪੱਖੀ ਉਤਸ਼ਾਹ ਮਿਲਦਾ ਹੈ। ਉਂਝ 1952 ਵਿੱਚ ਪੰਜਾਬ ਵਿੱਚ ਮਰਦਮਸ਼ੁਮਾਰੀ ਵੇਲੇ ਆਪਣੀ ਮਾਤ-ਭਾਸ਼ਾ ਪੰਜਾਬੀ ਲਿਖਵਾਉਣ ਵਿੱਚ ਹੀ ਅਸੀਂ ਬੌਂਦਲ ਗਏ ਸਾਂ। ਤਤਕਾਲੀ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੇ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਲਈ ਕਦਮ ਚੁੱਕੇ, ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਪੰਜਾਬੀ ਬੋਲੀ ਦਾ ਪਹਿਰੇਦਾਰ ਬਣਨ ਲਈ ਸਿਹਰਾ ਨਹੀਂ ਲਿਆ; ਕਾਰਨ ਇਹ ਹੈ ਕਿ ਪੰਜਾਬੀ ਮਾਂ-ਬੋਲੀ ਨੂੰ ਲਾਗੂ ਕਰਨ ਲਈ ਸਖਤੀ ਅਤੇ ਸ਼ਖਤ ਸਜ਼ਾ ਦਾ ਪ੍ਰਬੰਧ ਨਹੀਂ ਹੈ। ਇਸੇ ਕਰਕੇ ਪੰਜਾਬ ਬੋਲੀ ਤੋਂ ਬਾਅਦ ਬਹੁਪਰਤੀ ਸਮੱਸਿਆਵਾਂ ਵਿੱਚ ਘਿਰਦਾ ਗਿਆ। ਪਿਛੋਕੜ 'ਤੇ ਝਾਤ ਮਾਰੀਏ ਤਾਂ ਦਾਨਿਸ਼ਵੰਦਾਂ ਦੇ ਕਥਨ ਅਨੁਸਾਰ, "ਜਿਵੇਂ ਗੁਲਾਬ ਦੀ ਕੀਮਤ ਉਸ ਦੀ ਖੁਸ਼ਬੂ ਅਤੇ ਸੁਹੱਪਣ ਕਰਕੇ ਹੁੰਦੀ ਹੈ, ਇਸੇ ਅਨੁਸਾਰ ਪੰਜਾਬ ਦੀ ਕੀਮਤ ਵੀ ਇਸ ਦੀ ਨੈਤਿਕ ਨਾਬਰੀ ਅਤੇ ਖੁਸ਼ਹਾਲੀ ਲਈ ਹੈ।" ਜਦੋਂ ਡਾਲੀ ਨਾਲੋਂ ਟੁੱਟ ਕੇ ਫੁੱਲ ਮੁਰਝਾ ਜਾਂਦਾ ਹੈ ਤਾਂ ਉਸਦੀ ਖੁਸ਼ਬੂ ਖਤਮ ਹੋ ਜਾਂਦੀ ਹੈ। ਅੱਜ ਲੜੀਵਾਰ ਦੁੱਖਾਂ ਨੇ ਪੰਜਾਬ ਨੂੰ ਘੇਰ ਕੇ ਮੁਰਝਾਉਣ ਦੀ ਕੋਸ਼ਿਸ ਕੀਤੀ ਹੈ। ਸਾਰੇ ਮੁੱਦਿਆਂ ਤੋਂ ਅੱਜ ਪੰਜਾਬ ਦੀ ਨਸਲ, ਬਾਂਝਪਣ, ਨਾਮਰਦੀ ਅਤੇ ਟੈਸਟ ਟਿਊਬ ਸੈਂਟਰਾਂ ਦਾ ਮੁੱਦਾ ਸਭ ਤੋਂ ਉਪਰ ਹੋ ਗਿਆ ਹੈ।



ਪ੍ਰੋਫੈਸਰ ਮੋਹਨ ਸਿੰਘ ਨੇ ਕਾਵਿਕ ਰਚਨਾ ਰਾਹੀ ਨਕਸ਼ਾ ਪੇਸ਼ ਕੀਤਾ ਸੀ, "ਪਤਝੜ ਤੋਂ ਬਚਾਈਏ ਧਰਤੀ ਪੰਜਾਬ ਦੀ, ਖੇੜੇ ਦੇ ਵਿੱਚ ਲਿਆਈਏ ਮੁੜ ਫੁੱਲ ਗੁਲਾਬ ਦੀ।", "ਭਾਰਤ ਹੈ ਵਾਂਗ ਮੁੰਦਰੀ ਵਿੱਚ ਨਗ ਪੰਜਾਬ ਨੀ ਸਈਓ।" ਇਸੇ ਤਰਜ਼ 'ਤੇ ਦੇਖਿਆ ਜਾਵੇ ਤਾਂ ਪੰਜਾਬ ਸਿਰ ਦੁੱਖਾਂ ਦਾ ਕਾਰਵਾਂ ਵਧਦਾ ਗਿਆ। ਸਪਤ ਸਿੰਧੂ ਤੋਂ ਅੱਜ ਤੱਕ ਇਤਿਹਾਸਕ ਝਰੋਖੇ ਵਿੱਚੋਂ ਪੰਜਾਬ ਨੂੰ ਦੇਖਿਆ ਜਾਵੇ ਤਾਂ ਤਰ੍ਹਾਂ-ਤਰ੍ਹਾਂ ਦੇ ਦੁੱਖ ਹੰਢਾਅ ਕੇ ਫਿਰ ਵੀ ਖੁਸ਼ਹਾਲ ਰਿਹਾ। ਸਾਜ਼ਿਸੀ ਅਤੇ ਬਦਕਿਸਮਤੀ ਵਾਲਾ ਵਰਤਾਰਾ ਨਾਲ ਦੀ ਨਾਲ ਚੱਲਦਾ ਰਿਹਾ, ਪਰ ਆਪਣੇ ਸੁਭਾਅ ਅਤੇ ਆਦਤ ਸਦਕੇ ਦੁੱਖਾਂ ਦਾ ਪਹਾੜ ਢਾਹੁੰਦਾ ਰਿਹਾ।

ਬੋਲੀ ਤੋਂ ਬਾਅਦ ਪੰਜਾਬ ਨੂੰ ਹਰੀਕ੍ਰਾਂਤੀ ਰਾਹੀਂ ਉਤਸ਼ਾਹਿਤ ਕੀਤਾ ਗਿਆ। ਇਸ ਨਾਲ ਪੰਜਾਬ ਵੱਲੋਂ ਕੇਂਦਰੀ ਪੂਲ ਵਿੱਚ ਵੱਡਾ ਹਿੱਸਾ ਅਨਾਜ ਦਾ ਭੇਜਿਆ ਗਿਆ। ਪੰਜਾਬ ਵਿੱਚ ਝੋਨੇ ਨੂੰ ਉਤਸ਼ਾਹਿਤ ਕੀਤਾ ਗਿਆ, ਜਦੋਂ ਕਿ ਇਹ ਪੰਜਾਬ ਦੀ ਵਿਰਾਸਤੀ ਅਤੇ ਜੱਦੀ ਫਸਲ ਨਹੀਂ ਸੀ। ਇਸ ਵਰਤਾਰੇ ਨੇ ਪੰਜਾਬ ਦੀ ਜ਼ਰਖੇਜ਼ ਜ਼ਮੀਨ ਨੂੰ ਲੱਖਾਂ ਮਣ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਰਾਹੀਂ ਬਰਬਾਦ ਕੀਤਾ ਗਿਆ। ਇਸ ਦੇ ਨਤੀਜੇ ਹੁਣ ਸਾਹਮਣੇ ਆ ਰਹੇ ਹਨ। ਹਮੇਸ਼ਾ ਜਦੋਂ ਵੀ ਕੋਈ ਨਵੀਂ ਚੀਜ਼ ਆਉਂਦੀ ਹੈ ਤਾਂ ਉਸ ਦੇ ਮਾੜੇ ਪ੍ਰਭਾਵ ਵੀ ਦੇਖੇ ਜਾਂਦੇ ਹਨ। ਹਰੀ ਕ੍ਰਾਂਤੀ ਗੁਲਾਮੀ ਦਾ ਝੁੱਲ ਲਾਹੁਣ ਤੋਂ ਬਾਅਦ ਜਰੂਰੀ ਤਾਂ ਸੀ, ਪਰ ਇਸ ਦੇ ਭਵਿਖਮੁੱਖੀ ਨਾਂਹ-ਪੱਖੀ ਪ੍ਰਭਾਵ ਦੇਖੇ ਹੀ ਨਹੀਂ ਗਏ। ਇਸ ਲਈ ਪੰਜਾਬ ਦੀ ਜਰਖੇਜ਼ ਜ਼ਮੀਨ, ਪੰਜਾਬ ਦਾ ਸੁਗੰਧਮਈ ਵਾਤਾਵਰਨ ਅਤੇ ਪੰਜਾਬੀਆਂ ਦੀ ਸਿਹਤ ਨਾਲ ਜੋ ਧੋਖਾ ਹੋਇਆ ਹੈ, ਉਸ ਨੇ ਪੰਜਾਬੀਅਤ ਨੂੰ ਧੋਖਾ ਝੱਲਣ ਲਈ ਮਜਬੂਰ ਕੀਤਾ ਹੈ। ਝੋਨੇ ਅਤੇ ਖਾਦਾਂ, ਦਵਾਈਆਂ ਕਰਕੇ ਪਾਣੀ ਦਾ ਪੱਧਰ ਬਹੁਤ ਨੀਵਾਂ ਤੇ ਬਹੁਤ ਦੂਸ਼ਿਤ ਹੋ ਚੁੱਕਾ ਹੈ। ਇਸ ਨਾਲ ਤਰ੍ਹਾਂ-ਤਰ੍ਹਾਂ ਦੀਆਂ ਚੁਣੌਤੀਆਂ ਉਤਪੰਨ ਹੋ ਰਹੀਆਂ ਹਨ, ਜਿਨ੍ਹਾਂ ਦਾ ਮੁਕਾਬਲਾ ਕਰਨ ਲਈ ਵੀ ਪੰਜਾਬ ਸਮੱਰਥ ਨਹੀਂ ਰਿਹਾ।

ਬੇਰੁਜ਼ਗਾਰੀ ਦੇ ਆਲਮ ਨੇ ਪੰਜਾਬ ਨੂੰ ਹਾਸ਼ੀਆਗਤ ਕੀਤਾ, ਇਸ ਵਿੱਚੋਂ ਦੋ ਰੋਗ ਨਸ਼ਾ ਅਤੇ ਪਰਵਾਸ ਪੈਂਦਾ ਹੋਏ। ਨਸ਼ੇ ਦੇ ਆਲਮ ਨੇ ਪੰਜਾਬ ਨੂੰ 'ਉੜਦਾ ਪੰਜਾਬ' ਬਣਾਇਆ। ਇਸ ਪਿੱਛੇ ਪੰਜਾਬੀ ਸੱਥਾਂ ਵਿੱਚ ਵੱਡੀ ਪਲਾਨਿੰਗ ਵਿਚਾਰੀ ਜਾਂਦੀ ਹੈ। ਜਿਸ ਤਰੀਕੇ ਨਾਲ ਨਸ਼ੇ ਦਾ ਕਹਿਰ ਪੰਜਾਬ ਵਿੱਚ ਭਾਰੂ ਰਿਹਾ/ਹੈ, ਉਸ ਤੋਂ ਮਾਪੇ ਘਬਰਾ ਕੇ ਆਪਣੇ ਬੱਚਿਆਂ ਨੂੰ ਨਸ਼ੇ ਤੋਂ ਬਚਾਉਣ ਲਈ ਹੀ ਜ਼ਿੰਦਗੀ ਦਾ ਮਕਸਦ ਸਮਝਣ ਲੱਗੇ। ਬੇਰੁਜ਼ਗਾਰੀ ਅਤੇ ਨਸ਼ੇ ਦੇ ਝੰਬੇ ਪੰਜਾਬ ਨੇ ਪਰਵਾਸ ਦਾ ਰੁੱਖ ਅਖਤਿਆਰ ਕੀਤਾ। ਇਸ ਨਾਲ ਪੰਜਾਬੀ ਜਵਾਨੀ ਦੀ ਬੁੱਧੀ ਅਤੇ ਪੈਸਾ ਬਾਹਰਲੇ ਮੁਲਕਾਂ ਵਿੱਚ ਚਲਾ ਗਿਆ; ਜੋ ਲਗਾਤਾਰ ਜਾਰੀ ਹੈ। ਇਸ ਸਮੱਸਿਆ ਨੇ ਪਿੱਛੇ ਰਹਿ ਰਹੇ ਬਜ਼ੁਰਗਾਂ ਲਈ ਇਕੱਲ ਦਾ ਰੋਗ ਪੈਂਦਾ ਕੀਤਾ, ਜਿਸ ਨਾਲ ਉਨ੍ਹਾਂ ਦਾ ਬੁਢਾਪਾ ਸਰਾਪਿਆ ਗਿਆ। ਬੱਚੇ ਵਿਦੇਸ਼ ਵਿੱਚ ਅਤੇ ਮਾਪੇ ਪੰਜਾਬ ਵਿੱਚ ਝੂਰਦੇ ਹਨ। ਆਪਣੇ ਦਿਲ ਦੇ ਪੱਥਰ ਧਰਨ ਲਈ ਇਸ ਗੱਲ ਦਾ ਸਹਾਰਾ ਲੈ ਲੈਂਦੇ ਹਨ ਕਿ ਚਲੋ ਇੱਥੋਂ ਤਾਂ ਚੰਗੇ ਹੀ ਹਨ। ਜਿਹੜੇ ਪੰਜਾਬ ਵਿੱਚ ਰਹਿ ਰਹੇ ਹਨ, ਉਨ੍ਹਾਂ ਨੂੰ ਨਸ਼ਾ, ਬੇਰੁਜ਼ਗਾਰੀ ਅਤੇ ਸਿਹਤ ਦਾ ਭੂਤ ਹਰ ਪਲ ਸਤਾ ਰਿਹਾ ਹੈ। ਸਰਕਾਰੀ ਉਪਰਾਲੇ ਵੀ ਜਾਰੀ ਹਨ, ਪਰ ਬੇਵਸੀ ਦਾ ਆਲਮ ਚਾਰੇ ਪਾਸੇ ਫੈਲਿਆ ਹੋਇਆ ਹੈ। ਇਸ ਸਾਰੇ ਦਾ ਨਿਚੋੜ ਇਹ ਨਿਕਲਦਾ ਹੈ ਕਿ ਪੰਜਾਬ ਦੀ ਸੱਭਿਅਤਾ ਅਤੇ ਸੱਭਿਆਚਾਰ ਨੂੰ ਗ੍ਰਹਿਣ ਲੱਗਿਆ ਹੈ। "ਲੱਗੀ ਨਜ਼ਰ ਪੰਜਾਬ ਨੂੰ ਇਹਦੀ ਨਜ਼ਰ ਉਤਾਰੋ, ਲੈ ਕੇ ਮਿਰਚਾਂ ਕੌੜੀਆਂ ਇਹਦੇ ਸਿਰ ਤੋਂ ਵਾਰੋ।" - ਡਾ. ਸੁਰਜੀਤ ਪਾਤਰ

ਸੰਸਾਰ, ਸੰਤਾਨ, ਉਤਪਤੀ ਅਨੁਸਾਰ ਪੀੜ੍ਹੀ-ਦਰ-ਪੀੜ੍ਹੀ ਦੇ ਪਾੜੇ ਦਾ ਨਿਰੰਤਰ ਵਰਤਾਰਾ ਚੱਲਦਾ ਰਿਹਾ। ਜਣਨ ਪ੍ਰਕਿਰਿਆ ਦੁਆਰਾ ਨਵੇਂ ਜੀਵ ਪੈਦਾ ਹੁੰਦੇ ਹਨ, ਇਹ ਕੁਦਰਤ ਦਾ ਅਨਮੋਲ ਤੋਹਫਾ ਹੁੰਦਾ ਹੈ। ਜੀਵ ਵਿਗਿਆਨਕ ਤੌਰ 'ਤੇ ਚਾਰਲਸ ਡਾਰਵਿਨ ਦਾ ਸਿਧਾਂਤ ਵੀ ਉੱਤਪਤੀ 'ਤੇ ਆਧਾਰਿਤ ਹੈ। ਪੰਜਾਬ ਅਤੇ ਮੁੱਦਿਆਂ ਤੇ ਚੁਣੌਤੀਆਂ ਦੀ ਹਾਲਤ ਇਹ ਬਣੀ ਹੈ ਕਿ ਕੋਈ ਮਾਵਾਂ ਨੂੰ ਰੋ ਰਿਹਾ, ਕੋਈ ਮਾਸੀਆਂ ਨੂੰ। ਬੇਰੁਜਗਾਰੀ, ਨਸ਼ਾ, ਬੇਇਨਸਾਫੀ, ਖੇਤੀ ਸੰਕਟ ਅਤੇ ਪਰਵਾਸ ਤੋਂ ਇਲਾਵਾ ਅੱਜ ਭਖਦਾ ਮਸਲਾ ਬੇਗਾਨਾ ਵੀਰਜ ਤੇ ਬੇਗਾਨੀ ਕੁੱਖ ਨੇ ਪੰਜਾਬ ਦੀ ਸੱਭਿਅਤਾ ਨੂੰ ਨਿਗਲਣ ਦੀ ਕੋਸ਼ਿਸ਼ ਕੀਤੀ ਹੋਈ ਹੈ। ਮਨੁੱਖੀ ਵਿਕਾਸ ਲਈ ਅੱਜ ਸੈਕਸੂਅਲ ਸਿਹਤ ਦੀ ਜਾਣ-ਪਹਿਚਾਣ ਦੀ ਸਖਤ ਜ਼ਰੂਰਤ ਹੈ। ਜਦੋਂ ਕਦੇ ਸੈਕਸੂਅਲ ਸਿਹਤ ਵਿਗੜਦੀ ਹੈ ਤਾਂ ਸਭ ਪਾਸੇ ਰੁਕਾਵਟਾਂ, ਚਿੰਤਾ, ਬੇਚੈਨੀ ਅਤੇ ਅਸੁਰੱਖਿਆ ਵੱਧ ਜਾਂਦੀ ਹੈ। ਸਮਾਜਿਕ ਹਿੰਸਾ ਅਤੇ ਸ਼ੰਕਾ ਸ਼ੁਰੂ ਹੋ ਜਾਂਦੀ ਹੈ।

ਸਵੈਮਾਣ ਅਤੇ ਨੈਤਿਕ ਨਾਬਰੀ ਦਾ ਪ੍ਰਤੀਕ ਪੰਜਾਬ ਅੱਜ ਨਸਲਾਂ ਤੇ ਫਸਲਾਂ ਨੂੰ ਉਜਾੜਨ ਵਾਲੇ ਵਿਰੁੱਧ ਲੜਾਈ ਲੜ ਰਿਹਾ ਹੈ, ਨਾਲ ਦੀ ਨਾਲ ਸੁਚੇਤ ਹੋ ਕੇ ਵੀ ਚੱਲ ਰਿਹਾ ਹੈ। ਇਸ ਪ੍ਰਤੀ ਹਰ ਪੰਜਾਬੀ ਨੂੰ ਜਾਗਰੂਕ ਹੋਣ ਦੀ ਬੇਹੱਦ ਲੋੜ ਹੈ। ਸੱਪ ਲੰਘਣ ਤੋਂ ਬਾਅਦ ਲੀਕ ਕੁੱਟਣ ਦਾ ਕੋਈ ਫਾਇਦਾ ਨਹੀਂ ਹੋਵੇਗਾ। ਪੰਜਾਬ ਦੇ ਜੰਮੇ ਨਿੱਤ ਨਵੀਆਂ ਮੁਹਿੰਮਾਂ ਵਿੱਚ ਖੜ੍ਹਦੇ ਸਨ। ਸਰੀਰਿਕ, ਮਰਦਾਨਗੀ ਅਤੇ ਸਮਾਜਿਕ ਪੱਖੋਂ ਤਕੜੇ ਮੁਜੱਸਮੇ ਵਾਲੇ ਹੁੰਦੇ ਸਨ। ਪੰਜਾਬੀ ਮਾਵਾਂ ਦੀ ਕੁੱਖ ਵਿੱਚੋਂ ਦਾਤੇ, ਭਗਤ ਅਤੇ ਸੂਰਮੇ ਜੰਮਦੇ ਸਨ। ਅੰਗਰੇਜ਼ੀ ਕਾਲ ਦੌਰਾਨ ਸਿੱਖ, ਪੰਜਾਬ ਅਤੇ ਜੱਟ ਰੈਜਮੈਂਟਾਂ ਦੀ ਚੜ੍ਹਤ ਅੱਜ ਵੀ ਲੁਕੀ ਛਿਪੀ ਨਹੀਂ ਹੈ। ਅੱਜ ਪੈਦਾ ਹੋ ਰਹੀ ਪੀੜ੍ਹੀ ਬਾਰੇ ਪੜ੍ਹਿਆ-ਸੁਣਿਆ ਅਤੇ ਦੇਖਿਆ ਜਾਂਦਾ ਹੈ ਤਾਂ ਲੱਗਦਾ ਹੈ ਕਿ ਇਸ ਪਿੱਛੇ ਜ਼ਰੂਰ ਕੋਈ ਤਾਣਾ-ਬਾਣਾ ਬੁਣਿਆ ਗਿਆ ਹੈ। ਪਹਿਲੇ ਪੰਜਾਬ ਵਿੱਚ ਹਰ ਜੋੜੇ ਦੇ ਪੰਜ-ਸੱਤ ਬੱਚੇ ਹੁੰਦੇ ਸਨ, ਫਿਰ ਭੇਡ-ਚਾਲ ਨਾਲ ਦੋ ਤੱਕ ਸੀਮਿਤ ਹੋਏ। ਖੁਦ ਸਹੇੜੀਆਂ ਅਲਾਮਤਾਂ, ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਨਸ਼ਾ ਅਤੇ ਜੀਵਨ ਜੀਊਣ ਦੀ ਜਾਂਚ ਨੇ ਗਰਭ ਅਵਸਥਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪੰਜਾਬ ਵਿੱਚ ਅੱਠ ਜੋੜਿਆ ਪਿੱਛੇ ਇੱਕ ਜੋੜੇ ਨੂੰ ਗਰਭ ਧਾਰਨ ਦੀ ਸਮੱਸਿਆ ਆ ਰਹੀ ਹੈ। ਇੱਛੁਕ ਜੋੜੇ ਇੱਕ ਸਾਲ ਤੱਕ ਔਲਾਦ ਪੈਦਾ ਨਾ ਕਰਨ ਤਾਂ ਉਨ੍ਹਾਂ ਨੂੰ ਬੇ-ਔਲਾਦਪਣ ਵੱਲ ਦੇਖਿਆ ਜਾਂਦਾ ਹੈ। ਬੇ-ਔਲਾਦਪਣ ਸਿਰਫ ਔਰਤਾਂ ਦੀ ਸਮੱਸਿਆ ਨਹੀਂ, ਮਰਦਾਂ ਦੀ ਸਮੱਸਿਆ ਵੀ ਹੈ। ਦੋਵੇਂ ਲਿੰਗ 35-35 ਫੀਸਦੀ ਇਸ ਸਮੱਸਿਆ ਨਾਲ ਜੂਝ ਰਹੇ ਹਨ। ਸਮਾਜਿਕ ਸਬੰਧ ਅਣ-ਸੁਖਾਵੇਂ ਬਣ ਰਹੇ ਹਨ। ਕੁਦਰਤੀ ਤੌਰ 'ਤੇ ਤੰਦਰੁਸਤ ਜੋੜਿਆ ਨੂੰ ਗਰਭ ਧਾਰਨ ਅਤੇ ਬੱਚੇ ਪੈਦਾ ਕਰਨ ਵਿੱਚ ਕੋਈ ਸਮੱਸਿਆ ਨਹੀਂ ਆਉਂਦੀ, ਇਸ ਲਈ ਜਵਾਨੀ ਨੂੰ ਇਸ ਬਾਰੇ ਖਾਸ ਸੂਝ ਹੋਣੀ ਚਾਹੀਦੀ ਹੈ। ਔਰਤ ਵਿੱਚ ਅੰਡਾ ਨਾ ਬਣਨਾ, ਵਾਰ-ਵਾਰ ਗਰਭ ਗਿਰਨਾ, ਟਿਊਬਾਂ ਵਿੱਚ ਨੁਕਸ, ਬੱਚੇ ਦਾਨੀ ਵਿੱਚ ਸੋਜ ਆਦਿ ਨੁਕਸ ਹੁੰਦੇ ਹਨ, ਜਦੋਂ ਕਿ ਮਰਦਾਂ ਵਿੱਚ ਸੁਕਰਾਣੂਆਂ ਦੀ ਕਮੀ, ਜਣਨ ਹਾਰਮੋਨ ਦੀ ਕਮੀ ਅਤੇ ਜਣਨ ਕਿਰਿਆ ਹੋਰ ਕਾਰਨਾਂ ਕਰਕੇ ਪ੍ਰਭਾਵਿਤ ਹੈ। ਇਸ ਸਭ ਵਰਤਾਰੇ ਪਿੱਛੇ ਤਰ੍ਹਾਂ-ਤਰ੍ਹਾਂ ਦੀਆਂ ਅਫਵਾਹਾਂ ਉੱਠਦੀਆਂ ਹਨ ਕਿ ਪੰਜਾਬੀਆਂ ਦੀ ਨਸਲ ਖਰਾਬ ਕਰਨ ਦੀ ਸਾਜ਼ਿਸ਼ ਹੈ। ਇਸ ਪਿੱਛੇ ਆਪ ਸਹੇੜੀਆਂ ਕਰਤੂਤਾਂ ਤੋਂ ਅਸੀਂ ਪੱਲਾ ਝਾੜ ਕੇ ਗੇਂਦ ਦੂਜੇ ਦੇ ਪਾਲੇ ਵਿੱਚ ਸੁੱਟ ਦਿੰਦੇ ਹਾਂ।

ਪਿੱਛੇ ਜਿਹੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਨਸਲਾਂ ਅਤੇ ਫਸਲਾਂ ਬਚਾਉਣ ਲਈ ਪੰਜਾਬੀਆਂ ਨੂੰ ਆਵਾਜ਼ ਮਾਰੀ, ਇੱਕ ਵਾਰ ਤਾਂ ਤਹਿਲਕਾ ਮਚ ਗਿਆ ਸੀ, ਪਰ ਹੌਲੀ-ਹੌਲੀ ਮੱਧਮ ਪੈ ਗਿਆ। ਅਕਾਲ ਤਖਤ ਸਾਹਿਬ ਦਾ ਫਰਮਾਨ ਦੁਨਿਆਵੀ ਫੁਰਮਾਨਾਂ ਤੋਂ ਉੱਚਾ ਹੈ, ਇਸ ਲਈ ਇਸ ਸੰਦੇਸ਼ 'ਤੇ ਸਦਾ ਬਹਾਰ ਪਹਿਰਾ ਦੇ ਕੇ ਨਸਲ ਬਚਾਈ ਜਾ ਸਕਦੀ ਹੈ। ਸਿੰਘ ਸਾਹਿਬ ਨੇ ਇੱਥੋਂ ਤੱਕ ਕਿਹਾ ਸੀ ਕਿ ਇਹ ਅਣਡਿੱਠਾ ਜ਼ੁਲਮ ਸਾਨੂੰ ਆਪਣੀ ਧਰਤੀ ਛੱਡਣ ਲਈ ਮਜਬੂਰ ਕਰ ਰਿਹਾ ਹੈ। ਉਨ੍ਹਾਂ ਅੰਕੜਾ ਦਿੱਤਾ ਸੀ ਕਿ ਪੰਜਾਬ ਵਿੱਚ 625 ਟੈਸਟ ਟਿਊਬ ਬੇਬੀ ਸੈਂਟਰ ਖੁੱਲ੍ਹੇ ਹੋਏ ਹਨ। ਉਨ੍ਹਾਂ ਵੱਲੋਂ ਵਿਚਾਰ ਪੇਸ਼ ਕੀਤਾ ਗਿਆ ਸੀ ਕਿ ਟਿਊਬ ਸੈਂਟਰਾਂ ਵਿੱਚ ਵੀਰਜ ਗੈਰਾਂ ਦਾ ਹੁੰਦਾ ਹੈ, ਜਦੋਂ ਕਿ ਲੜਕੀ ਦੀ ਕੁੱਖ ਪੰਜਾਬੀ ਦੀ ਹੁੰਦੀ ਹੈ। ਸਿੰਘ ਸਾਹਿਬ ਦਾ ਇਹ ਫੁਰਮਾਨ ਇੱਕ ਲੋਕ ਲਹਿਰ ਵਾਂਗ ਚਿੰਤਾ ਦਾ ਵਿਸ਼ਾ ਬਣਨਾ ਚਾਹੀਦਾ ਹੈ ਤਾਂ ਜੋ ਸਾਰੀ ਕੌਮ ਸਿਰ ਜੋੜ ਕੇ ਨਸਲ ਖਰਾਬੀ ਦੀ ਬੁਰਾਈ ਦਾ ਮੁਕਾਬਲਾ ਕਰ ਸਕੇ। ਪੰਜਾਬੀਆਂ ਨੂੰ ਇਸ ਚਿੰਤਾ ਦਾ ਨਤੀਜਾ ਅਤੇ ਮੁਕਾਬਲਾ ਦੇਣਾ ਚਾਹੀਦਾ ਹੈ।

ਸਭ ਤੋਂ ਦੁਨਿਆਵੀ ਬੁਰਾਈ ਟੈਸਟ ਟਿਊਬ ਬੇਬੀ ਦੀ ਇਹ ਹੈ ਕਿ ਪੰਜਾਬੀਆਂ ਦੇ ਸਮਾਜਿਕ ਅਤੇ ਸੱਭਿਆਚਾਰ ਨਾਲ ਇਹ ਵਿਸ਼ਾ ਮੇਲ ਨਹੀਂ ਖਾਂਦਾ; ਪਰ ਮਜਬੂਰ ਹੋਣਾ ਪੈ ਰਿਹਾ ਹੈ। ਇਨ੍ਹਾਂ ਤਕਨੀਕਾਂ ਨਾਲ ਵਿਆਹ ਵਾਲੇ ਜੋੜਿਆਂ ਦੇ ਸੰਭੋਗ ਤੋਂ ਬਿਨਾ ਲੈਬਾਰਟਰੀ ਦੀ ਮਦਦ ਨਾਲ ਮਾਨਵੀ ਸਪਰਮ ਅਦਾਨ-ਪ੍ਰਦਾਨ ਕਰਕੇ ਮੁਢਲੀ ਪ੍ਰਜਨਣ ਕਿਰਿਆ ਪੂਰੀ ਕੀਤੀ ਜਾਂਦੀ ਹੈ। ਪੰਜਾਬੀਆਂ ਦੇ ਮਨ ਵਿੱਚ ਇਸ ਕਿਰਿਆ ਪ੍ਰਤੀ ਤਰ੍ਹਾਂ-ਤਰ੍ਹਾਂ ਦੇ ਸ਼ੰਕੇ ਅਤੇ ਮਾਨਸਿਕ ਬੋਝ ਰਹਿੰਦਾ ਹੈ। ਵਿਗਿਆਨਿਕ ਸੋਝੀ ਵੀ ਮਾਨਸਿਕਤਾ ਨੂੰ ਮੋੜਾ ਨਹੀਂ ਦੇ ਰਹੀ। ਮੈਡੀਕਲ ਰਿਪੋਰਟ ਅਨੁਸਾਰ ਭਾਰਤ 'ਚ ਬਾਂਝਪਣ ਨਾਲ ਜੁੜੇ ਮਾਹਰ ਇਸਤਰੀ ਰੋਗਾਂ ਦੇ ਹੀ ਮਾਹਰ ਹੁੰਦੇ ਹਨ। ਇਸ ਨਾਲ ਸੂਝ ਤੋਂ ਬਿਨਾ ਮਸਲਾ ਹੋਰ ਗੁੰਝਲਦਾਰ ਬਣ ਜਾਂਦਾ ਹੈ। ਖਦਸ਼ਾ ਹੈ ਕਿ ਕਿਰਾਏ ਦੀ ਕੁੱਖ ਦਾ ਕੌੜਾ ਸੱਚ ਵੀ ਮੈਡੀਕਲ ਮਾਹਰ ਅਤੇ ਜਨਤਾ ਜਾਣਦੀ ਹੈ। ਜਣਣ ਅੰਗਾਂ ਉੱਤੇ ਜਹਿਰਾਂ ਦਾ ਇੰਨਾ ਪ੍ਰਭਾਵ ਹੈ ਕਿ ਬਾਲਗ ਅਤੇ ਨਾਬਾਲਗ ਇਸ ਦੀ ਜਕੜ ਵਿੱਚ ਆ ਚੁੱਕੇ ਹਨ। ਪੰਜਾਬੀਆਂ ਦੀ ਸੰਤਾਨ ਉੱਤਪਤੀ ਜੰਮਣ ਸਾਰ ਹੀ ਦਵਾਈਆਂ ਨਾਲ ਲੜਨ ਲੱਗ ਪੈਂਦੀ ਹੈ, ਜਦੋਂ ਕਿ ਪਹਿਲਾ ਖਾਧ ਖੁਰਾਕਾਂ ਨਾਲ ਲੜ ਕੇ ਦੁਸ਼ਮਣਾਂ ਨੂੰ ਮਾਰ ਮੁਕਾਉਂਦੀ ਸੀ। ਇੱਕ ਮੋਟੇ ਅੰਦਾਜ਼ੇ ਅਨੁਸਾਰ 5 ਤੋਂ 20 ਜੋੜੇ ਬੇ-ਔਲਾਦੇ ਪਾਏ ਜਾਂਦੇ ਹਨ। ਔਰਤਾਂ 20 ਤੋਂ 25 ਫੀਸਦੀ ਤੱਕ ਗਰਭ ਗਿਰਨ ਅਤੇ ਗਰਭ ਠਹਿਰਨ ਤੋਂ ਪੀੜਤ ਹਨ। ਡਾਕਟਰ ਤੋਂ ਹਾਰਮੋਨ ਦੇ ਟੀਕੇ ਲਗਵਾ ਕੇ ਸੈਕਸ ਲਾਈਫ ਕਮਜ਼ੋਰ ਹੋ ਜਾਂਦੀ ਹੈ। ਪੰਜਾਬ ਵਿੱਚ ਆਮ ਧਾਰਨਾ ਕੰਮ ਕਰਦੀ ਹੈ ਕਿ ਪੋਤੇ ਦੇ ਵੀਰਜ ਸ਼ੁਕਰਾਣੂ ਦਾਦੇ ਨਾਲੋਂ ਅੱਜ ਘੱਟ ਹੁੰਦੇ ਹਨ। ਮਨੁੱਖੀ ਜੀਨਜ਼ ਨਾਲ ਖਿਲਵਾੜ ਅਤੇ ਬਿਗਾੜ ਪੈਦਾ ਹੋ ਚੁੱਕਾ ਹੈ। ਪੰਜਾਬ ਦੀ ਅਣਖ ਨੂੰ ਖੋਰਾ ਵੀ ਲੱਗਿਆ ਹੈ। ਪੀ.ਜੀ.ਆਈ. ਚੰਡੀਗੜ੍ਹ ਨੇ ਰਿਪੋਰਟ ਦਿੱਤੀ ਸੀ ਕਿ ਪੰਜਾਬੀਆਂ ਦੇ ਜੀਨਸ਼ ਵੱਡੀ ਪੱਧਰ 'ਤੇ ਖਰਾਬ ਹੋ ਰਹੇ ਹਨ। ਇਹ ਵੀ ਭਵਿੱਖੀ ਖਤਰੇ ਦੀ ਘੰਟੀ ਹੈ।



ਖਿਲਵਾੜ ਹੋਣ ਤੋਂ ਬਾਅਦ ਆਯੂਰਵੈਦਿਕ ਅਤੇ ਤਾਂਤਰਿਕਾਂ ਦੇ ਜਾਲ ਵਿੱਚ ਫਸ ਕੇ ਪੰਜਾਬੀ ਹੋਰ ਵੀ ਨੀਵੇਂਪਣ ਵੱਲ ਜਾ ਰਹੇ ਹਨ। ਟੈਸਟ ਟਿਊਬ ਸੈਂਟਰ ਅਤੇ ਤਕਨੀਕ ਨੂੰ ਮਾੜਾ ਨਹੀਂ ਕਿਹਾ ਜਾ ਸਕਦਾ, ਕਿਉਂਕਿ ਲੋਕਾਂ ਲਈ ਸਹੂਲਤਾਂ ਵੀ ਮਿਲਦੀਆਂ ਹਨ; ਪਰ ਜਿਹੜੇ ਸ਼ੰਕਾਵਾਂ ਅਤੇ ਹਨੇਰੇ ਵਿੱਚ ਰੱਖ ਕੇ ਗੁੰਮਰਾਹ ਕਰਦੇ ਹਨ, ਉਹ ਪੰਜਾਬੀਆਂ ਦੀ ਨਸਲ ਨੂੰ ਖਰਾਬ ਕਰਨ ਦੇ ਮੁੱਖ ਜ਼ਿੰਮੇਵਾਰ ਹਨ।

ਪੰਜਾਬ ਦੀ ਪ੍ਰਜਣਨ ਦਰ 1.6 ਹੈ। ਪੰਜਾਬੀ ਮਰਦ ਨੂੰ ਮਰਦਾਨਗੀ ਅਤੇ ਔਰਤ ਨੂੰ ਜਣਣ ਸਮਰੱਥਾ ਕਾਇਮ ਰੱਖਣੀ ਸ਼ੌਕ ਅਤੇ ਆਦਤ ਬਣਨੀ ਚਾਹੀਦੀ ਹੈ। ਇਸ ਨਾਲ ਮਿਲਗੋਭਾ ਜੀਨਸ਼ ਪੈਦਾ ਹੋਣ ਦੀ ਬਜਾਏ ਆਪਣੀ ਆਬਰੂ ਪੈਦਾ ਹੋਵੇਗੀ। ਟੈਸਟ ਟਿਊਬ ਬੇਬੀ ਦਾ ਸੱਚ ਅਤੇ ਹੋਂਦ ਸਬੱਬੀ ਨਹੀਂ ਹੁੰਦੀ, ਇਹ ਸਾਡੇ ਕਿਰਦਾਰ ਅਤੇ ਸੱਭਿਅਤਾ ਦੀ ਗਵਾਹੀ ਹੁੰਦੀ ਹੈ। ਕਿਸਮਤ ਵਾਲੇ ਹਨ ਉਹ ਜੋੜੇ, ਜੋ ਕੁਦਰਤੀ ਤਰੀਕੇ ਨਾਲ ਆਪਣੀ ਸੰਤਾਨ ਪੈਦਾ ਕਰਦੇ ਹਨ, ਮਾਨਸਿਕ ਬੋਝ ਤੋਂ ਮੁਕਤ ਰਹਿੰਦੇ ਹਨ। ਅੱਜ ਮੁੰਡੇ ਕੁੜੀਆਂ ਵਿਆਹ ਤੋਂ ਪਹਿਲਾ ਹੀ ਸੈਕਸ ਸਬੰਧ ਬਣਾ ਲੈਂਦੇ ਹਨ, ਫਿਰ ਗਰਭਪਾਤ ਕਰਵਾਉਂਦੇ ਹਨ। ਆਖਿਰ ਇਨ੍ਹਾਂ ਸੈਂਟਰਾਂ ਦੀ ਝੋਲੀ ਗਿਰ ਕੇ ਜੀਵਨ ਖਰਾਬ ਕਰਦੇ ਹਨ। 1978 ਵਿੱਚ ਪਹਿਲਾ ਟੈਸਟ ਟਿਊਬ ਬੱਚਾ ਹੋਇਆ ਸੀ, ਉਦੋਂ ਮਿਸਰ ਦੀ ਅਲਅੱਜ਼ਹਰ ਯੂਨੀਵਰਸਿਟੀ ਨੇ ਪਤੀ-ਪਤਨੀ ਦੇ ਅੰਡੇ ਹੋਣ ਨੂੰ ਜਾਇਜ਼ ਕਿਹਾ ਸੀ। ਪਤੀ-ਪਤਨੀ ਦੇ ਅੰਡੇ ਤੋਂ ਬਿਨਾ ਜਾਇਜ਼ ਨਹੀਂ ਸੀ। ਪਾਕਿਸਤਾਨ ਵਿੱਚ 1989 ਵਿੱਚ ਟੈਸਟ ਟਿਊਬ ਬੇਬੀ ਪੈਦਾ ਹੋਈ ਸੀ, ਮੌਲਵੀਆਂ ਨੇ ਇਸ ਨੂੰ ਹਰਾਮ ਅਤੇ ਅਮਰੀਕਾ ਦੀ ਸਾਜ਼ਿਸ਼ ਦੱਸਿਆ ਸੀ।

ਬਾਂਝਪਣ ਰੋਕਣ ਲਈ ਟੈਸਟ ਟਿਊਬ ਸੈਂਟਰ ਵਿਗਿਆਨਕ ਅਤੇ ਮੈਡੀਕਲੀ ਤਰੱਕੀ ਤਾਂ ਹੈ, ਇਸ ਦਾ ਲਾਭ ਲੋੜਵੰਦ ਅਤੇ ਜਾਣਕਾਰ ਲੈ ਰਹੇ ਹਨ, ਜੋ ਉਨ੍ਹਾਂ ਲਈ ਠੀਕ ਵੀ ਹੈ, ਪਰ ਜਦੋਂ ਵੀ ਕਿਸੇ ਤਰੱਕੀ ਵਿੱਚ ਸ਼ੰਕਾ ਜਾਂ ਪ੍ਰਤੱਖ ਪ੍ਰਮਾਣ ਹੋ ਜਾਂਦੇ ਹਨ ਤਾਂ ਸਭ ਕਾਸੇ 'ਤੇ ਪੋਚਾ ਫਿਰ ਜਾਂਦਾ ਹੈ। ਪੰਜਾਬੀ ਸਮਾਜ ਵਿੱਚ ਜੋ ਇਸ ਵਿਸ਼ੇ 'ਤੇ ਸ਼ੰਕੇ ਹਨ, ਉਹ ਵਿਗਿਆਨਕ ਅਤੇ ਮੈਡੀਕਲ ਸੋਝੀ ਨਾਲ ਨਵਿਰਤ ਹੋਣੇ ਚਾਹੀਦੇ ਹਨ। ਇਹ ਦੱਸਣਾ ਵੀ ਸਭ ਤੋਂ ਪਹਿਲਾਂ ਹੋਣਾ ਚਾਹੀਦਾ ਹੈ, ਜੇ ਬੰਦੇ ਵਿੱਚ ਬਿਲਕੁਲ ਨੁਕਸ ਹੈ ਤਾਂ ਵੀਰਜ ਕਿੱਥੋਂ ਆਵੇਗਾ? ਪਤੀ ਦੇ ਵੀਰਜ ਅਤੇ ਪਤਨੀ ਦੀ ਕੁੱਖ ਤੋਂ ਬਿਨਾ ਅਗਰ ਕੋਈ ਹੋਰ ਮੈਡੀਕਲ ਤੌਰ ਤਰੀਕਾ ਅਪਣਾਇਆ ਜਾਂਦਾ ਹੈ, ਫਿਰ ਇਹ ਪੰਜਾਬ ਨੂੰ ਮੁਆਫਿਕ ਆਉਣਾ ਜ਼ਰੂਰੀ ਨਹੀ ਹੈ। ਇਸ ਨਾਲ ਲੋਕ ਮੁਰਝਾ ਜਾਣਗੇ, ਉਨ੍ਹਾਂ ਦੀਆਂ ਨਜ਼ਰਾਂ ਮਿਲਣੀਆਂ ਔਖੀਆਂ ਹੋ ਜਾਣਗੀਆਂ। ਇਨ੍ਹਾਂ ਸੈਂਟਰਾਂ ਲਈ ਪੰਜਾਬ ਦੇ ਸਮਾਜਿਕ ਅਤੇ ਮਾਨਸਿਕ ਪੱਖ ਨੂੰ ਸੰਜੀਦਗੀ ਨਾਲ ਵਿਚਾਰਨਾ ਚਾਹੀਦਾ ਹੈ। ਪੰਜਾਬ ਵਿੱਚ ਨਪੁੰਸ਼ਕਤਾ ਦੀ ਦਰ ਵੀ 50 ਪ੍ਰਤੀਸ਼ਤ ਹੈ, ਨਵੇਂ ਜੋੜੇ ਵੀ ਇਸ ਦੇ ਸ਼ਿਕਾਰ ਹਨ। ਪਤੀ-ਪਤਨੀ ਕੁਦਰਤੀ ਔਲਾਦ ਪੈਦਾ ਕਰਨ ਤੋਂ ਬਿਨਾ ਅਧੂਰਾ ਲੱਗਦੇ ਹਨ। ਸਭ ਤੋਂ ਖਤਰਨਾਕ ਕੁਦਰਤੀ ਖਿਲਵਾੜ ਇਹ ਹੋ ਚੁੱਕਾ ਹੈ ਕਿ ਸੈਕਸ ਤੋਂ ਬਿਨਾ ਹੀ ਗਰਭ ਧਾਰਨ ਹੋ ਜਾਂਦਾ ਹੈ। ਮੁੱਕਦੀ ਗੱਲ ਇਹ ਹੈ ਕਿ ਗੁਲਾਬ ਰੂਪੀ ਪੰਜਾਬ ਤਰ੍ਹਾਂ-ਤਰ੍ਹਾਂ ਦੇ ਦੁੱਖ ਹੰਢਾ ਰਿਹਾ ਹੈ; ਸਾਹਮਣਾ ਕਰਕੇ ਜੇਤੂ ਵੀ ਹੋ ਰਿਹਾ ਹੈ। ਪੰਜਾਬੀਆਂ ਦੀ ਨਸ਼ਲਕੁਸੀ ਅਤੇ ਮਿਲਗੋਭਾ ਪੈਦਾਇਸ਼ ਬਾਰੇ ਸਭ ਕਿਸਮ ਦੇ ਸ਼ੰਕੇ ਅਤੇ ਚਿੰਤਾਵਾਂ ਖਤਮ ਹੋਣੀਆਂ ਚਾਹੀਦੀਆਂ ਹਨ। ਇਸ ਨਾਲ ਪੰਜਾਬੀਆਂ ਦੀ ਨਸਲ ਬਚਾਉਣ ਲਈ ਗੰਭੀਰ ਅਤੇ ਚਿੰਤਾਜਨਕ ਮੁੱਦੇ ਨੂੰ ਸਰਕਾਰ, ਸਮਾਜ ਤੇ ਧਾਰਮਿਕ ਖੇਤਰ ਅੰਦਰ ਲੰਬਿਤ ਛੱਡਣ ਦੀ ਬਜਾਏ ਤੁਰੰਤ ਹੱਲ ਕਰਕੇ ਖੁਸ਼ ਗਵਾਰ ਸੁਨੇਹਾ ਪੰਜਾਬੀਆਂ ਨੂੰ ਦੇਣਾ ਚਾਹੀਦਾ ਹੈ। ਹੁਣ ਤਖਤ ਸ਼੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਵੀ ਆਪਣੇ ਉਪਰਾਲਿਆਂ ਨਾਲ ਪੰਜਾਬੀਆਂ ਨੂੰ ਸੰਭਲਣ ਅਤੇ ਜਾਗਣ ਦਾ ਹੋਕਾ ਦਿੱਤਾ ਹੈ, ਇਸ ਨੂੰ ਸਵੀਕਾਰ ਕਰਨਾ ਪੰਜਾਬੀਆਂ ਦੇ ਹਿੱਤ ਵਿੱਚ ਹੈ। ਸਿੰਘ ਸਾਹਿਬਾਨ ਦੇ ਸੰਦੇਸ਼ ਨਹੀਂ, ਬਲਕਿ ਹੁਕਮ ਹੁੰਦੇ ਹਨ। ਇਸ ਲਈ ਜੋ ਹੁਕਮ ਹੋਏ ਹਨ, ਉਨ੍ਹਾਂ ਨੂੰ ਮੰਨ ਕੇ ਲਾਗੂ ਕਰਨਾ ਸਾਡਾ ਫਰਜ਼ ਹੈ।

ਹਰ ਪੰਜਾਬੀ ਦਾ ਫਰਜ਼ ਬਣਦਾ ਹੈ ਕਿ ਜਾਗੋ ਆਪਣੀ ਮਾਂ-ਬੋਲੀ, ਆਪਣੇ ਪੰਜਾਬ ਲਈ ਦਰਪੇਸ਼ ਵੰਗਾਰਾਂ ਦਾ ਹਰ ਪੱਖੋਂ ਮੁਕਾਬਲਾ ਕਰੀਏ। ਸਿੰਘ ਸਹਿਬਾਨ ਦੇ ਹੁਕਮ ਅਨੁਸਾਰ ਅੱਜ ਤੋਂ ਪੰਜਾਬੀਆਂ ਦੀ ਨਸਲ, ਫਸਲ ਅਤੇ ਬਹੁਪੱਖੀ, ਬਹੁਪਰਤੀ ਚੁਣੌਤੀਆਂ ਨੂੰ ਕਬੂਲ ਕਰਕੇ ਇਨ੍ਹਾਂ ਦਾ ਨਿਵਾਰਨ ਕਰਨਾ ਹਰ ਪੰਜਾਬੀ ਦੀ ਜ਼ਿੰਮੇਵਾਰੀ ਹੈ। ਸਰਕਾਰਾਂ ਵੀ ਲੋਕਾਂ ਦੇ ਸਹਿਯੋਗ ਨਾਲ ਪੰਜਾਬ ਨੂੰ ਮੁੜ ਲੀਹਾਂ ਵੱਲ ਲਿਆ ਸਕਦੀਆਂ ਹਨ। "ਪੰਜਾਬੀਓ! ਜਾਗਦੇ ਕਿ ਸੁੱਤੇ?" ਦੇ ਸੰਕਲਪ ਵਿੱਚੋਂ ਪੰਜਾਬੀਅਤ ਲਈ ਇੱਕ ਪ੍ਰਮਾਣਿਤ ਅਤੇ ਸਰਬਪੱਖੀ ਲੋਕ ਲਹਿਰ ਅਰੰਭੀਏ, ਇਸ ਨਾਲ ਹੀ ਪੰਜਾਬ ਭਾਰਤ ਦੀ ਮੁੰਦਰੀ ਦਾ ਨਗ ਬਣਿਆ ਰਹੇਗਾ ਅਤੇ ਪੁਰਾਤਨ ਪੰਜਾਬ ਨੂੰ ਲੱਭਿਆ ਜਾ ਸਕੇਗਾ।

# ਖਾਲਸਾ ਪੰਥ ਨੂੰ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈਣ ਦੀ ਲੋੜ

**ਮੀਰੀ-ਪੀਰੀ ਦਿਵਸ 'ਤੇ**

**ਦਿਲਜੀਤ ਸਿੰਘ ਬੇਦੀ**
**ਫੋਨ: +91-7657968570**

ਗੁਰੂ ਨਾਨਕ ਸਾਹਿਬ ਨੇ ਕਮਾਲ ਦੀ ਯੋਜਨਾਬੰਦੀ ਨਾਲ ਨਿਰਬਲ ਹੋਈ ਜਨਤਾ ਨੂੰ ਹਲੂਣਿਆਂ, ਜਿਸ ਉਪਰ ਹੰਕਾਰੀ ਅਤੇ ਅਨੈਤਿਕ ਲੋਕ ਕਈ ਸਦੀਆਂ ਤੋਂ ਰਾਜ ਕਰ ਰਹੇ ਸਨ। ਗੁਰੂ ਜੀ ਨੇ ਇੱਕ ਮੁੱਢੋਂ ਆਜ਼ਾਦ ਧਰਮ ਅਤੇ ਪੰਥ ਦੀ ਸਿਰਜਨਾ ਕੀਤੀ। ਅਕਾਲ ਪੁਰਖ ਦੀ ਆਪਣੀ ਜੋਤਿ ਨੇ ਗੁਰੂ ਨਾਨਕ ਕਹਾਇਆ ਅਤੇ ਫਿਰ ਗੁਰੂ ਅੰਗਦ, ਅਮਰਦਾਸ ਅਤੇ ਗੁਰੂ ਰਾਮਦਾਸ ਰਾਹੀਂ ਇਹ ਜੋਤਿ ਗੁਰੂ ਅਰਜਨ ਦੇਵ ਜੀ ਵਿੱਚ ਪਰਵੇਸ਼ ਕੀਤੀ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਯੁੱਧ ਤੱਕ ਇੱਕੋ ਹੀ ਜੋਤਿ ਅਤੇ ਜੁਗਤਿ ਨਿਰੰਤਰ ਚੱਲਦੀ ਰਹੀ। ਇਹ ਜੋਤਿ ਜੁਗਤ ਜੋ ਧਰਮ ਪਿਤਾ ਵਾਹਿਗੁਰੂ ਦੀ ਪ੍ਰੇਰਨਾ ਕਰਕੇ ਗੁਰੂ ਨਾਨਕ ਸਾਹਿਬ ਰਾਹੀਂ ਪ੍ਰਗਟ ਹੋਈ ਸੀ, ਦਸ ਗੁਰੂ ਸਾਹਿਬਾਨ ਰਾਹੀਂ ਪ੍ਰਚਾਰੀ ਗਈ; ਉਸੇ ਨਿਰਮਲ ਤੇ ਖਾਲਸ ਧਰਮ ਦਾ ਨਾਮ ਗੁਰਮਤਿ ਹੈ:

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥...
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ॥...
ਦੇਵਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥...
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥
(ਪੰਨਾ 1408-1409)

ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਮੋਹਸਿਨ ਫਾਨੀ, ਜਿਹੜਾ ਇਰਾਨ ਵੱਲੋਂ ਅੰਮ੍ਰਿਤਸਰ ਆਇਆ, ਨੇ ਆਪਣੀ ਕਿਤਾਬ ਦੇ 'ਨਾਨਕ ਪੰਥੀ' ਮਜ਼ਮੂਨ ਵਿੱਚ ਦਰਜ ਕੀਤਾ ਕਿ 'ਦੁਨੀਆਂ ਦੇ ਮੁਲਕਾਂ ਦਾ ਸ਼ਾਇਦ ਹੀ ਕੋਈ ਸ਼ਹਿਰ ਹੋਵੇ, ਜਿਥੇ ਥੋੜ੍ਹੇ ਬਹੁਤ ਸਿੱਖ ਨਾ ਹੋਣ।' ਗੁਰੂ ਅਰਜਨ ਸਾਹਿਬ ਵੇਲੇ ਸਿੱਖੀ ਬਹੁਤ ਫੈਲੀ। ਗੁਰੂ ਜੀ ਨੇ ਪੰਥ ਨੂੰ ਬੁਨਿਆਦੀ ਤੱਥ ਸਮਝਾਉਣ ਲਈ ਹੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਵਕਤ ਸੱਤੇ ਬਲਵੰਡੇ ਦੀ ਵਾਰ ਅਤੇ ਭੱਟਾਂ ਦੇ ਸਵੱਈਏ ਦਰਜ ਕੀਤੇ।

ਗੁਰੂ ਅਰਜਨ ਦੇਵ ਜੀ ਨੇ 'ਤੇਰਾ ਕੀਆ ਮੀਠਾ ਲਾਗੈ' ਉਚਾਰਦੇ ਹੋਏ ਸ਼ਹੀਦੀ ਤੋਂ ਪਹਿਲਾਂ ਭਾਈ ਬਿਧੀ ਚੰਦ ਘੋੜਸਵਾਰ ਰਾਹੀਂ ਲਾਹੌਰ ਤੋਂ ਅੰਮ੍ਰਿਤਸਰ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ 'ਹਰਗੋਬਿੰਦ ਛੇਵੇਂ ਨਾਨਕ ਹਨ, ਉਹ ਹਥਿਆਰਬੰਦ ਹੋ ਕੇ ਤਖ਼ਤ 'ਤੇ ਬੈਠਣ ਅਤੇ ਵੱਡੀ ਤੋਂ ਵੱਡੀ ਫੌਜ ਰੱਖਣ।' ਗੁਰੂ ਸਾਹਿਬ ਦੀ ਸ਼ਹੀਦੀ ਸਿੱਖਾਂ ਲਈ ਦਿਲ ਹਿਲਾ ਦੇਣ ਵਾਲੀ ਘਟਨਾ ਸੀ। ਇਸ ਘਟਨਾ ਨੇ ਸਿੱਖ ਧਰਮ ਅੰਦਰ ਇਨਕਲਾਬੀ ਮੋੜ ਲਿਆਂਦਾ। ਗੁਰੂ ਹਰਿਗੋਬਿੰਦ ਜੀ ਗੁਰੂ-ਪਿਤਾ ਦੀ ਸ਼ਹੀਦੀ ਵਕਤ 11 ਸਾਲ ਦੇ ਸਨ। ਇਸ ਸਮੇਂ ਸੰਗਤਾਂ ਨੂੰ ਕੀਰਤਨ ਕਰਨ ਅਤੇ ਸ਼ਹੀਦੀ ਨੂੰ ਅਕਾਲ ਪੁਰਖ ਦਾ ਹੁਕਮ ਮੰਨਦੇ ਹੋਏ ਭਾਣਾ ਮੰਨਣ ਦਾ ਹੁਕਮ ਕੀਤਾ ਅਤੇ ਕਿਹਾ ਕਿ ਉਹ ਜਲਦੀ ਹੀ ਪੰਥ ਅੱਗੇ ਨਵਾਂ ਪ੍ਰੋਗਰਾਮ ਰੱਖਣਗੇ।

ਜੂਨ 1606 ਈ: ਨੂੰ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਆਪ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ ਅਤੇ ਉਸਾਰੀ ਕਰਵਾਈ। ਇਸ ਉਪਰੰਤ ਉਨ੍ਹਾਂ ਫੁਰਮਾਇਆ ਕਿ ਤਖ਼ਤ ਉੱਪਰ ਸੁੰਦਰ ਗਲੀਚਾ ਵਿਛਾ ਕੇ ਉਪਰ ਸ਼ਾਹੀ ਠਾਠ ਵਾਲਾ ਚੰਦੋਆ ਲਗਾਉਣ ਅਤੇ ਉਹ ਆਪ ਤਿਆਰ ਹੋ ਕੇ ਆਉਣਗੇ। ਉਨ੍ਹਾਂ ਖੂਬਸੂਰਤ ਸ਼ਾਹੀ ਬਸਤਰ ਪਹਿਨ ਕੇ, ਦਸਤਾਰ ਤੇ ਕਲਗੀ, ਮੋਤੀਆਂ ਦੀ ਮਾਲਾ ਅਤੇ ਫੌਲਾਦੀ ਚੱਕਰ ਨਾਲ ਸੁਸ਼ੋਭਿਤ ਹੋਣ ਉਪਰੰਤ ਤਖ਼ਤ 'ਤੇ ਪਹੁੰਚੇ; ਬਾਬਾ ਬੁੱਢਾ ਜੀ ਨੂੰ ਕਿਹਾ ਕਿ ਗੁਰਿਆਈ ਦੇ ਤਿਲਕ ਦੀ ਜਗ੍ਹਾ ਉਨ੍ਹਾਂ ਨੂੰ ਦੋ ਤਲਵਾਰਾਂ ਪਹਿਨਾਉਣ-ਇੱਕ ਮੀਰੀ ਦੀ ਅਤੇ ਇੱਕ ਪੀਰੀ ਦੀ। ਉਨ੍ਹਾਂ ਐਲਾਨ ਕੀਤਾ ਕਿ ਪਹਿਲੇ ਪੰਜ ਗੁਰੂ ਸਾਹਿਬਾਨ ਵੀ ਧਾਰਮਿਕ ਅਤੇ ਰਾਜਸੀ ਗੁਰੂ ਹੋ ਕੇ ਵਿਚਰਦੇ ਰਹੇ ਹਨ, ਪਰ ਹੁਣ ਅਸੀਂ ਨਾ ਸਿਰਫ ਪੰਥ ਨੂੰ ਬਲਕਿ ਸਾਰੇ ਸੰਸਾਰ ਨੂੰ ਆਪਣਾ ਰੂਪ ਪ੍ਰਤੱਖ ਕਰਨਾ ਹੈ, ਉਨ੍ਹਾਂ ਹੁਕਮ ਕੀਤਾ ਕਿ ਉਨ੍ਹਾਂ ਦੇ ਸੀਸ 'ਤੇ ਇੱਕ ਸਿੱਖ ਹਮੇਸ਼ਾ ਸ਼ਾਹੀ ਛਤਰ ਕਰਿਆ ਕਰੇ ਅਤੇ ਇੱਕ ਹੋਰ ਸਿੱਖ ਚੌਰ ਕਰਿਆ ਕਰੇ। ਉਨ੍ਹਾਂ ਪੰਥ ਨੂੰ ਪਹਿਲਾ ਹੁਕਮਨਾਮਾ ਜਾਰੀ ਕੀਤਾ ਕਿ ਸੰਗਤਾਂ ਕੋਲੋਂ ਉਨ੍ਹਾਂ ਨੂੰ ਹਥਿਆਰ, ਘੋੜੇ ਅਤੇ ਜਵਾਨੀ ਦੀਆਂ ਭੇਟਾਵਾਂ ਉੱਤਮ ਰੂਪ ਵਿੱਚ ਪ੍ਰਵਾਨ ਹੋਣਗੀਆਂ। ਆਪਣੇ ਸਿੱਖਾਂ ਦੀ ਮਾਨਸਿਕ ਅਤੇ ਸਰੀਰਕ ਅਵਸਥਾ ਇਤਨੀ ਉੱਚੀ ਕਰ ਦਿੱਤੀ ਕਿ ਜਦ ਗੁਰੂ ਜੀ ਨੇ ਸਿੱਖਾਂ ਨੂੰ ਚੰਗੀ ਨਸਲ ਦੇ ਘੋੜੇ ਲਿਆਉਣ ਲਈ ਸੰਕੇਤ ਦਿੱਤਾ ਤਾਂ ਅੰਮ੍ਰਿਤਸਰ ਤੋਂ ਘੋੜੇ ਲਿਆਉਣ ਲਈ ਸੈਂਕੜੇ ਸਿੱਖ ਤੁਰ ਪਏ। ਇਸ ਤਰ੍ਹਾਂ ਦਾ ਐਲਾਨ ਹਕੂਮਤ ਦੇ ਜ਼ੁਲਮਾਂ ਦੇ ਖਿਲਾਫ ਜੰਗ ਛੇੜਨ ਦਾ ਇੱਕ ਖੁੱਲ੍ਹਾ ਸੱਦਾ ਸੀ। ਅਕਾਲ ਤਖ਼ਤ ਸਾਹਿਬ ਗੁਰੂ ਅਰਜਨ ਸਾਹਿਬ ਦੇ ਡੁਲ੍ਹੇ ਖੂਨ ਦੀ ਪੈਦਾਵਾਰ ਹੈ। ਪੰਚਮ ਪਾਤਸ਼ਾਹ ਦੀ ਸ਼ਹੀਦੀ ਸਮੇਂ ਸਿੱਖਾਂ ਵਿੱਚ ਆਈ ਘਬਰਾਹਟ ਦੇਖ ਕੇ ਮਾਤਾ ਗੰਗਾ ਜੀ ਅਤੇ ਬਾਬਾ ਬੁੱਢਾ ਜੀ ਨੇ ਤਸੱਲੀ ਦਿੱਤੀ ਕਿ ਗੁਰੂ ਹਰਿਗੋਬਿੰਦ ਜੀ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੀ ਜੋਤਿ ਹਨ।

ਗੁਰੂ ਹਰਿਗੋਬਿੰਦ ਸਾਹਿਬ ਦੇ ਇਸ ਹੁਕਮ ਅਨੁਸਾਰ ਸਿੱਖ ਸੰਗਤਾਂ ਹਥਿਆਰਬੰਦ ਹੋ ਕੇ ਦਰਸ਼ਨਾਂ ਨੂੰ ਆਉਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੂਰਬੀਰਾਂ ਨੂੰ ਬਾਬਾ ਬੁੱਢਾ ਜੀ ਦੀ ਦੇਖ-ਰੇਖ 'ਚ ਜੰਗਜੂ ਸੰਘਰਸ਼ ਲਈ ਤਿਆਰ ਕੀਤਾ ਤੇ ਇਨ੍ਹਾਂ ਦੇ ਚਾਰ ਜਥੇ ਬਣਾਏ। ਗੁਰੂ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਉੱਪਰ ਬੈਠ ਕੇ ਸਿੱਖ ਸੰਗਤਾਂ ਦੇ ਦਰਬਾਰ ਲਗਾਉਣੇ ਸ਼ੁਰੂ ਕਰ ਦਿੱਤੇ। ਅਕਾਲ ਤਖ਼ਤ ਸਾਹਿਬ ਸਾਹਮਣੇ ਕੁਸ਼ਤੀਆਂ, ਜੰਗਜੂ ਕਰਤੱਬ ਵਾਲੀਆਂ ਖੇਡਾਂ ਕਰਵਾਉਣੀਆਂ ਆਰੰਭ ਕਰ ਦਿੱਤੀਆਂ। ਢਾਡੀ ਬੀਰ-ਰਸੀ ਵਾਰਾਂ ਸੁਣਾਉਂਦੇ, ਸਿੱਖ ਸ਼ਕਤੀ ਦਾ ਖੂਨ ਜੋਸ਼ ਨਾਲ ਉਬਾਲੇ ਖਾਣ ਲੱਗਾ। ਅਕਾਲ ਤਖ਼ਤ ਸਾਹਿਬ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ, ਜੋ ਮੀਰੀ-ਪੀਰੀ ਦੀ ਸ਼ਕਤੀ ਦੇ ਪ੍ਰਤੀਕ ਹਨ।



ਗੁਰੂ ਜੀ ਰੋਜ਼ਾਨਾ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਸੰਗਤਾਂ ਦਾ ਦਰਬਾਰ ਲਗਾਉਂਦੇ, ਸਿੱਖਾਂ ਦੇ ਆਪਸੀ ਝਗੜਿਆਂ ਨੂੰ ਸੁਣਿਆ ਜਾਂਦਾ ਅਤੇ ਉਨ੍ਹਾਂ ਦਾ ਨਿਬੇੜਾ ਕੀਤਾ ਜਾਂਦਾ। ਇਸ ਦਰਬਾਰ ਨੇ ਸਾਬਤ ਕਰ ਦਿੱਤਾ ਕਿ ਸਿੱਖ ਕੌਮ ਸਿੱਖ ਧਾਰਮਿਕ ਖੇਤਰ ਵਿੱਚ ਹੀ ਸੁਤੰਤਰ ਨਹੀਂ, ਸਗੋਂ ਸੰਸਾਰਕ ਮਸਲਿਆਂ ਨੂੰ ਵੀ ਨਜਿੱਠਣ ਦੀ ਸ਼ਕਤੀ ਰੱਖਦੀ ਹੈ। ਇਹ ਆਤਮ ਨਿਰਨੈ ਲੈਣ ਦਾ ਇੱਕ ਜ਼ੋਰਦਾਰ ਪ੍ਰਗਟਾਵਾ ਸੀ। ਇਹ ਗੁਰੂ ਜੀ ਦੀ ਸ਼ਹਾਦਤ ਦਾ ਪ੍ਰਤੀਕਰਮ ਵੀ ਸੀ ਅਤੇ ਸ਼ਹਾਦਤ ਦੇ ਰੂਪ ਵਿੱਚ ਦਿੱਤੇ ਗਏ ਚੈਲੰਜ ਨੂੰ ਪ੍ਰਵਾਨ ਕਰਨ ਦਾ ਐਲਾਨ ਵੀ ਸੀ। ਅਕਾਲ ਤਖ਼ਤ ਸਾਹਿਬ ਪਰਉਪਕਾਰੀ ਵਡਯੋਧੇ ਗੁਰੂ ਦੀਆਂ ਅਨੰਤ ਬਖਸ਼ਿਸ਼ਾਂ ਦਾ ਰੂਹਾਨੀ ਕ੍ਰਿਸ਼ਮਾ ਹੈ।

ਮੋਹਸਿਨ ਫਾਨੀ ਅਨੁਸਾਰ ਗੁਰੂ ਜੀ ਨੇ 2200 ਦੀ ਫੌਜ ਤਿਆਰ ਕੀਤੀ, ਜਿਸ ਵਿੱਚ 60 ਬੰਦੂਕਚੀ ਅਤੇ 300 ਘੋੜ-ਸਵਾਰ ਸਨ, ਜਿਨ੍ਹਾਂ ਲਈ 700 ਘੋੜੇ ਸਨ। ਸਰਹਿੰਦ ਦੇ ਨਕਸ਼ਬੰਦੀ ਮੁਸਲਮਾਨ ਜਿਹੜੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਖੁਸ਼ ਹੋਏ ਸਨ, ਉਹ ਗੁਰੂ ਹਰਿਗੋਬਿੰਦ ਜੀ ਦੇ ਕਾਰਨਾਮੇ ਦੇਖ ਕੇ ਹੈਰਾਨ ਰਹਿ ਗਏ ਅਤੇ ਉਨ੍ਹਾਂ ਜਹਾਂਗੀਰ ਨੂੰ ਜ਼ੋਰਦਾਰ ਸ਼ਿਕਾਇਤ ਕੀਤੀ ਕਿ ਤੇਰੇ ਰਾਜ ਵਿੱਚ ਕੀ ਹੋ ਰਿਹਾ ਹੈ ਕਿ ਕਾਫਰਾਂ ਦਾ ਗੁਰੂ ਤੇਰੇ ਰਾਜ ਵਿੱਚ ਤਖ਼ਤ 'ਤੇ ਬੈਠਦਾ ਹੈ, ਸੱਚਾ ਪਾਤਸ਼ਾਹ ਕਹਾਉਂਦਾ ਹੈ ਅਤੇ ਉਸ ਨੇ ਆਧੁਨਿਕ ਫੌਜ ਵੀ ਰੱਖੀ ਹੋਈ ਹੈ। ਜਦ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰੂ ਸਾਹਿਬ ਆਪਣੇ ਫੌਜੀਆਂ ਦੀ ਗਾਰਦ ਨਾਲ ਲੈ ਕੇ ਸ਼ਾਹੀ ਠਾਠ ਨਾਲ ਜਹਾਂਗੀਰ ਨੂੰ ਮਿਲੇ ਅਤੇ ਸਪੱਸ਼ਟ ਕੀਤਾ ਕਿ "ਭਾਵੇਂ ਉਹ ਅਕਾਲ ਦੇ ਤਖ਼ਤ 'ਤੇ ਸੁਸ਼ੋਭਿਤ ਹੁੰਦੇ ਹਨ, ਪਰ ਉਨ੍ਹਾਂ ਨੇ ਦੁਨੀਆਂ ਦੇ ਕਿਸੇ ਰਾਜ ਦੇ ਇੱਕ ਗਜ਼ ਹਿੱਸੇ ਉਪਰ ਵੀ ਕਬਜ਼ਾ ਨਹੀਂ ਕੀਤਾ। ਅਕਾਲ ਦੇ ਤਖ਼ਤ ਦਾ ਕਾਰਜ ਖੇਤਰ ਸਾਰਾ ਸੰਸਾਰ ਹੈ ਅਤੇ ਅਕਾਲ ਪੁਰਖ ਵੱਲੋਂ ਉਨ੍ਹਾਂ ਨੂੰ ਕੁਲ ਆਲਮ ਦੇ ਲੋਕਾਂ ਨੂੰ ਰਾਹਤ ਦੇਣ ਦੀ ਜ਼ਿੰਮੇਵਾਰੀ ਮਿਲੀ ਹੋਈ ਹੈ।"

ਜਹਾਂਗੀਰ ਨੂੰ ਇਸ ਬਾਤ ਦੀ ਸਮਝ ਨਾ ਆਈ ਅਤੇ ਉਸ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਆਪਣੇ ਕੀਰਤਨ ਅਤੇ ਲੋਹ-ਲੰਗਰ ਦੇ ਪ੍ਰੋਗਰਾਮ ਜਾਰੀ ਰੱਖਣ। ਅੰਮ੍ਰਿਤਸਰ ਤੋਂ ਗਵਾਲੀਅਰ ਵੱਲ ਕੀਰਤਨ ਕਰਦੀਆਂ ਸਿੱਖਾਂ ਦੀਆਂ ਟੋਲੀਆਂ ਨੇ ਚਾਲੇ ਪਾ ਦਿੱਤੇ। ਰਸਤੇ ਵਿੱਚ ਸਭ ਨੂੰ ਲੰਗਰ ਛਕਾਉਂਦੇ ਅਤੇ ਕਿਲ੍ਹੇ ਦੇ ਦੁਆਲੇ ਸਤਿਨਾਮੁ ਦਾ ਜਾਪ ਕਰਦੇ। ਇਸ ਸਮੇਂ ਕੀਰਤਨ ਕਰਦੇ ਸਿੱਖਾਂ ਨੇ ਸਿੱਖੀ ਦਾ ਕਮਾਲ ਦਾ ਪ੍ਰਚਾਰ ਕੀਤਾ, ਜਿਸ ਨਾਲ ਸਿੱਖੀ ਪ੍ਰਚਾਰ ਨੂੰ ਬਲ ਮਿਲਿਆ। ਸਿੱਖਾਂ ਦੀ ਚੜ੍ਹਦੀ ਕਲਾ ਵੇਖ ਕੇ ਅੰਤ ਵਿੱਚ ਜਹਾਂਗੀਰ ਨੇ ਸੱਚੇ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨਾਲ 52 ਹੋਰ ਰਾਜਸੀ ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ। ਬੜੀ ਸ਼ਾਨ ਨਾਲ ਮਾਰਚ ਕਰਦਾ ਹੋਇਆ ਗੁਰੂ ਪਾਤਸ਼ਾਹ ਜੀ ਦਾ ਵੱਡਾ ਕਾਫਲਾ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਪਹੁੰਚਿਆ ਅਤੇ ਸਭ ਨੇ ਖੁਸ਼ੀ ਵਿੱਚ ਆਤਿਸ਼ਬਾਜ਼ੀ ਤੇ ਦੀਪਮਾਲਾ ਨਾਲ ਗੁਰੂ ਜੀ ਦਾ ਜੋਸ਼ੋ-ਖਰੋਸ਼ ਨਾਲ ਸਵਾਗਤ ਕੀਤਾ। ਸਿੱਖਾਂ ਨੂੰ ਯਕੀਨ ਹੋ ਗਿਆ ਕਿ ਮੁਗਲਾਂ ਨੇ ਇਸ ਅਲੌਕਿਕ ਅਕਾਲ ਤਖ਼ਤ ਸਾਹਿਬ ਅਧੀਨ ਸਰਬ ਸੰਸਾਰ ਦੇ ਇਲਾਹੀ ਰਾਜ ਨੂੰ ਮਾਨਤਾ ਦਿੱਤੀ ਹੈ। ਅਕਾਲ ਤਖ਼ਤ ਸਾਹਿਬ ਖਾਲਸਾ ਪੰਥ ਦੀ ਸੁਤੰਤਰਤਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

"ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਐਸੀ ਸੰਸਥਾ ਬਣ ਚੁੱਕੀ ਹੈ, ਜਿਸ ਨੂੰ ਸਿੱਖਾਂ ਦੀਆਂ ਧਾਰਮਿਕ ਜਾਂ ਰਾਜਨੀਤਕ ਗਤੀਵਿਧੀਆਂ ਜਾਂ ਸਿੱਖ ਰਾਜਨੀਤੀ ਵਿੱਚੋਂ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਦੀ ਸਥਾਪਨਾ ਤੋਂ ਹੁਣ ਤੀਕ ਸਮੁੱਚਾ ਸਿੱਖ ਸੰਘਰਸ਼ ਇਸ ਦੇ ਦੁਆਲੇ ਕੇਂਦਰਿਤ ਰਹੇ ਹਨ। ਰਾਜਨੀਤਕ ਸਿਧਾਂਤਾਂ ਦੇ ਅਨੁਸਾਰ ਜੋ ਸਥਿਤੀਆਂ ਕਿਸੇ ਕੌਮ ਲਈ ਜ਼ਰੂਰੀ ਹੁੰਦੀਆਂ ਹਨ, ਉਨ੍ਹਾਂ ਵਿੱਚ ਝੰਡਾ, ਫਲਸਫ਼ਾ, ਬੋਲੀ ਅਤੇ ਸੁਤੰਤਰ ਤੌਰ 'ਤੇ ਵਿਚਰਨ ਦੀ ਯੋਗਤਾ; ਸਿੱਖ ਕੌਮ ਇਨ੍ਹਾਂ ਸਾਰਿਆਂ ਦੀ ਧਾਰਨੀ ਹੈ। ਖਾਲਸਾ ਪੰਥ ਪਾਸ ਆਪਣਾ ਕੇਸਰੀ ਨਿਸ਼ਾਨ ਸਾਹਿਬ (ਝੰਡਾ), ਆਪਣਾ ਧਾਰਮਿਕ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਅਕਾਲ ਤਖ਼ਤ ਸਾਹਿਬ ਦੇ ਪ੍ਰਕਾਸ਼ਨ ਨਾਲ ਸਿੱਖ ਚਿੰਤਨ ਦੇ ਸੰਕਲਪੀ ਪ੍ਰਸੰਗ ਵਿੱਚ ਭਗਤੀ ਤੇ ਸ਼ਕਤੀ, ਸੰਤ ਤੇ ਸਿਪਾਹੀ ਵਰਗੇ ਵੱਖ-ਵੱਖ ਲੱਗਦੇ ਸੰਕਲਪਾਂ ਨੂੰ ਇਕੱਤਰ ਰੂਪ ਵਿੱਚ ਪ੍ਰਸਤੁਤ ਕਰਨ ਦੀ ਪਹਿਲ ਸਿੱਖ ਧਰਮ ਨੇ ਕੀਤੀ। ਅਕਾਲ ਤਖ਼ਤ ਸਾਹਿਬ ਦੇ ਸੰਕਲਪ ਨੂੰ ਵਿਚਾਰਿਆ ਜਾਵੇ ਤਾਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਦਰਬਾਰ ਸਾਹਿਬ ਰਾਹੀਂ ਖਾਲਸਾਈ ਜੋਤਿ ਦੀ ਅਤੇ ਅਕਾਲ ਤਖ਼ਤ ਸਾਹਿਬ ਰਾਹੀਂ ਖਾਲਸਾਈ ਜੁਗਤਿ ਦੀ ਪ੍ਰਤੀਨਿਧਤਾ ਹੋਈ ਹੈ। ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਦੀਦਾਰ ਅਤੇ ਅਕਾਲ ਤਖ਼ਤ ਸਾਹਿਬ ਦੇ ਓਟ ਆਸਰੇ ਬਿਨਾ ਕੋਈ ਸਿੱਖ ਜੀਅ ਨਹੀਂ ਸਕਦਾ। ਇਹ ਦੋਵੇਂ ਸੰਸਥਾਵਾਂ ਸਾਰੀ ਦੁਨੀਆਂ 'ਚ ਵਸਦੇ ਸਿੱਖਾਂ ਦੇ ਮਨਾਂ ਵਿੱਚ ਵਸੀਆਂ ਹੋਈਆਂ ਹਨ। ਅਕਾਲ ਤਖ਼ਤ ਸਾਹਿਬ ਬਾਦਸ਼ਾਹੀ ਤੋਂ ਸੱਚੀ ਪਾਤਸ਼ਾਹੀ ਦੇ ਸੰਕਲਪ ਦੀ ਸਿਰਜਨਾ ਦਾ ਚਿੰਨ੍ਹ ਹੈ ਆਦਿ ਨਿਸ਼ਾਨੁ ਸ੍ਰੀ ਅਕਾਲ ਤਖ਼ਤ ਸਾਹਿਬ, ਮਾਨਵਤਾ ਦੇ ਮਹਾਂ-ਉਥਾਨ ਦਾ ਜ਼ਾਮਨ ਹੈ। ਧਰਮ ਸ਼ਾਸਤਰ ਦੇ ਇਤਿਹਾਸ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮਾਨਵ-ਚੇਤਨਾ ਦਾ ਇੱਕ ਅਜਿਹਾ ਕੇਂਦਰ ਹੈ, ਜਿਥੇ ਕੇਵਲ ਤੇ ਕੇਵਲ ਅਕਾਲ ਪੁਰਖ ਦੀ ਕਿਰਪਾ ਦਾ ਪਾਤਰ ਹੋਣਾ ਹੀ ਪਹਿਲੀ ਸ਼ਰਤ ਹੈ।" -ਡਾ. ਸੁਖਦਿਆਲ ਸਿੰਘ।

"ਸਿੱਖ ਸਿਧਾਂਤ, ਸਿੱਖ ਸੰਸਥਾਵਾਂ ਅਤੇ ਸਿੱਖ ਵਿਸ਼ਵਾਸ ਨੂੰ ਇੱਕ ਦੂਜੇ ਦੀ ਨਿਰੰਤਰਤਾ ਵਿੱਚ ਜਾਂ ਇੱਕ ਦੂਜੇ ਦੀ ਪੂਰਕਤਾ ਵਿੱਚ ਹੀ ਵੇਖੇ ਜਾਣ ਦੀ ਲੋੜ ਹੈ। ਅਕਾਦਮਿਕ ਖੇਤਰ ਵਿੱਚ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਨੂੰ ਵਰਤਣ ਵਾਲੇ ਵਿਦਵਾਨਾਂ ਨੇ, ਇਸ ਸਤਿ ਦਾ ਕੋਈ ਨੈਤਿਕ ਬੰਧਨ ਕਬੂਲ ਨਹੀਂ ਕੀਤਾ ਜਾਪਦਾ। ਸਿੱਟਾ ਇਹ ਨਿਕਲਿਆ ਹੈ ਕਿ ਅਧਿਆਤਮਿਕਤਾ ਅਤੇ ਇਤਿਹਾਸ ਨੂੰ, ਸਿਧਾਂਤ ਤੇ ਸੰਸਥਾਵਾਂ ਨੂੰ, ਫਲਸਫੇ ਅਤੇ ਧਰਮ ਵਿਗਿਆਨ ਨੂੰ ਅਤੇ ਵਿਸ਼ਵਾਸ ਅਤੇ ਸਮਾਜਿਕਤਾ ਨੂੰ ਗੁਰਬਾਣੀ ਵਿੱਚ ਪ੍ਰਾਪਤ ਜੋਤਿ ਅਤੇ ਜੁਗਤੀ ਦੇ ਮਾਡਲ ਅਨੁਸਾਰ ਪਰਖਣ ਦੀ ਥਾਂ, ਪ੍ਰਾਪਤ ਅਕਾਦਮਿਕ ਅੰਤਰ-ਦ੍ਰਿਸ਼ਟੀਆਂ ਅਨੁਸਾਰ ਢਾਲਣ ਲਈ ਖਿੱਚ ਧੂਹ ਕੇ ਪੇਸ਼ ਕੀਤਾ ਜਾ ਰਿਹਾ ਹੈ। ਲਿਖਣ ਵਾਸਤੇ ਲਿਖਣ ਦੀ ਆਜ਼ਾਦੀ ਨਾਲ, ਪ੍ਰਮਾਣਿਕ ਸਿੱਖ ਦ੍ਰਿਸ਼ਟੀਕੋਣ ਨੂੰ ਸਾਹਮਣੇ ਲਿਆਉਣ ਵਿੱਚ ਦਿੱਕਤਾਂ ਪੇਸ਼ ਆ ਰਹੀਆਂ ਹਨ। ਸਿਆਸੀ ਵਿਰੋਧ ਨੂੰ ਧਾਰਮਿਕ ਵਿਰੋਧ ਵਜੋਂ ਪੇਸ਼ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ ਹੈ।" -ਡਾ. ਬਲਕਾਰ ਸਿੰਘ

"ਅਸੀਂ, ਬਿਖੜੇ-ਸੱਭਿਆਚਾਰ-ਅਵਚੇਤਨ ਦੀਆਂ ਵਿਨਾਸ਼ਕਾਰੀ ਹੱਦਾਂ ਵਿੱਚੋਂ ਗੁਜ਼ਰ ਰਹੇ ਹਾਂ। ਸਮੁੱਚੇ ਭਾਰਤ ਦਾ ਨੈਤਿਕ, ਸਿਆਸੀ ਅਤੇ ਧਾਰਮਿਕ ਆਪਾ ਇੱਕ ਵਿਸ਼ੇਸ਼ ਕਿਸਮ ਦੀ ਅੰਤ੍ਰਿਕ ਟੁੱਟ-ਭੱਜ ਦਾ ਸ਼ਿਕਾਰ ਹੋ ਰਿਹਾ ਹੈ। ਭਾਰਤ ਭੂ-ਖੰਡ ਦਾ ਸਤਿਕਾਰ ਦੁਨੀਆਂ ਵਿੱਚ ਦਿਨੋਂ-ਦਿਨ ਘਟ ਰਿਹਾ ਹੈ? ਸੰਭਵ ਹੈ ਕਿ ਇਸ ਦੇ ਸਤਿਕਾਰ ਦੇ ਘਟ ਜਾਣ ਦਾ ਕਾਰਨ ਸ਼ਾਇਦ ਇਹ ਵੀ ਹੋਵੇ ਕਿ ਸਾਰੀਆਂ ਸਿਆਸੀ ਜਮਾਤਾਂ ਨੇ, ਧਰਮਾਂ ਨੂੰ, ਨਿੱਤ ਵਰਤੋਂ ਦਾ ਹਥਿਆਰ ਬਣਾ ਕੇ ਵਰਤਣ ਦਾ ਵਿਨਾਸ਼ਕਾਰੀ ਖੇਲ੍ਹ ਖੇਲਿਆ ਹੈ। ਧਾਰਮਿਕ ਤੇਜੱਸਵ ਦੀ ਪੁਨਰ-ਸਥਾਪਤੀ ਲਈ ਇਹੋ ਜਿਹੇ ਯਤਨ ਪੰਥ ਦੇ ਅਤੇ ਸਮੁੱਚੇ ਭਾਰਤ ਭੂ-ਖੰਡ ਦੇ ਵਿਕਾਸ ਅਤੇ ਇਸ ਦੀਆਂ ਸਰਬ-ਉੱਚ ਮਾਣ-ਮਰਯਾਦਾਵਾਂ ਤੇ ਸੰਭਾਵਨਾਵਾਂ ਦੀ ਸਥਾਪਤੀ ਲਈ ਕਾਰਗਰ ਸਿੱਧ ਹੋ ਸਕਦੇ ਹਨ। ਧਰਮ ਦੇ ਵਿਕਾਸ ਦਾ ਜ਼ੁੰਮਾ ਨਾਸਤਿਕ ਸਿਆਸੀ ਮਾਫੀਆ ਦੇ ਹੱਥਾਂ ਵਿੱਚ ਆ ਸਕਦਾ ਹੈ। ਸ਼ਾਇਦ ਰੱਬ ਦੀ ਥਾਂ ਪੁਜਾਰੀ ਨੇ ਮੱਲ ਲਈ ਹੈ ਅਤੇ ਬਾਣੀ ਦੀ ਥਾਂ ਮਹਿਜ਼ ਵਿਆਖਿਆ ਦੇ ਸ਼ੌਕ ਨੇ ਮੱਲ ਲਈ ਹੈ। ਇਸ ਕਿਸਮ ਦਾ ਸੰਕਟ ਪੰਥ ਨੂੰ ਹਰ ਸਮੇਂ ਦਰਪੇਸ਼ ਰਿਹਾ ਹੈ। ਇਹ ਸੰਕਟ ਸਾਡੇ ਸਵੱਛ-ਅਧਿਆਤਮਕ ਚਿੰਤਨ ਨੂੰ ਸਾਂਝੇ-ਅਵਚੇਤਨ ਵਿੱਚ ਪਰਿਵਰਤਿਤ ਨਹੀਂ ਹੋਣ ਦੇ ਰਿਹਾ। ਇਸੇ ਕਾਰਨ ਸਾਡਾ ਧਾਰਮਿਕ ਤੇ ਮਾਨਸਿਕ ਅਵਚੇਤਨ ਨਿਤਾਪ੍ਰਤੀ ਟੁੱਟ ਰਿਹਾ ਹੈ। ਇਨ੍ਹਾਂ ਮਹਾਨ ਸੰਸਥਾਵਾਂ ਦਾ ਮਹੱਤਵ ਤੇ ਰੁਤਬਾ ਸਾਨੂੰ ਉਦੋਂ ਪਤਾ ਲੱਗਦਾ ਹੈ, ਜਦੋਂ ਭਾਈ ਮਨੀ ਸਿੰਘ ਵਰਗੇ ਚਿੰਤਕ ਅਤੇ ਸ਼ਹੀਦ ਦੁਨੀਆਂ ਨੂੰ ਇਹ ਸਮਝਾ ਦਿੰਦੇ ਹਨ ਕਿ ਚਿੰਤਨ ਅਤੇ ਜ਼ਿੰਦਗੀ ਦੋ ਵੱਖ-ਵੱਖ ਮੁੱਦੇ ਨਹੀਂ ਹਨ। ਬਲਕਿ, ਇਹ ਅਕਾਲ ਪੁਰਖ ਦੇ ਵਰੋਸਾਏ ਹੋਏ ਏਕੀਕ੍ਰਿਤ-ਮੁੱਦੇ ਹਨ। ਇਹੋ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸ਼ਾਸਤਰੀ-ਨੇਮ ਜਾਂ ਨੈਤਿਕ ਜ਼ਿੰਦਗੀਨਾਮਹ ਬਣਦਾ ਹੈ। ਇਹੀ ਦੈਵੀ-ਫ਼ਲਸਫ਼ਾ ਸਦ-ਜਾਗਤ ਜੋਤਿ ਸ੍ਰੀ ਅਕਾਲ ਪੁਰਖ ਜੀ ਦੀ ਅੰਸ਼ ਬਣਨ ਦੀ ਮਿੱਠੀ ਵੰਗਾਰ ਵੀ ਬਣਦਾ ਹੈ।" -ਡਾ. ਕੁਲਵੰਤ ਸਿੰਘ ਗਰੇਵਾਲ

ਅਕਾਲ ਤਖ਼ਤ ਸਾਹਿਬ ਨੂੰ ਆਪਣੀ ਸਰਬ-ਉੱਚਤਾ ਲਈ ਕਿਸੇ ਵੀ ਵਿਅਕਤੀ ਦੀ ਮੁਥਾਜੀ ਨਹੀਂ ਹੈ। ਇਸ ਨੂੰ ਗੁਰੂ-ਕਾਲ ਤੋਂ ਹੀ ਸਰਬ-ਉੱਚਤਾ ਪ੍ਰਾਪਤ ਰਹੀ ਹੈ। ਕਵੀ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਅਤੇ ਹੋਰ ਲੇਖਕ ਇਸ ਬਾਰੇ ਗਵਾਹੀ ਆਪਣੀਆਂ ਲਿਖਤਾਂ ਵਿੱਚ ਵੀ ਕਰਦੇ ਹਨ। ਜਿਹੜੇ ਵਿਅਕਤੀ ਇਹ ਸਮਝਦੇ ਹਨ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਵਿੱਚ ਕੋਈ ਵਾਧਾ ਜਾਂ ਘਾਟਾ ਕਰ ਸਕਦੇ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੌਮੀ ਰੂਹ ਵਿੱਚ ਉੱਤਰ ਚੁੱਕੀਆਂ ਸੰਸਥਾਵਾਂ ਨੂੰ ਬੌਧਿਕ ਕਲਾਬਾਜ਼ੀਆਂ ਅਤੇ ਚਾਤਰੀ ਨਾਲ ਪੈਦਾ ਕੀਤੇ ਆਸਰਿਆਂ ਦੀ ਲੋੜ ਨਹੀਂ ਪੈਂਦੀ। ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਸਿਧਾਂਤਕ ਪੱਧਰ 'ਤੇ ਆਪਸੀ ਤਾਲਮੇਲ ਅਤਿ ਜ਼ਰੂਰੀ ਹੈ। ਇਸ ਬਿਨਾ ਇਹ ਸੰਸਥਾਵਾਂ ਪ੍ਰਫੁਲਤ ਨਹੀਂ ਹੋ ਸਕਦੀਆਂ। ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਜਬਰੀ ਮਿਲਗੋਭਾ ਨਹੀਂ ਹੋਣਾ ਚਾਹੀਦਾ। ਸਹੀ ਅਰਥਾਂ ਵਿੱਚ ਅਜੋਕੇ ਦੌਰ ਵਿੱਚ ਇਨ੍ਹਾਂ ਤਿੰਨਾਂ ਸੰਸਥਾਵਾਂ ਦੇ ਸੰਚਾਲਕ ਸਿੱਖ ਜਗਤ ਵਿੱਚ ਚੁਣੌਤੀਆਂ ਨਾਲ ਜੂਝ ਰਹੇ ਹਨ, ਇਸਦਾ ਕਾਰਨ ਵੀ ਸਾਫ ਸਪੱਸ਼ਟ ਹੈ ਕਿ ਜਦੋਂ ਸਿਧਾਂਤਾਂ ਦੀ ਬਲੀ ਦੇ ਕੇ ਕੋਈ ਸਰਦਾਰੀ ਕਾਇਮ ਕਰਨਾ ਚਾਹੇਗਾ ਤਾਂ ਅਜਿਹੇ ਹਲਾਤਾਂ ਨਾਲ ਦੋ-ਚਾਰ ਹੋਣਾ ਹੀ ਪਵੇਗਾ।

ਕੀਤਾ ਕੀ ਜਾਵੇ! ਇਹ ਤਿੰਨੇ ਸੰਸਥਾਵਾਂ ਆਪਣੇ ਮੁਢਲੇ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿੱਚ ਸਿੱਖ ਕਿਰਦਾਰ ਪੈਦਾ ਕਰਕੇ ਨਵੀਨਤਮ ਢੰਗ ਨਾਲ ਪ੍ਰਚਾਰ ਦਾ ਖੇਤਰ ਚੁਣਨ। ਹਰ ਦੇਸ਼ ਵਿੱਚ ਯੂਨਿਟ ਕਾਇਮ ਕਰਕੇ ਸੇਵਾ, ਸਿਮਰਨ, ਕਿਰਤ ਦਾ ਸਿਧਾਂਤ ਨਿਮਰਤਾ ਨਾਲ ਪ੍ਰਚਾਰਨ। ਆਧੁਨਿਕ ਸਾਧਨਾਂ ਰਾਹੀਂ ਨਵੀਂ ਪਨੀਰੀ ਨੂੰ ਸਿੱਖ ਇਤਿਹਾਸ, ਧਰਮ ਬਾਰੇ ਜਾਣਕਾਰੀ ਮੁਹੱਈਆ ਕਰਨ ਦਾ ਯਤਨ ਕੀਤਾ ਜਾਵੇ। ਕਹਿਣੀ ਤੇ ਕਥਨੀ ਦਾ ਪਾਠ ਸਰਵਣ ਹੀ ਨਾ ਕਰਵਾਇਆ ਜਾਵੇ, ਪਹਿਲਾਂ ਉਨ੍ਹਾਂ ਦੇ ਧਾਰਨੀ ਹੋਇਆ ਜਾਵੇ; ਆਪ ਰੋਲ ਮਾਡਲ ਬਣਨ ਦੀ ਲੋੜ ਹੈ। ਨਵੀਨਤਮ ਕਿਸਮ ਨਾਲ ਸੁੰਦਰ ਦਿਲਚਸਪ ਸਾਹਿਤ, ਗਤੀਵਿਧੀਆਂ ਪ੍ਰਚਾਰਨ ਲਈ ਟੀ.ਵੀ. ਚੈਨਲਾਂ, ਸੋਸ਼ਲ ਮੀਡੀਆ ਤੇ ਅਖਬਾਰਾਂ, ਰਸਾਲਿਆਂ ਨੂੰ ਹਥਿਆਰ ਵਜੋਂ ਜੰਗੀ ਪੱਧਰ 'ਤੇ ਅਪਣਾਇਆ ਜਾਵੇ। ਸੰਸਾਰ ਵਿੱਚ ਵੱਧਦੇ ਸਿੱਖ ਭਾਈਚਾਰੇ ਨੂੰ ਇੱਕ ਲੜੀ ਵਿੱਚ ਪਰੋਣ ਲਈ ਇੱਕ ਅਜਿਹਾ ਦਸਤਾਵੇਜ਼ ਤਿਆਰ ਹੋਵੇ, ਜਿਸ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲ ਤਖ਼ਤ ਸਾਹਿਬ ਤੋਂ ਹੋਣ ਵਾਲੇ ਸਮਾਜ ਉਸਾਰੂ ਫੈਸਲਿਆਂ ਨੂੰ ਇੱਕ ਕਲਿਕ ਰਾਹੀਂ ਭੇਜ ਸਕੇ। ਇਸ ਵਾਸਤੇ ਯੂਨਿਟ ਕਾਇਮ ਕੀਤੇ ਜਾਣ। ਜਿਹੜੀਆਂ ਸੰਸਥਾਵਾਂ ਆਪਣੇ ਆਪ ਨੂੰ ਬੁੱਧੀਜੀਵੀ ਵਰਗ ਨਾਲੋਂ ਤੋੜ ਲੈਂਦੀਆਂ ਜਾਂ ਦੂਰੀ ਬਣਾ ਲੈਂਦੀਆਂ ਹਨ, ਉਨ੍ਹਾਂ ਦਾ ਵਜੂਦ ਅਖੀਰ ਜਲਦ ਹੀ ਖਾਤਮੇ ਵੱਲ ਵੱਧ ਜਾਂਦਾ ਹੈ। ਅੱਜ ਸਵੈ-ਪੜਚੋਲ ਦੀ ਲੋੜ ਹੈ, ਜੋ ਹੋ ਨਹੀਂ ਰਹੀ।

-0-

# ਦਾਸਤਾਨ-ਏ-ਖ਼ੁਦ


**ਡਾ. ਡੀ.ਪੀ. ਸਿੰਘ, ਕੈਨੇਡਾ**

ਸੁਤੰਤਰਤਾ ਸੰਗਰਾਮੀ ਗਿਆਨੀ ਰਘਬੀਰ ਸਿੰਘ ਹੁੱਡਿਆਰਾ ਇੱਕ ਬਹੁਪੱਖੀ ਸ਼ਖਸੀਅਤ ਦਾ ਨਾਂ ਹੈ, ਜਿਨ੍ਹਾਂ ਨੇ ਆਪਣੀ ਵਿਲੱਖਣ ਜੀਵਨ ਯਾਤਰਾ ਦੌਰਾਨ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਅਹਿਮ ਯੋਗਦਾਨ ਪਾਉਣ ਦੇ ਨਾਲ ਨਾਲ ਸੁਦ੍ਰਿੜ ਸਿੱਖ ਮਿਸ਼ਨਰੀ, ਪ੍ਰਮਾਣਿਤ ਪੰਥ ਪ੍ਰਚਾਰਕ, ਨਾਮਵਰ ਕਥਾਵਾਚਕ ਅਤੇ ਮਾਂ-ਬੋਲੀ ਪੰਜਾਬੀ ਦੇ ਸੁਹਿਰਦ ਅਧਿਆਪਕ ਵਜੋਂ ਬਾਖ਼ੂਬੀ ਸੇਵਾ ਨਿਭਾਈ ਹੈ। ਉਨ੍ਹਾਂ ਦੀਆਂ ਦੇਸ਼ ਪ੍ਰੇਮ ਵਿੱਚ ਲਬਰੇਜ਼ ਕਾਵਿਕ ਰਚਨਾਵਾਂ ਤੇ ਮਨਮੋਹਕ ਭਾਸ਼ਣ ਸ਼ੈਲੀ ਲੋਕਾਂ ਵਿੱਚ ਬਹੁਤ ਹੀ ਮਕਬੂਲ ਰਹੀ ਹੈ। 'ਦਾਸਤਾਨ-ਏ-ਖ਼ੁਦ' ਗਿਆਨੀ ਰਘਬੀਰ ਸਿੰਘ ਹੁੱਡਿਆਰਾ ਦੀ ਸਵੈਜੀਵਨੀ ਹੈ, ਜੋ ਨਾ ਸਿਰਫ਼ ਸਾਂਝੇ ਪੰਜਾਬ ਵਿਖੇ ਲਗਭਗ ਇੱਕ ਸਦੀ ਦੇ ਅਰਸੇ ਦੌਰਾਨ ਮੌਜੂਦ ਹਾਲਾਤਾਂ ਦੀ ਹੀ ਦੱਸ ਪਾਉਂਦੀ ਹੈ, ਸਗੋਂ ਬਹੁਤ ਸਾਰੀਆਂ ਅੱਖੀਂ ਦੇਖੀਆਂ ਇਤਿਹਾਸਕ ਘਟਨਾਵਾਂ ਦਾ ਅਹਿਮ ਦਸਤਾਵੇਜ਼ ਵੀ ਹੈ।

'ਦਾਸਤਾਨ-ਏ-ਖ਼ੁਦ' ਕਿਤਾਬ ਦਾ ਸੰਪਾਦਨ ਗਿਆਨੀ ਰਘਬੀਰ ਸਿੰਘ ਹੁਡਿਆਰਾ ਦੇ ਸਪੁੱਤਰ ਸ. ਰਾਬਿੰਦਰ ਸਿੰਘ ਬਾਠ ਨੇ ਕੀਤਾ ਹੈ। ਸ. ਬਾਠ ਇੱਕ ਅਜਿਹੀ ਸ਼ਖ਼ਸੀਅਤ ਰਹੀ ਹੈ, ਜਿਸ ਨੇ ਵਿਭਿੰਨ ਭਾਸ਼ਾਵਾਂ ਦੇ ਨਾਮਵਰ ਲਿਖਾਰੀਆਂ ਦੀਆਂ ਰਚਨਾਵਾਂ (ਨਾਵਲ ਤੇ ਕਹਾਣੀ ਸੰਗ੍ਰਹਿਆਂ) ਦਾ ਸੰਪਾਦਨ ਅਤੇ ਪੰਜਾਬੀ ਅਨੁਵਾਦ ਕਰਦੇ ਹੋਏ ਹੁਣ ਤਕ ਲਗਭਗ ਡੇਢ ਦਰਜਨ ਕਿਤਾਬਾਂ ਮਾਂ-ਬੋਲੀ ਪੰਜਾਬੀ ਦੀ ਝੋਲੀ ਵਿੱਚ ਪਾਈਆਂ ਹਨ। ਕਿੱਤੇ ਵਜੋਂ ਪ੍ਰਸ਼ਾਸਨੀ ਵਿਭਾਗ ਦੇ ਕਾਰਕੁੰਨ ਵਜੋਂ ਬੇਸ਼ਕ ਉਸ ਦਾ ਸਾਹਿਤ ਨਾਲ ਦੂਰ ਦੂਰ ਦਾ ਵੀ ਰਿਸ਼ਤਾ ਨਹੀਂ ਸੀ, ਪਰ ਕਾਲਜੀ ਦਿਨਾਂ ਵਿੱਚ ਮਨ ਨੂੰ ਲੱਗੀ ਸਾਹਿਤਕ ਚੇਟਕ ਨੇ ਉਸ ਦੇ ਜੀਵਨ ਵਿੱਚ ਪੰਜਾਬੀ ਸਾਹਿਤ ਨਾਲ ਉਸ ਦਾ ਬਹੁਤ ਹੀ ਕਰੀਬੀ ਰਿਸ਼ਤਾ ਕਾਇਮ ਕਰੀ ਰੱਖਿਆ। ਇਸੇ ਚੇਟਕ ਕਾਰਨ ਉਸ ਨੇ ਵਿਭਿੰਨ ਭਾਸ਼ਾਵਾਂ (ਜਿਵੇਂ ਕਿ ਉਰਦੂ, ਅਸਾਮੀ, ਬੰਗਾਲੀ ਤੇ ਹਿੰਦੀ) ਦੇ ਮਾਨਵਰ ਲੇਖਕਾਂ (ਮਹਰਉੱਦੀਨ ਖਾਂ, ਤਹਿਮੀਨਾ ਦੁੱਰਾਨੀ, ਜ਼ਾਹਿਦਾ ਹਿਨਾ, ਆਬਦ ਸੁਰਤੀ, ਇੰਦਰਾ ਗੋਸਵਾਮੀ, ਦੂਧਨਾਥ ਸਿੰਘ, ਸੁਚਿੱਤਰਾ ਭੱਟਾਚਾਰੀਆ, ਮੋਹਨ ਚੋਪੜਾ, ਉਦੈ ਪ੍ਰਕਾਸ਼ ਤੇ ਮੰਨੂ ਭੰਡਾਰੀ ਆਦਿ) ਦੇ ਨਾਵਲਾਂ/ਕਹਾਣੀ ਸੰਗ੍ਰਹਿਆਂ ਦਾ ਸਫ਼ਲਤਾਪੂਰਨ ਸੰਪਾਦਨ ਅਤੇ ਪੰਜਾਬੀ ਅਨੁਵਾਦ ਕੀਤਾ। ਸ. ਬਾਠ ਨੇ ਆਪਣਾ ਸਮੁੱਚਾ ਜੀਵਨ ਵਿਭਿੰਨ ਭਾਸ਼ਾਵਾਂ ਦੇ ਸ੍ਰੇਸ਼ਟ ਸਾਹਿਤ ਦੇ ਪਠਨ ਕਾਰਜਾਂ ਲਈ ਅਤੇ ਅਜਿਹੇ ਉੱਚ ਪਾਏ ਦੇ ਸਾਹਿਤ ਦੇ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਾਰਜਾਂ ਲਈ ਅਰਪਣ ਕੀਤਾ ਹੋਇਆ ਸੀ।

ਗਿਆਨੀ ਰਘਬੀਰ ਸਿੰਘ ਹੁੱਡਿਆਰਾ ਦੁਆਰਾ ਰਚਿਤ 'ਦਾਸਤਾਨ-ਏ-ਖ਼ੁਦ' ਤਿੰਨ ਮਹਾਂਦੀਪਾਂ ਅਤੇ ਪੰਜ ਪੁਸ਼ਤਾਂ ਤਕ ਫੈਲੀ ਪਰਿਵਾਰਕ ਗਾਥਾ ਹੈ, ਜੋ ਆਪਣੇ ਅੰਦਰ ਸੋ ਸਾਲਾਂ ਤੋਂ ਵੀ ਵਧੇਰੇ ਅਰਸੇ ਦਾ ਇਤਿਹਾਸ ਸਮੋਈ ਬੈਠੀ ਹੈ। ਬ੍ਰਿਟਿਸ਼ ਇੰਡੀਆ ਦੇ ਪਿੰਡ ਹੁੱਡਿਆਰਾ, ਤਹਿਸੀਲ ਲਾਹੌਰ (ਹੁਣ ਪਾਕਿਸਤਾਨ) ਤੋਂ ਸ਼ੁਰੂ ਹੋ ਕੇ ਇਹ ਗਾਥਾ ਭਾਰਤ, ਇੰਗਲੈਂਡ ਅਤੇ ਕੈਨੇਡਾ ਦੇ ਸਰਸ਼ਬਜ਼ ਕਿੱਸਿਆਂ ਨਾਲ ਭਰਪੂਰ ਤਾਂ ਹੈ ਹੀ, ਪਰ ਇਹ ਭਾਰਤ-ਪਾਕਿਸਤਾਨ ਵੰਡ ਦੇ ਦਰਦਨਾਕ ਹਾਲਾਤ ਦਾ ਅੱਖੀ ਦੇਖਿਆ ਹਾਲ ਵੀ ਬੇਬਾਕੀ ਨਾਲ ਪੇਸ਼ ਕਰਦੀ ਹੈ। ਇਸ ਕਿਤਾਬ ਦਾ ਪਹਿਲਾ ਕਾਂਡ ਲੇਖਕ ਦੇ ਪਿੰਡ ਦੇ ਬਿਰਤਾਂਤ ਦੇ ਨਾਲ ਨਾਲ ਉਸ ਦੇ ਪੂਰਵਜਾਂ ਦਾ ਦਿਲਚਸਪ ਵਰਨਣ ਕਰਦਾ ਹੈ। ਲੇਖਕ ਦਾ ਪਿਛੋਕੜ ਵੱਡ-ਵਡੇਰੇ ਬਾਬਾ ਰਾਮ ਸਿੰਘ ਨਾਲ ਜੁੜਦਾ ਹੈ, ਜਿਸ ਦੇ ਬਜ਼ੁਰਗਾਂ ਨੇ ਬਾਬਾ ਦੀਪ ਸਿੰਘ ਕੋਲੋਂ ਅੰਮ੍ਰਿਤ ਛਕਿਆ ਸੀ ਤੇ ਪੰਜਾਬ ਦੇ ਇਤਿਹਾਸ ਵਿੱਚ ਮਿਸਲਾਂ ਦੇ ਯੁੱਗ ਅੰਦਰ ਅਹਿਮ ਭੂਮਿਕਾ ਨਿਭਾਈ ਸੀ। ਗੁਰਮੁਖ ਸਰੂਪ ਬਾਬਾ ਭਾਈ ਚੂਹੜ ਸਿੰਘ, ਉਨ੍ਹਾਂ ਦੇ ਵੱਡੇ ਭਰਾ ਫ਼ੌਜੀ ਬਾਬਾ ਠਾਕਰ ਸਿੰਘ, ਸੰਜਮ ਤੇ ਸਲੀਕੇ ਦੀ ਮੂਰਤ ਦਾਦੀ ਰਾਮ ਕੌਰ ਅਤੇ ਸਿਦਕਵਾਨ ਲਾਲਾ ਮੰਗਲ ਦਾਸ ਦੇ ਕਿਰਦਾਰਾਂ ਦਾ ਚਿੱਤਰਣ ਲੇਖਕ ਨੇ ਬਾਖ਼ੂਬੀ ਕੀਤਾ ਹੈ।

ਪੁਰਾਣੇ ਸਮਿਆਂ ਦਾ ਪੰਜਾਬੀ ਜੀਵਨ ਚਲਣ, ਰੋਜ਼ਾਨਾ




ਪ੍ਰਕ੍ਰਿਆ, ਸਮਾਜਿਕ ਰੀਤੀ ਰਿਵਾਜਾਂ ਤੇ ਖੇਤੀਬਾੜੀ ਕਾਰਜਾਂ ਦਾ ਬਿਰਤਾਂਤ ਤਾਂ ਪਾਠਕ ਨੂੰ ਉਨ੍ਹਾਂ ਸਮਿਆਂ ਦੇ ਰੂਬਰੂ ਕਰਵਾਉਣ ਦਾ ਦਮ ਰੱਖਦਾ ਹੈ। ਪਿਤਾ ਸ. ਹਰਨਾਮ ਸਿੰਘ ਦਾ ਗੁਰੂ ਕਾ ਬਾਗ ਦੇ ਮੋਰਚੇ ਵਿੱਚ ਭਾਗ ਲੈਣਾ, ਸ਼ਰੀਕਾਬਾਜ਼ੀ ਕਾਰਨ ਸਰਕਾਰੀ ਨੌਕਰੀ ਤੋਂ ਖੁੰਝਣਾ, ਪੰਥਕ-ਕਾਰਜਾਂ ਵਿੱਚ ਸ਼ਮੂਲੀਅਤ, ਸ਼ਾਇਰੀ, ਕਵੀਸ਼ਰੀ ਤੇ ਹਕੀਮੀ ਵਿੱਚ ਨਿਪੁੰਨਤਾ ਪ੍ਰਾਪਤੀ, ਅਚਾਨਕ ਮੌਤ ਉਪਰੰਤ ਘਰੇਲੂ ਸੰਕਟ ਤੇ ਜਦੋਜਹਿਦ ਦਾ ਵਰਨਣ ਜਾਣਕਾਰੀ ਭਰਪੂਰ ਹੈ।

ਲੇਖਕ ਨੇ ਸੰਨ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਚਨਾ, ਸ਼੍ਰੋਮਣੀ ਅਕਾਲੀ ਦਲ ਦਾ ਜਨਮ, ਗੁਰਦੁਆਰਾ ਸੁਧਾਰ ਲਹਿਰ, ਸਿੱਖ ਜਗਤ ਵੱਲੋਂ ਦੁਸ਼ਟ ਮਹੰਤਾਂ ਕੋਲੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਮੋਰਚੇ ਲਗਾਉਣਾ, ਸ੍ਰੀ ਨਨਕਾਣਾ ਸਾਹਿਬ ਦਾ ਮੋਰਚਾ, ਜੈਤੋ ਦਾ ਮੋਰਚਾ ਅਤੇ ਗੁਰੂ ਕੇ ਬਾਗ ਦਾ ਮੋਰਚਾ, ਆਦਿ ਘਟਨਾਵਾਂ ਦਾ ਚਸ਼ਮਦੀਦ ਗਵਾਹਾਂ ਦੁਆਰਾ ਸੁਣਾਇਆ ਹਾਲ ਵੀ ਦਰਜ ਕੀਤਾ ਹੈ। ਪਿਤਾ ਪੁਰਖੀ ਮਿਲੇ ਸੰਸਕਾਰਾਂ ਕਾਰਨ ਬਾਲਕ ਰਘਬੀਰ ਵਿੱਚ ਧਾਰਮਿਕ ਤੇ ਰਾਜਸੀ ਕਾਰਜਾਂ ਪ੍ਰਤੀ ਲਗਾਉ ਸਹਿਜੇ ਹੀ ਪੁੰਗਰ ਪਿਆ। ਵਿਦਿਆਰਥੀ ਦਿਨਾਂ ਵਿੱਚ ਕਾਂਗਰਸ ਦੁਆਰਾ ਦੇਸ਼ ਦੀ ਆਜ਼ਾਦੀ ਲਈ ਚਲਾਈ ਨਾ-ਮਿਲਵਰਤਣ ਲਹਿਰ ਵਿੱਚ ਸ਼ਮੂਲੀਅਤ ਕਾਰਨ ਜੇਲ੍ਹ ਯਾਤਰਾ ਵੀ ਕੀਤੀ। ਰਾਜਸੀ ਤੇ ਧਾਰਮਿਕ ਸਮਾਗਮਾਂ ਵਿੱਚ ਦੇਸ਼ ਪ੍ਰੇਮ ਤੇ ਧਰਮ ਸੰਬੰਧਤ ਕਵਿਤਾਵਾਂ ਪੜ੍ਹਨਾ ਉਸ ਦਾ ਜੀਵਨ ਅਮਲ ਬਣ ਗਿਆ।

ਸੰਨ 1935 ਵਿੱਚ ਗੁਰਦੁਆਰਾ ਸ਼ਹੀਦ-ਗੰਜ ਸਿੰਘਣੀਆਂ ਦੀ ਦੁਸ਼ਕਰਮੀ ਮਹੰਤਾਂ ਤੋਂ ਆਜ਼ਾਦੀ ਲਈ ਲਗਾਏ ਅਕਾਲੀ ਦਲ ਦੇ ਮੋਰਚੇ ਵਿੱਚ ਸ਼ਮੂਲੀਅਤ ਲਈ ਦੁਬਾਰਾ ਜੇਲ੍ਹ ਯਾਤਰਾ ਕੀਤੀ। ਦਸੰਬਰ 1937 ਵਿੱਚ ਪੰਡਿਤ ਜਵਾਹਰ ਲਾਲ ਦੇ ਲਾਹੌਰ ਜਲਸੇ ਵਿੱਚ ਕ੍ਰਾਂਤੀਕਾਰੀ ਨਜ਼ਮ ਪੜ੍ਹਨ ਕਾਰਨ ਫਿਰ ਦੋ ਮਹੀਨੇ ਕੈਦ ਕੱਟੀ। ਪੰਜਾਬ ਕਿਸਾਨ ਲਹਿਰ ਦੀ ਪੰਜਾਬ ਵਿੱਚ ਚੜ੍ਹਤ, ਨੌਜੁਆਨ ਰਘਬੀਰ ਵੱਲੋਂ ਕਿਸਾਨ ਲਹਿਰ ਦੇ ਸਮਾਗਮਾਂ ਵਿੱਚ ਸਰਗਰਮ ਸ਼ਮੂਲੀਅਤ, 23 ਮਾਰਚ 1939 ਨੂੰ ਕਿਸਾਨ ਸਤਿਆਗ੍ਰਹਿ ਦੇ ਪਹਿਲੇ



ਡਾ. ਡੀ.ਪੀ. ਸਿੰਘ ਤੇ ਰਾਬਿੰਦਰ ਸਿੰਘ ਬਾਠ

ਜਥੇ ਨਾਲ ਲੇਖਕ ਦੀ ਗ੍ਰਿਫਤਾਰੀ, ਦੂਜੀ ਵਿਸ਼ਵ ਜੰਗ ਸਮੇਂ ਦੇ ਹਾਲਾਤ, ਤੇ ਜੇਲ੍ਹਾਂ ਦੇ ਨਿਜ਼ਾਮ ਬਾਰੇ ਭਾਵਪੂਰਣ ਬਿਰਤਾਂਤ ਇਸੇ ਕਾਂਡ ਵਿੱਚ ਮੌਜੂਦ ਹੈ। ਜਨਵਰੀ 1940 ਵਿੱਚ ਜੇਲ੍ਹ ਤੋਂ ਰਿਹਾ ਹੋਣ ਪਿਛੋਂ ਰਾਜਸੀ ਕਾਰਗੁਜ਼ਾਰੀ ਦਸੰਬਰ 1940 ਤਕ ਚਲਦੀ ਰਹੀ। ਉਪਰੰਤ ਘਰੇਲੂ ਹਾਲਤਾਂ ਕਾਰਨ ਘਰ ਸੰਭਾਲਣ ਦੀ ਜ਼ਿੰਮੇਵਾਰੀ ਸਿਰ ਆ ਪਈ।

ਤਦ ਹੀ ਨੌਜੁਆਨ ਰਘਬੀਰ ਅੰਮ੍ਰਿਤ ਛੱਕ ਕੇ ਸਿੰਘ ਸਜ ਗਿਆ। ਇੰਝ ਉਹ ਕਾਮਰੇਡ ਤੋਂ ਢਾਡੀ ਬਣ ਗੁਪਾਲ ਸਿੰਘ ਮੈਦੀਪੁਰ ਦੇ ਢਾਡੀ ਜੱਥੇ ਨਾਲ ਜਾ ਮਿਲਿਆ ਤੇ ਅਕਾਲੀ ਕਾਨਫਰੰਸਾਂ/ਸਮਾਗਮਾਂ ਦਾ ਅਨਿੱਖੜਵਾਂ ਅੰਗ ਬਣ ਗਿਆ। ਜਲਦੀ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਆਨਰੇਰੀ ਪ੍ਰਚਾਰਕ ਦੀ ਨੌਕਰੀ ਮਿਲ ਗਈ। ਅਗਸਤ 1942 ਤੋਂ ਮਾਰਚ 1943 ਤਕ ਇਹ ਸੇਵਾ ਨਿਭਾਉਂਦਿਆਂ ਸਿੱਖੀ ਪ੍ਰੇਮ ਦੀ ਅਜਿਹੀ ਲਗਨ ਲੱਗੀ ਕਿ ਅਪ੍ਰੈਲ 1943 ਦੌਰਾਨ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਵਿਖੇ ਦੋ ਸਾਲਾ ਪ੍ਰਚਾਰਕ ਤੇ ਗ੍ਰੰਥੀ ਕਲਾਸ ਵਿੱਚ ਦਾਖ਼ਲਾ ਲੈ ਲਿਆ। ਸੰਨ 1945 ਵਿੱਚ ਸ਼ਾਦੀ ਦੀ ਦਿਲਚਸਪ ਘਟਨਾ ਅਤੇ ਗਿਆਨੀ ਹੁੱਡਿਆਰਾ ਦੀ ਪ੍ਰੇਰਨਾ ਸਦਕਾ ਮਿਸ਼ਨਰੀ ਕਾਲਜ ਦੇ ਕੋਰਸ ਦੇ ਨਾਲ ਹੀ ਗਿਆਨੀ ਦਾ ਇਮਤਿਹਾਨ ਪਾਸ ਕਰਨ ਦਾ ਬਿਰਤਾਂਤ ਵੀ ਕਾਫ਼ੀ ਰੌਚਕ ਤੇ ਉਤਸ਼ਾਹਮਈ ਹੈ। ਸੰਨ 1946 ਵਿੱਚ ਕੋਰਸ ਪੂਰਾ ਹੁੰਦਿਆਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਸਿੱਖ ਪ੍ਰਚਾਰਕ ਦੀ ਨੌਕਰੀ ਦੁਬਾਰਾ ਮਿਲ ਗਈ। ਪ੍ਰਚਾਰਕ ਵਜੋਂ ਫ਼ਿਲੌਰ ਤਹਿਸੀਲ ਤੇ ਪਾਕਪਟਨ ਤਹਿਸੀਲ ਵਿਖੇ ਸੇਵਾ ਨਿਭਾਉਣ ਪਿਛੋਂ ਜਲਦੀ ਹੀ ਖਾਲਸਾ ਹਾਈ ਸਕੂਲ, ਖਾਲੜਾ ਮੰਡੀ ਵਿਖੇ ਪੰਜਾਬੀ ਅਧਿਆਪਕ ਵਜੋਂ ਕਾਰਜ ਭਾਰ ਆ ਸੰਭਾਲਿਆ।

ਇਸੇ ਕਿਤਾਬ ਵਿੱਚ ਪਾਕਿਸਤਾਨ ਦੀ ਮੰਗ ਦਾ ਮਸਲਾ, ਸੰਨ 1940 ਤੋਂ ਦੇਸ਼ ਦੇ ਆਜ਼ਾਦ ਹੋਣ ਤਕ ਦੇ ਹਾਲਾਤ, ਦੂਜੀ ਵਿਸ਼ਵ ਜੰਗ ਦਾ ਖ਼ਾਤਮਾ, ਪੰਜਾਬ ਦਾ ਬਟਵਾਰਾ ਅਤੇ ਆਬਾਦੀ ਦਾ ਤਬਾਦਲਾ ਆਦਿ ਦਾ ਬਿਰਤਾਂਤ ਇਤਿਹਾਸਕ ਪੱਖੋਂ ਕਾਫ਼ੀ ਜਰਖੇਜ਼ ਹੈ। ਜੋ ਦੇਸ਼ ਦੀ ਵੰਡ ਕਾਰਨ ਪੰਜਾਬ ਦੇ ਲੋਕਾਂ ਦੇ ਉਜਾੜੇ ਦੀ ਦਰਦਨਾਕ ਹਾਲਾਤ ਨੂੰ ਬੇਬਾਕੀ ਨਾਲ ਬਿਆਨ ਕਰਦਾ ਹੈ। ਉੜਮੁੜ ਵਿਖੇ ਵਾਸਾ ਤੇ ਜੀਵਨ ਦੇ ਨਵੇਂ ਦੌਰ ਦਾ ਆਰੰਭ, ਡੀ.ਏ.ਵੀ. ਹਾਈ ਸਕੂਲ ਵਿਖੇ ਪੰਜਾਬੀ ਅਧਿਆਪਨ ਕਾਰਜ, ਸਰਕਾਰ ਵੱਲੋਂ ਸੁੰਤਤਰਤਾ ਸੰਗਰਾਮੀਆਂ ਦਾ ਸਨਮਾਨ ਮੁਹਿੰਮ ਹੇਠ ਮਾਨ ਪੱਤਰ ਪ੍ਰਾਪਤੀ, ਬੱਚਿਆਂ ਲਈ ਵਜ਼ੀਫੇ ਦੀ ਮਨਜ਼ੂਰੀ, ਤਾਮਰ ਪੱਤਰ ਮਿਲਣਾ, ਸਰਕਾਰੀ ਮਿਡਲ ਸਕੂਲ ਬੱਢਲਾਂ ਵਿਖੇ ਤਾਇਨਾਤੀ ਤੇ ਅਧਿਆਪਨ ਕਾਰਜ, ਫਰੀਡਮ ਫਾਈਟਰ ਦੀ ਪੈਨਸ਼ਨ ਲੱਗਣਾ ਅਤੇ ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ ਦਾ ਖੁਲਾਸਾ ਵੀ ਕਾਫ਼ੀ ਰੌਚਕਮਈ ਹੈ। ਕੁਝ ਖਾਸ ਯਾਦਾਂ ਦੇ ਨਾਮ ਹੇਠ ਵਰਣਿਤ ਡਾ. ਅੰਬੇਦਕਰ ਦੇ ਧਰਮ ਪਰਿਵਰਤਨ ਦਾ ਕਿੱਸਾ ਇਤਿਹਾਸਿਕ ਮਹੱਤਤਾ ਵਾਲਾ ਹੈ।

ਲੰਡਨ ਦੀ ਯਾਤਰਾ ਕਾਂਡ ਵਿੱਚ ਲੇਖਕ ਨੇ 1994-95 ਦੌਰਾਨ ਆਪਣੀ ਲੰਡਨ ਯਾਤਰਾ ਦਾ ਬਿਰਤਾਂਤ ਬਹੁਤ ਹੀ ਵਿਸਥਾਰਪੂਰਨ ਲਿਖਿਆ ਹੈ। ਇਸ ਬਿਰਤਾਂਤ ਵਿੱਚ ਲੇਖਕ ਨੇ ਇੰਡੀਆ ਵਿਖੇ ਆਪਣੇ ਮੁਕਾਮ ਤੋਂ ਚੱਲਣ ਤੋਂ ਲੈ ਕੇ ਮਾਸਕੋ ਰਾਹੀਂ ਇੰਗਲੈਂਡ ਪੁੱਜਣ, ਉੱਥੇ ਰਿਹਾਇਸ਼ ਤੇ ਕਾਰਗੁਜ਼ਾਰੀ ਉਪਰੰਤ ਵਾਪਸੀ ਦਾ ਵਰਨਣ ਕੀਤਾ ਹੈ। ਲੇਖਕ ਦੀ ਪੈਨੀ ਦ੍ਰਿਸ਼ਟੀ 'ਗੋਰੇ ਲੋਕਾਂ ਦੀ ਕਾਲੀ ਧਰਤੀ' ਕਾਂਡ ਵਿੱਚ ਇੰਗਲੈਂਡ ਦੇਸ਼ ਦੀਆਂ ਚੰਗੀਆਂ ਮੰਦੀਆਂ ਗੱਲਾਂ ਦਾ ਜ਼ਿਕਰ ਬਣ ਜਾਂਦੀ ਹੈ। ਪੜ੍ਹਦਿਆਂ ਇੰਝ ਜਾਪਦਾ ਹੈ, ਜਿਵੇਂ ਸਾਰਾ ਘਟਨਾਕ੍ਰਮ ਪਾਠਕ ਦੀਆਂ ਅੱਖਾਂ ਸਾਹਮਣੇ ਵਾਪਰ ਰਿਹਾ ਹੈ।

'ਦਾਸਤਾਨ-ਏ-ਖ਼ੁਦ' ਦਾ ਆਖ਼ਰੀ ਕਾਂਡ ਲੇਖਕ ਦੀ ਕੈਨੇਡਾ ਫ਼ੇਰੀ ਦਾ ਜ਼ਿਕਰ ਕਰਦਾ ਹੈ। ਜੋ ਉਸ ਦੁਆਰਾ ਸਤੰਬਰ 2003 ਤੋਂ ਮਾਰਚ 2004 ਦੇ ਅਰਸੇ ਦੌਰਾਨ ਕੀਤੀ ਗਈ। ਇਸ ਕਾਂਡ ਵਿੱਚ ਵੀ ਲੇਖਕ ਨੇ ਆਪਣੀ ਲੰਡਨ ਯਾਤਰਾ ਦੇ ਬਿਰਤਾਂਤ ਵਾਂਗ ਹੀ ਕੈਨੇਡਾ ਦੀ ਧਰਤੀ ਉੱਤੇ ਆਪਣੇ ਨਿੱਜੀ ਤਜਰਬਿਆਂ ਨੂੰ ਸਾਂਝਾ ਕੀਤਾ ਹੈ। ਕੈਨੇਡਾ ਦੇਸ਼ ਬਾਰੇ ਜਾਣਕਾਰੀ, ਇੱਥੋਂ ਦਾ ਨਿਜ਼ਾਮ, ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ, ਕੈਨੇਡਾ ਵਿਖੇ ਸਾਫ਼-ਸੁਥਰਾ ਵਾਤਾਵਰਣ, ਭਾਈਚਾਰਕ ਮਾਹੌਲ, ਲੋਕਾਂ ਦੀ ਗੁਰਬਾਣੀ ਤੇ ਗੁਰ-ਇਤਿਹਾਸ ਜਾਨਣ ਦੀ ਚਾਹਤ ਅਤੇ ਪਰਿਵਾਰਕ ਮੇਲ-ਮਿਲਾਪ ਦੇ ਕਿੱਸੇ ਇਸ ਕਾਂਡ ਨੂੰ ਰੌਚਕਤਾ ਬਖ਼ਸ਼ਦੇ ਹਨ।

ਬੇਸ਼ਕ 'ਦਾਸਤਾਨ-ਏ-ਖ਼ੁਦ' ਗਿਆਨੀ ਰਘਬੀਰ ਸਿੰਘ ਹੁੱਡਿਆਰਾ ਦੀ ਪਲੇਠੀ ਦੀ ਰਚਨਾ ਹੈ, ਜੋ ਉਨ੍ਹਾਂ ਦੇ ਸਪੁੱਤਰ ਸ. ਰਾਬਿੰਦਰ ਸਿੰਘ ਬਾਠ ਦੇ ਉੱਦਮ ਨਾਲ ਸਾਹਿਤਕ ਖੇਤਰ ਦਾ ਅੰਗ ਬਣੀ; ਪਰ ਇਸ ਨਿਵੇਕਲੀ ਸਵੈ-ਜੀਵਨੀ ਦੇ ਵਿਸ਼ਿਆਂ ਦਾ ਫੈਲਾਅ ਨਿੱਜੀ ਪੀੜਾਂ ਦੇ ਪਾਰ ਮਾਨਵੀ ਦੁੱਖਾਂ-ਦਰਦਾਂ ਦੇ ਖਿਤਿਜ਼ ਤਕ ਫੈਲਿਆ ਹੋਇਆ ਹੈ, ਜੋ ਪੁਸਤਕ ਨੂੰ ਕਦਰਾਂ-ਕੀਮਤਾਂ ਪੱਖੋਂ ਸਥਾਈਪਣ ਬਖ਼ਸ਼ਦਾ ਹੈ।

*(**ਨੋਟ:** ਸ. ਰਾਬਿੰਦਰ ਸਿੰਘ ਬਾਠ 16 ਜੂਨ 2024 ਨੂੰ ਅਕਾਲ ਚਲਾਣਾ ਕਰ ਗਏ। 'ਦਾਸਤਾਨ-ਏ-ਖ਼ੁਦ' ਪੁਸਤਕ 23 ਜੂਨ 2024 ਨੂੰ ਸਵਰਗੀ ਬਾਠ ਦੀ ਆਤਮਿਕ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਪਿੱਛੋਂ ਲੋਕ ਅਰਪਿਤ ਕੀਤੀ ਗਈ। ਇਸ ਪੁਸਤਕ ਇਸੇ ਸਾਲ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ।)*

---

## ਸ਼ਬਦੋ ਵਣਜਾਰਿਓ

# ਧਾਮ

**ਪਰਮਜੀਤ ਢੀਂਗਰਾ**
**ਫੋਨ:+91-8847610125**



ਮਹਾਨ ਕੋਸ਼ ਅਨੁਸਾਰ ਸੰਸ। ਧਾਮਨ ਸੰਗਿਆ- ਘਰ, ਨਿਵਾਸ ਸਥਾਨ। 'ਨਾਮ ਕਾਮ ਬਿਹੀਨ ਪੇਖਤ, ਧਾਮ ਹੂ ਨਹਿ ਜਾਹਿ' (ਜਾਪੁ); ਦੇਹ, ਸਰੀਰ; ਤੇਜ਼ ਪ੍ਰਕਾਸ਼ 'ਉਠੀ ਧੂਲਿ ਲਿਯ ਛਾਦ ਧਾਮ' (ਗੁ.ਪ੍ਰ.ਸੂ.) ਦੇਵਤੇ ਦਾ ਸਥਾਨ, ਪਵਿਤਰ ਅਸਥਾਨ ਜਿਵੇਂ- ਸਿੱਖਾਂ ਦੇ ਗੁਰਧਾਮ ਅੰਮ੍ਰਿਤਸਰ, ਤਰਨ ਤਾਰਨ, ਅਬਿਚਲ ਨਗਰ; ਹਿੰਦੂਆਂ ਦੇ ਬਦਰੀਨਾਥ, ਕੇਦਾਰਨਾਥ, ਪ੍ਰਯਾਗ; ਜਨਮ, ਸਵਰਗ, ਕਰਤਾਰ, ਵਾਹਗੁਰੂ। ਪੰਜਾਬੀ ਕੋਸ਼ ਅਨੁਸਾਰ- ਘਰ, ਨਿਵਾਸ, ਸਥਾਨ; ਤੀਰਥ; ਸੱਦਾ, ਬੁਲਾਵਾ; ਦਾਅਵਤ; ਵਿਆਹ ਦੀ ਰਸਮ ਜਿਸ ਵਿੱਚ ਲੋਕ ਘਰਾਂ ਵਿੱਚ ਕੜਾਹ ਵੰਡਦੇ ਹਨ; ਗੁਰਧਾਮ। ਲੋਕਧਾਰਾ ਵਿਸ਼ਵ ਕੋਸ਼ ਅਨੁਸਾਰ- ਧਾਮ, ਮੁਸਲਮਾਨਾਂ ਦੇ ਵਿਆਹ ਦੀ ਇੱਕ ਰੀਤ, ਜੋ ਮੰਡੀ ਦੇ ਇਲਾਕੇ ਵਿੱਚ ਪ੍ਰਚਲਤ ਹੈ। ਇਹ ਰੀਤ ਵਿਆਹ ਮਗਰੋਂ ਤੀਜੇ ਦਿਨ ਕੀਤੀ ਜਾਂਦੀ ਹੈ। ਕੰਨਿਆ ਪੱਖ ਦੇ ਕੁਝ ਲੋਕ ਜੋੜੇ ਨੂੰ ਨਾਲ ਲੈ ਕੇ ਵਰ ਪੱਖ ਦੇ ਘਰ ਜਾਂਦੇ ਹਨ। ਵਰ ਪੱਖ ਦੀਆਂ ਔਰਤਾਂ ਵਿਆਹੇ ਜੋੜੇ ਨੂੰ ਕਿਸੇ ਨਿਵੇਕਲੇ ਕੋਠੇ ਵਿੱਚ ਲੈ ਜਾਂਦੀਆਂ ਹਨ ਤੇ ਨਵ ਵਿਆਹੀ ਨੂੰ ਦੁੱਧ ਪੀਣ ਲਈ ਦਿੰਦੀਆਂ ਹਨ। ਵਰ ਪੱਖ ਵਾਲੇ ਕੰਨਿਆ ਪੱਖ ਨੂੰ ਭੋਜਨ ਖੁਆਂਦੇ ਹਨ, ਜਿਸ ਵਿੱਚ ਚੌਲ ਤੇ ਬੱਕਰੇ ਦਾ ਮੀਟ ਰਿੰਨ੍ਹਿਆ ਜਾਂਦਾ ਹੈ। ਇਸ ਰੋਟੀ ਨੂੰ 'ਅਰੰਡਲ' ਤੇ ਰੀਤ ਨੂੰ ਧਾਮ ਕਿਹਾ ਜਾਂਦਾ ਹੈ।

ਆਸ਼ਰਮ ਦੇ ਅਰਥਾਂ ਵਿੱਚ ਭਾਰਤੀ ਭਾਸ਼ਾਵਾਂ ਵਿੱਚ ਧਾਮ ਸ਼ਬਦ ਪ੍ਰਚਲਤ ਹੈ। ਧਾਮ ਦਾ ਆਮ ਜਿਹਾ ਅਰਥ ਤਾਂ ਨਿਵਾਸ, ਟਿਕਾਣਾ, ਸਥਾਨ ਕੀਤਾ ਜਾਂਦਾ ਹੈ ਪਰ ਵਿਆਪਕ ਅਰਥਾਂ ਵਿੱਚ ਪਵਿਤਰ ਸਥਾਨ, ਪਾਵਨ ਥਾਂ, ਪਰਮ ਧਾਮ ਆਦਿ। ਧਾਮ ਇੰਡੋ-ਯੂਰਪੀ ਭਾਸ਼ਾ ਪਰਿਵਾਰ ਦਾ ਸ਼ਬਦ ਹੈ। ਪ੍ਰਾਚੀਨ ਭਰੋਪੀ ਭਾਸ਼ਾ ਪਰਿਵਾਰ ਦੀਆਂ /dome/ domu/ ਧਾਤੂਆਂ ਨਾਲ ਇਨ੍ਹਾਂ ਦੀ ਸਕੀਰੀ ਹੈ, ਜਿਥੇ ਇਨ੍ਹਾਂ ਦਾ ਭਾਵ ਨਿਰਮਾਣ ਨਾਲ ਹੈ। ਇਹਦੇ ਮੂਲ ਵਿੱਚ ਸੰਸਕ੍ਰਿਤ ਧਾਤੂ 'ਧਾ' ਹੈ, ਜਿਸ ਵਿੱਚ ਧਾਰਨ ਕਰਨ, ਰੱਖਣ, ਰਹਿਣ, ਆਸਰੇ ਵਰਗੇ ਭਾਵ ਸ਼ਾਮਲ ਹਨ। ਸੰਸਕ੍ਰਿਤ ਵਿੱਚ ਮਾਂ ਲਈ 'ਧਾਤਰੀ' ਸ਼ਬਦ ਹੈ, ਇਸ ਵਿੱਚ ਬੱਚੇ ਦੇ ਪਾਲਣ ਅਤੇ ਮਾਂ ਦੀ ਸੁਰੱਖਿਆ ਦੇ ਭਾਵ ਹਨ। ਧਰਤੀ ਸਾਡੀ ਸਾਰਿਆਂ ਦੀ ਪਾਲਣਹਾਰ ਹੈ। ਸਾਰੇ ਪ੍ਰਾਣੀ ਇਸ ਧਰਤ ਦੇ ਜਾਏ ਹਨ, ਇਸੇ ਲਈ ਧਰਤੀ ਦਾ ਇੱਕ ਨਾਂ ਵਸੁਧਾ ਹੈ। ਵਸੂ ਦਾ ਅਰਥ ਹੈ- ਧਨ, ਦੌਲਤ, ਸਮਰਿਧੀ। ਧਰਤੀ ਦੇ ਗਰਭ ਵਿੱਚ ਜਿੰਨੀ ਦੌਲਤ ਪਈ ਹੈ, ਉਹਦੇ ਲਈ ਉਹਨੂੰ ਵਸੂਮਤੀ ਜਾਂ ਵਸੁਧਾ ਕਿਹਾ ਜਾਂਦਾ ਹੈ। ਗਰਭ ਵਿੱਚ ਬੱਚਾ ਵੀ ਔਰਤ ਲਈ ਕੀਮਤੀ ਦੌਲਤ ਵਰਗਾ ਹੁੰਦਾ ਹੈ, ਇਸੇ ਲਈ 'ਵਸੂ' ਸ਼ਬਦ ਦਾ ਇੱਕ ਅਰਥ ਬਾਲਕ ਵੀ ਹੈ। ਜਨਮ ਦੇਣ ਤੋਂ ਬਾਅਦ ਮਾਂ ਹੀ ਔਲਾਦ ਦਾ ਆਸਰਾ ਜਾਂ ਓਟ ਹੁੰਦੀ ਹੈ।

ਹਿੰਦੂ ਕੋਸ਼ ਵਿੱਚ ਡਾਕਟਰ ਰਾਜ ਬਲੀ ਪਾਂਡੇ ਨੇ 'ਧਾਮ ਵਰਤ' ਦਾ ਜ਼ਿਕਰ ਕੀਤਾ ਹੈ, ਜੋ ਫੱਗਣ ਦੀ ਪੂਰਨਮਾਸ਼ੀ ਤੋਂ ਤਿੰਨ ਦਿਨਾਂ ਤੱਕ ਹੁੰਦਾ ਹੈ। ਇਹਦੇ ਵਿੱਚ ਗ੍ਰਹਿਦਾਨ ਕੀਤਾ ਜਾਂਦਾ ਹੈ। ਧਾਮ ਦਾ ਦੇਵਤਾ, ਸੂਰਜ ਨੂੰ ਮੰਨਿਆ ਜਾਂਦਾ ਹੈ ਜੋ ਪ੍ਰਕਾਸ਼ ਦਾ ਸਰੋਤ ਹੈ। ਇਹ ਵਰਤ ਸੂਰਜ ਦੀ ਉਪਾਸਨਾ ਦਾ ਵਰਤ ਹੈ। ਯੂਰਪੀ ਭਾਸ਼ਾਵਾਂ ਵਿੱਚ /dome/domu/ ਤੋਂ ਕਈ ਸ਼ਬਦ ਬਣੇ ਹਨ। ਗੁੰਬਦ ਲਈ ਅੰਗਰੇਜ਼ੀ ਸ਼ਬਦ ਡੋਮ ਹੈ। ਸਭਿਅਤਾ ਦੇ ਵਿਕਾਸ ਕ੍ਰਮ ਵਿੱਚ ਡੋਮ ਮੂਲ ਰੂਪ ਵਿੱਚ ਆਸਰੇ ਨਾਲ ਸੰਬੰਧਤ ਹੈ। ਮੁਢਲੇ ਮਨੁੱਖ ਨੇ ਜੋ ਛੱਪਰ ਦੀ ਕਾਢ ਕੱਢੀ, ਉਹ ਡੋਮ ਹੀ ਸੀ। ਬਾਅਦ ਵਿੱਚ ਵਿਸ਼ਾਲ ਭਵਨਾ ਜਾਂ ਇਮਾਰਤਾਂ ਦੇ ਉਪਰ ਗੁੰਬਦ ਬਣਾਏ ਗਏ। ਪ੍ਰਾਚੀਨ ਕਾਲ ਵਿੱਚ ਬਣੇ ਓਟ, ਆਸਰਿਆਂ ਵਿੱਚ ਵਿਸ਼ਾਲ ਹਾਲ ਹੁੰਦੇ ਸਨ ਤੇ ਸਾਰਾ ਕੁਨਬਾ ਓਸੇ ਵਿੱਚ ਨਿਵਾਸ ਕਰਦਾ ਸੀ। ਇਹ ਧਾਮਵਾਚੀ ਸੀ। ਧਾਮ ਨਾਲ ਜੁੜਿਆ ਅੰਗਰੇਜ਼ੀ ਸ਼ਬਦ dome ਗਰੀਕ ਦੇ doma ਤੋਂ ਬਣਿਆ ਹੈ। ਇਸੇ ਤੋਂ domestic, domicile ਵਰਗੇ ਸ਼ਬਦ ਬਣੇ ਜੋ ਸਥਾਨ ਵਾਚਕ ਹਨ। ਭਾਵਵਾਚੀ ਅਰਥਾਂ ਵਿੱਚ ਘਰੇਲੂ, ਖੇਤਰੀ, ਸਥਾਨਕ, ਪਰਿਵਾਰਕ, ਆਪਸੀ, ਦੇਸੀ, ਅੰਦਰੂਨੀ, ਪਾਲਤੂ, ਨਿੱਜੀ, ਕੁਟੰਬੀ, ਗ੍ਰਹਿਸਥੀ ਆਦਿ ਸ਼ਬਦ ਇਸ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਜੁੜਦੇ ਹਨ। domestic ਬਣਿਆ ਹੈ ਲੈਟਿਨ ਦੇ domestics ਤੋਂ ਜਿਸ ਵਿੱਚ ਘਰ ਗ੍ਰਹਿਸਥੀ ਦੇ ਅਥਵਾ ਘਰੇਲੂ ਦੇ ਭਾਵ ਹਨ। ਇਸੇ ਤਰ੍ਹਾਂ ਦਾ ਇੱਕ ਸ਼ਬਦ 'ਡੋਮੇਨ' ਹੈ, ਜਿਸਦਾ ਅਰਥ- ਇਲਾਕਾ ਜਾਂ ਖੇਤਰ ਹੈ। ਇਹ ਇਸੇ ਮੂਲ ਦਾ ਹੈ। ਲੈਟਿਨ ਦੇ domes ਸ਼ਬਦ ਵਿੱਚ ਘਰ ਦਾ ਭਾਵ ਹੈ। ਇਸ ਤੋਂ ਬਣੇ ਡੋਮੀਨਅਨ ਦਾ ਅਰਥ ਹੈ- ਸੁਆਮੀ, ਮਾਲਕ, ਜ਼ਿਮੀਦਾਰ, ਰਾਜਾ ਆਦਿ। ਡੋਮੀਨਸ ਤੋਂ ਡੋਮੈਸਟਿਕ, ਡੋਮੇਨ ਵਰਗੇ ਸ਼ਬਦ ਬਣੇ ਹਨ। ਅੰਗਰੇਜ਼ਾਂ ਦੇ ਰਾਜ ਵਿੱਚ ਬਸਤੀਆਂ ਨੂੰ 'ਡੋਮੀਨੀਅਨ ਸਟੇਟਸ' ਕਿਹਾ ਜਾਂਦਾ ਸੀ, ਜਿਸਦਾ ਅਰਥ ਅੰਗਰੇਜ਼ੀ ਸ਼ਾਸਨ ਵਾਲੇ ਇਲਾਕੇ ਸਨ। ਰੂਸੀ ਭਾਸ਼ਾ ਵਿੱਚ 'ਦੋਮ' ਸ਼ਬਦ ਦਾ ਅਰਥ ਘਰ ਹੁੰਦਾ ਹੈ। ਲਿਥੂਆਨੀ ਭਾਸ਼ਾ ਵਿੱਚ 'ਦਿਮਸਿਤਯ' ਦਾ ਅਰਥ ਵੱਡਾ ਵਾੜਾ ਜਾਂ ਘਿਰਿਆ ਹੋਇਆ ਖੇਤਰ ਹੁੰਦਾ ਹੈ। ਅੰਗਰੇਜ਼ੀ ਵਿੱਚ ਘਰ ਲਈ 'home' ਸ਼ਬਦ ਹੈ। ਇਸਦੀ ਪੋਸਟ ਜਰਮੈਨਿਕ ਧਾਤੂ ਹੈ- 'Khaim' ਜਿਸਦਾ ਅਰਥ ਹੈ- ਘਰ, ਨਿਵਾਸ। ਇਸੇ ਨਾਲ ਮਿਲਦਾ-ਜੁਲਦਾ ਗਰੀਕ ਸ਼ਬਦ ਹੈ- ਕੋਮ (kome), ਜਿਸ ਵਿੱਚ ਘਿਰੇ ਹੋਏ ਸਥਾਨ ਜਾਂ ਆਸਰੇ ਦਾ ਭਾਵ ਹੈ। ਗਰੀਕ ਡੋਮਾ (doma) ਨਾਲ ਇਹਦੀ ਸਕੀਰੀ ਹੈ। ਕੋਮ ਤੋਂ ਹੀ 'ਕਮਰਾ' ਬਣਿਆ ਹੈ, ਜੋ ਪੁਰਤਗਾਲ ਤੋਂ ਆਇਆ ਹੈ ਤੇ ਇਸੇ ਦਾ ਮੂਲ ਸ਼ਬਦ ਹੈ। ਇਹਦੀ ਸਕੀਰੀ 'ਕੈਮੇਰਾ' ਨਾਲ ਹੈ। ਫੋਟੋ ਖਿਚਣ ਵਾਲੇ ਕੈਮਰੇ ਵਿੱਚ ਵੀ ਇੱਕ ਛੋਟਾ ਜਿਹਾ ਚੈਂਬਰ ਅਥਵਾ ਕਮਰਾ ਹੁੰਦਾ ਹੈ। ਚੈਂਬਰ ਸ਼ਬਦ ਫਰੈਂਚ ਭਾਸ਼ਾ ਦਾ ਹੈ ਤੇ ਇਹਦੀ ਸਕੀਰੀ ਵੀ ਇਨ੍ਹਾਂ ਸਾਰੇ ਸ਼ਬਦਾਂ ਨਾਲ ਜੁੜਦੀ ਹੈ।

ਲਿਥੂਆਨੀ ਵਿੱਚ 'kaimas' ਦਾ ਅਰਥ ਹੈ- ਪਿੰਡ, ਗ੍ਰਾਮ। ਪ੍ਰਾਚੀਨ ਕਾਲ ਵਿੱਚ ਮਨੁੱਖੀ ਵਸੇਬੇ ਇੱਕ ਹੀ ਵੰਸ਼ ਜਾਂ ਪਰਿਵਾਰ ਦੇ ਸਾਂਝੇ ਹੁੰਦੇ ਸਨ, ਇਸ ਲਈ ਪਿੰਡ ਜਾਂ ਗ੍ਰਾਮ ਜਾਂ ਗਿਰਾਂ ਦਾ ਇੱਕ ਅਰਥ ਪਰਿਵਾਰ ਬਣਦਾ ਹੈ। ਪੋਸਟ ਜਰਮੈਨਿਕ ਦੇ 'khaim' ਸ਼ਬਦ ਦੀ ਤੁਰਕ-ਮੰਗੋਲ ਮੂਲ ਦੇ ਖੇਮਾ ਸ਼ਬਦ ਨਾਲ ਜੇ ਤੁਲਨਾ ਕਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਵਿੱਚ ਟੈਂਟ, ਤੰਬੂ ਜਾਂ ਪੜਾਅ ਦੇ ਭਾਵ ਹਨ। ਇਸ ਤਰ੍ਹਾਂ ਸਪਸ਼ਟ ਹੈ ਕਿ ਧਾਮ ਵਰਗਾ ਛੋਟਾ ਜਿਹਾ ਸ਼ਬਦ ਵੱਡੇ ਕੁਨਬੇ ਦਾ ਮਾਲਕ ਹੈ ਤੇ ਇਹਦਾ ਕੁਨਬਾ ਕਈ ਭਾਸ਼ਾਵਾਂ ਵਿੱਚ ਫੈਲਿਆ ਹੋਇਆ ਹੈ।

# ਮਾਈ ਜੱਸੋ ਦੇ ਨਾਂ ਹੈ 'ਜੱਸੋਵਾਲ'

**ਪਿੰਡ ਵਸਿਆ (7)**

**ਵਿਜੈ ਬੰਬੇਲੀ**
ਫੋਨ: +91-9463439075



***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਜਾਵੇਗੀ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਮਾਈ ਜੱਸੋ ਦੇ ਨਾਂ 'ਤੇ ਵੱਸੇ ਪਿੰਡ 'ਜੱਸੋਵਾਲ' ਬਾਰੇ ਸੰਖੇਪ ਵੇਰਵਾ...***

'ਕਿੱਥੇ ਅੱਕੀ-ਪਲਾਹੀਂ ਹੱਥ ਮਾਰਦੇ ਫਿਰਦੇ ਹੋ। ਕਤਲ ਤਾਂ ਅਸੀਂ, ਸਿਰਫ ਤਿੰਨ ਜਣੇ ਕਰਦੇ ਹਾਂ।' ਇਹ ਸੀ, ਉਹ ਹੈਰਤਅੰਗੇਜ਼ ਕਬੂਲਨਾਮਾ, ਜਿਹੜਾ ਤਿੰਨ ਚੋਟੀ ਦੇ ਬੱਬਰ ਅਕਾਲੀ ਦੇਸ਼ਭਗਤਾਂ- ਅਡੀਟਰ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਝੂੰਗੀਆਂ ਅਤੇ ਧੰਨਾ ਸਿੰਘ ਬਹਿਬਲਪੁਰ ਨੇ 'ਬੱਬਰਾਂ ਦੀ ਹਾਈਕੋਰਟ' ਜੱਸੋਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ ਤੋਂ 22 ਅਗਸਤ 1923 ਨੂੰ ਜਾਰੀ ਕੀਤਾ। ਜੱਸੋਵਾਲ, ਜਿੱਥੇ ਬੱਬਰਾਂ ਦੀ 'ਕੋਰਟ ਅਤੇ ਉਡਾਰੂ ਪ੍ਰੈੱਸ' ਕੰਮ ਕਰਦੀ ਰਹੀ। ਪਿੰਡ ਨੇ ਸ਼ੁਮਾਰ ਤਕਲੀਫਾਂ ਝੱਲੀਆਂ। ਕੋਈ ਵਾਅਦਾ-ਮੁਆਫ਼-ਝੋਲੀ ਚੁੱਕ ਨਾ ਹੋਇਆ, ਪਿੰਡ ਇੱਕੋ ਨੱਕੇ ਵਹਿ ਗਿਆ, ਕਿਸੇ ਗੱਦਾਰੀ ਨਾ ਕੀਤੀ।

ਬੱਬਰ ਅਕਾਲੀ ਲਹਿਰ ਨਾਲ ਕਰੀਬ ਸਾਰਾ ਪਿੰਡ ਜੁੜਿਆ ਰਿਹਾ, ਪਰ ਬੱਬਰ ਜੋ ਬਹੁਤ ਉਘੇ ਹੋਏ, ਉਹ ਸਨ: ਗ਼ਦਰੀ/ਬੱਬਰ ਲਾਭ ਸਿੰਘ, ਬੱਬਰ ਕਰਮ ਸਿੰਘ, ਹਰੀ ਸਿੰਘ, ਹਰਦਿੱਤ ਸਿੰਘ, ਹਰਬਖਸ਼ ਸਿੰਘ, ਜੈਲਾ ਸਿੰਘ, ਤੇਜਾ ਸਿੰਘ, ਸੰਸਾਰ ਸਿੰਘ, ਮੁਨਸ਼ਾ ਸਿੰਘ, ਅੰਬਰ ਸਿੰਘ ਉਰਫ ਅਮਰ ਸਿੰਘ ਅਤੇ ਸੰਤ ਫਕੀਰ ਸਿੰਘ ਉਰਫ ਬੱਬਰ ਚਰਨ ਸਿੰਘ। ਬੱਬਰ ਲਾਭ ਸਿੰਘ ਲੇਖਕ ਸੀ ਤੇ ਹਰਬਖਸ਼ ਸਿੰਘ ਧੜਵੈਲ ਬੱਬਰ। ਬੱਬਰ ਮੁਨਸ਼ਾ ਸਿੰਘ ਪੂਰਾ ਖਾੜਕੂ ਅਤੇ ਤੇਜਾ ਸਿੰਘ ਜ਼ਹਿਰੀਲਾ। ਬੱਬਰ ਹਰੀ ਸਿੰਘ ਨੇ ਮੁਲਤਾਨ ਜੇਲ੍ਹ ਵਿੱਚ ਹੱਕੀ ਮੰਗਾਂ ਲਈ ਲੰਬੀ ਅਤੇ ਹਠੀ ਭੁੱਖ ਹੜਤਾਲ ਕੀਤੀ, ਮਰਨੀਂ ਮਰ ਗਿਆ ਪਰ ਭੁੱਖ ਹੜਤਾਲ ਨਾ ਤੋੜੀ। ਬੱਬਰ ਮੁਨਸ਼ਾ ਸਿੰਘ, ਜਿਸਨੇ ਗੁਰਦਵਾਰਾ ਸੁਧਾਰ ਲਹਿਰ ਵਿੱਚ ਵੀ ਉੱਘਾ ਹਿੱਸਾ ਲਿਆ ਸੀ, ਮੁਲਤਾਨ ਜੇਲ੍ਹ 'ਚ ਕੈਦ ਤਨਹਾਈ ਦੌਰਾਨ ਫੌਤ ਹੋ ਗਿਆ। ਅੰਗਰੇਜ਼ਾਂ ਨੇ ਉਸਦੀ ਨਿਰਧਾਰਤ ਕੈਦ ਤੀਕ ਉਸਦੇ ਅਸਥੀ-ਕਲਸ ਨੂੰ ਹੱਥ ਕੜੀ ਲਗਾਈ ਰੱਖਣ ਦਾ ਫੁਰਮਾਨ ਅਹਿਦ ਰੱਖਣ ਦਾ ਹੁਕਮ ਸਾਦਰ ਰੱਖਿਆ। ਸਿਤਮ ਵੇਖੋ, ਅਸਥੀਆਂ ਇਸ ਕਰਕੇ ਪਿੰਡ ਨਾ ਆ ਸਕੀਆਂ ਕਿ ਤਦ ਤੀਕ ਮੁਲਕ ਦੀ ਵੰਡ ਹੋ ਗਈ।

ਬੱਬਰ ਸੂਰਮਿਆਂ ਦਾ ਇਹ ਪਿੰਡ, ਕਰੀਬ ਤਿੰਨ ਕੁ ਸਦੀਆਂ ਪਹਿਲਾਂ ਵਸਿਆ ਸੀ। ਪੰਜਾਬ ਦੇ ਸਿਰਫ ਚੰਦ ਕੁ ਪਿੰਡ ਹੀ ਹੋਣਗੇ, ਜਿਨ੍ਹਾਂ ਦੇ ਵਸਣ ਦਾ ਸਬੱਬ ਤ੍ਰੀਮਤਾਂ ਬਣੀਆਂ। ਜੱਸੋਵਾਲ, ਉਨ੍ਹਾਂ ਵਿੱਚੋਂ ਇੱਕ ਹੈ। ਕਦੇ ਇਹ ਰਕਬਾ ਲਾਗਲੇ ਪਿੰਡ ਦਦਿਆਲ ਦੀ ਦੱਬਰੀ ਸੀ। ਇਸ ਦੱਬਰੀ ਵਿੱਚ ਇੱਕ ਬਹੁਤ ਵੱਡਾ ਟੋਭਾ ਸੀ, ਜਿਥੇ ਦਦਿਆਲੀਆਂ ਦੇ ਵੱਗ ਪਾਣੀ ਪੀਂਦੇ। ਮਗਰੋਂ ਇਹੀ ਤਲਾਅ ਕੰਢੇ ਬੱਬਰ ਹਰੀ ਸਿੰਘ ਦੀ ਵੱਡ ਅਕਾਰੀ ਹਵੇਲੀ 'ਬੱਬਰਾਂ ਦੀ ਹਾਈਕੋਰਟ-ਜੱਸੋਵਾਲ' ਦਾ ਸਦਰ-ਮੁਕਾਮ ਬਣੀ। ਪਹਿਲ-ਪਲੱਕੜਿਆਂ ਵਿੱਚ ਇਹੀ ਵੱਡ ਅਕਾਰੀ ਟੋਭਾ, ਜਿਹੜਾ ਅਜੇ ਵੀ ਹੈ, ਜੱਸੋਵਾਲ ਦੇ ਵੱਸਣ-ਰਸਣ ਦਾ ਕਾਰਕ ਬਣਿਆ।

ਹੋਇਆ ਇਉਂ, ਦਦਿਆਲ ਦੇ ਚੌਧਰੀ ਦੀ ਧੀ ਜੱਸੋ ਜਲੰਧਰ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਸ਼ਰੀਹ ਸ਼ੰਕਰ ਪੁਰੇਵਾਲੀਏ ਜੱਟਾਂ ਦੇ ਵਿਆਹੀ ਵਰ੍ਹੀ ਗਈ। ਬਾਪ ਦਾ ਧੀ ਨਾਲ ਬਹੁਤ ਮੋਹ ਸੀ। ਉਦਾਸ ਹੁੰਦਾ ਤਾਂ ਮਰਾਸੀ ਨੂੰ ਧੀ ਨੂੰ ਲੈਣ ਸ਼ਰੀਹ ਸ਼ੰਕਰ ਨੂੰ ਤੋਰ ਦਿੰਦਾ। ਇੱਕ ਵਾਰ, ਅੱਕੀ ਹੋਈ ਸੱਸ ਨੇ ਮਹਿਣਾ ਮਾਰ ਦਿੱਤਾ, "ਬਹੁਤਾ ਹੇਜ਼ ਹੈ ਤਾਂ ਧੀ ਨੂੰ ਉਧਰ ਹੀ ਵਸਾ ਲਵੇ, ਬਥੇਰੀ ਪੈਲੀ ਹੈ, ਪਹਾੜਾ ਦੇ ਪੈਰਾਂ ਵਿੱਚ।" ਉਦਾਸ ਧੀ ਤੋਂ ਅਸਲ ਮਾਜਰਾ ਜਾਣ, ਚੌਧਰੀ ਨੇ ਜਵਾਈ ਸੱਦ, ਵਗਲਾ ਵਗਲਣ ਨੂੰ ਘੋੜਾ ਫੇਰਨ ਦੀ ਅਰਜ਼ੋਈ ਕਰ ਦਿੱਤੀ। ਜਿਹੜਾ ਰਕਬਾ ਜੱਸੋ ਨੇ ਵਗਲਿਆ, ਦਦਿਆਲੀਆਂ ਨੇ ਸਮੇਤ ਵੱਡ ਅਕਾਰੀ ਟੋਭਾਂ, ਜਿਹੜਾ ਉਨ੍ਹਾਂ ਦੀ ਸਾਹ ਰਗ ਸੀ, ਵੀ ਉਸੇ ਸਪੁਰਦ ਕਰ ਦਿੱਤਾ। ਜੱਸੋ ਦਾ ਪਰਿਵਾਰ ਉਥੇ ਵਸ-ਰਸ ਅਤੇ ਫੈਲਰ ਗਿਆ। ਸਮਾਂ ਪਾ ਇਹ ਬਹੁ-ਭਾਂਤੀ, ਬਹੁ-ਪਰਤੀ ਪਿੰਡ ਬਣ ਗਿਆ, ਜਿਸ ਨੇ ਬੱਬਰ ਅਕਾਲੀ ਲਹਿਰ ਵਿੱਚ ਬੜੀ ਭੱਲ ਖੱਟੀ।



ਗਿਆਨੀ ਹਰਬੰਸ ਸਿੰਘ ਸਰਹਾਲਾ

ਇਸੇ ਜੱਸੋਵਾਲ ਤੋਂ ਬੱਬਰਾਂ ਨੇ ਸਮੇਂ ਦੀ ਸਰਕਾਰ ਦੀ 'ਫੂਕ' ਕੱਢਣ ਲਈ ਹੁਕਮ ਜਾਰੀ ਕੀਤਾ, "ਬਲਾਚੌਰੋਂ ਮੁਕੇਰੀਆਂ ਤੀਕ ਜਾਂਦੀ 90 ਮੀਲ ਲੰਬੀ ਸ਼ਾਹ-ਰਾਹ 'ਤੇ ਪੈਂਦੇ ਅੰਬਾਂ ਦੀ ਸਰਕਾਰ ਬੋਲੀ ਨਾ ਲਗਾਵੇ। ਇਹ ਭਾਰਤੀਆਂ ਦੀ ਮਲਕੀਅਤ ਹੈ, ਫਲ ਲੋਕ ਖਾਣਗੇ।" ਫਿਰ ਇੱਕ ਤੋਂ ਬਾਅਦ ਇੱਕ ਟੈਕਸ ਨਾ ਤਾਰਨ ਅਤੇ ਮੁਫ਼ਤ ਰੇਲ ਸਫ਼ਰ ਦਾ ਹੁਕਮ ਸਾਦਰ ਕੀਤਾ। ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਗੱਦਾਰਾਂ ਅਤੇ ਸੂਹੀਆਂ ਦੇ 'ਸੁਧਾਰ' ਦਾ ਫੈਸਲਾ ਵੀ ਇਸੇ ਪਿੰਡ ਹੋਇਆ। ਇਹੀ ਉਹ ਪਿੰਡ ਹੈ, ਜਿੱਥੋਂ ਦੇ ਗੁਰਾ ਦਿੱਤਾ ਬਾਲਮੀਕੀ 'ਜੈ ਹਿੰਦੀਆ' ਦਾ ਹਮ-ਮਸ਼ਵਰਾਨ ਚੌਧਰੀ ਬੱਗਾ ਸਿੰਘ, ਪੰਜਾਬ ਦੀ ਕਮਿਊਨਿਸਟ ਲਹਿਰ ਦੀ ਤਵਾਰੀਖ 'ਚ ਕਿਸੇ ਖੈੜੇ ਦਾ ਉਹ ਪਹਿਲਾ ਵਾਹਿਦ ਦਲਿਤ ਕਾਰਕੁਨ ਹੋਇਆ, ਜਿਸ ਕਿਸੇ ਜੱਟ ਬਹੁਲ ਪਿੰਡ ਵਿਚ ਕਮਿਊਨਿਸਟ ਵਿੰਗ ਦੀ 1948 ਵਿੱਚ ਨੀਂਹ ਰੱਖੀ ਸੀ। ਇਹੀ ਨਹੀਂ, ਬੱਬਰ ਲਹਿਰ ਦੇ ਸਦਭਾਵੀ ਅਤੇ ਸਾਂਝੀਵਾਲਤਾ ਖਾਸੇ ਕਾਰਨ ਇਸ ਪਿੰਡ ਦੇ ਜੱਟ-ਸਿੱਖਾਂ, ਖਾਸ ਕਰਕੇ ਬੱਬਰਾਂ ਨੇ ਉਸਦੀ ਅਗਵਾਈ ਕਬੂਲੀ ਵੀ।

ਹਾਂ! 2 ਨਵੰਬਰ 1940 ਦੇ ਕੀਰਤਪੁਰ ਐਕਸ਼ਨ ਉਪਰੰਤ ਬੱਬਰ ਲਹਿਰ ਦੀ ਅਗਲੀ-ਅਗਲੇਰੀ ਅਤੇ ਆਖਰੀ ਕੜੀ 'ਯੁੱਗ ਪਲਟਾਊ ਦਲ' ਦੇ ਗਿਆਨੀ ਹਰਬੰਸ ਸਿੰਘ ਸਰਹਾਲਾ ਨੇ ਆਪਣੇ ਯੁੱਧ ਸਾਥੀਆਂ ਸਮੇਤ ਇਸੇ ਪਿੰਡ ਹੀ ਪਹਿਲ-ਪਲੱਕੜੀ ਪਨਾਹ ਲਈ ਸੀ।

# ਪਾਣੀ ਦੀ ਪੁਰਾਣੀ ਕਹਾਣੀ

**ਮੁਕੁਲ ਵਿਆਸ**

ਕਿਸੇ ਗ੍ਰਹਿ 'ਤੇ ਜੀਵਨ ਸ਼ੁਰੂ ਕਰਨ ਲਈ ਸਾਨੂੰ ਸੁੱਕੀ ਜ਼ਮੀਨ ਅਤੇ ਤਾਜ਼ੇ ਪਾਣੀ ਦੀ ਲੋੜ ਹੈ। ਪਾਣੀ ਤਾਜ਼ਾ ਹੋਣਾ ਜ਼ਰੂਰੀ ਨਹੀਂ ਹੈ, ਪਰ ਤਾਜ਼ਾ ਪਾਣੀ ਸਿਰਫ਼ ਸੁੱਕੀ ਜ਼ਮੀਨ 'ਤੇ ਹੀ ਹੋ ਸਕਦਾ ਹੈ। ਜਦੋਂ ਇਹ ਦੋ ਸ਼ਰਤਾਂ ਪੂਰੀਆਂ ਹੁੰਦੀਆਂ ਹਨ ਤਾਂ ਹੀ ਤੁਸੀਂ ਜੀਵਨ ਦੇ ਬਿਲਡਿੰਗ ਬਲਾਕਾਂ, ਅਮੀਨੋ ਐਸਿਡ ਅਤੇ ਨਿਊਕਲੀਕ ਐਸਿਡ ਨੂੰ ਬੈਕਟੀਰੀਆ ਦੇ ਜੀਵਨ ਵਿੱਚ ਬਦਲ ਸਕਦੇ ਹੋ, ਜੋ ਵਿਕਾਸ ਦੇ ਚੱਕਰ ਦੀ ਸ਼ੁਰੂਆਤ ਦਾ ਸੰਕੇਤ ਦਿੰਦੇ ਹਨ। ਤਾਜ਼ਾ ਪਾਣੀ ਸਮੁੰਦਰ ਦੇ ਪਾਣੀ ਨਾਲੋਂ ਬਹੁਤ ਵੱਖਰਾ ਹੈ, ਪਰ ਤੁਸੀਂ ਕਿਵੇਂ ਜਾਣ ਸਕਦੇ ਹੋ ਕਿ ਇਨ੍ਹਾਂ ਵਿੱਚੋਂ ਇੱਕ ਜਾਂ ਦੋਨੋਂ ਕਿਸਮ ਦੇ ਪਾਣੀ ਧਰਤੀ ਉੱਤੇ ਮੌਜੂਦ ਸਨ? ਇਸ ਦਾ ਜਵਾਬ ਸੁਰੱਖਿਅਤ ਚੱਟਾਨ ਰਿਕਾਰਡ ਅਤੇ ਰਸਾਇਣਕ ਸੰਕੇਤਾਂ ਵਿੱਚ ਹੈ। ਧਰਤੀ 4.5 ਬਿਲੀਅਨ ਸਾਲ ਤੋਂ ਥੋੜ੍ਹੀ ਪੁਰਾਣੀ ਹੈ ਅਤੇ ਸਭ ਤੋਂ ਪੁਰਾਣੀਆਂ ਚੱਟਾਨਾਂ ਜੋ ਵਿਗਿਆਨੀਆਂ ਨੇ ਲੱਭੀਆਂ ਹਨ, ਉਹ ਸਿਰਫ 4 ਬਿਲੀਅਨ ਸਾਲ ਤੋਂ ਵੱਧ ਪੁਰਾਣੀਆਂ ਹਨ।

ਸ਼ੁਰੂਆਤੀ ਜੀਵਨ ਦੇ ਚਿੰਨ੍ਹ: ਸਾਡੇ ਗ੍ਰਹਿ ਨੂੰ ਇਸਦੇ ਪਹਿਲੇ 500 ਮਿਲੀਅਨ ਸਾਲਾਂ ਵਿੱਚ ਸਹੀ ਢੰਗ ਨਾਲ ਸਮਝਣ ਲਈ ਸਾਨੂੰ ਕ੍ਰਿਸਟਲਾਂ ਵੱਲ ਮੁੜਨਾ ਪਵੇਗਾ, ਜੋ ਇੱਕ ਵਾਰ ਪੁਰਾਣੀਆਂ ਚੱਟਾਨਾਂ ਤੋਂ ਆਏ ਸਨ ਅਤੇ ਛੋਟੀਆਂ ਚੱਟਾਨਾਂ ਵਿੱਚ ਜਮ੍ਹਾਂ ਹੋ ਗਏ ਸਨ। ਸਭ ਤੋਂ ਪੁਰਾਣੇ ਸੁਰੱਖਿਅਤ ਕ੍ਰਿਸਟਲ 4.4 ਬਿਲੀਅਨ ਸਾਲ ਪੁਰਾਣੇ ਹਨ। ਧਰਤੀ ਉੱਤੇ ਇਨ੍ਹਾਂ ਪ੍ਰਾਚੀਨ ਕ੍ਰਿਸਟਲਾਂ ਦਾ ਸਭ ਤੋਂ ਵੱਡਾ ਹਿੱਸਾ ਪੱਛਮੀ ਆਸਟ੍ਰੇਲੀਆ ਦੇ ਮੱਧ-ਪੱਛਮ ਵਿੱਚ ਜੈਕ ਪਹਾੜੀਆਂ ਵਿੱਚ ਹੀ ਪਾਇਆ ਜਾਂਦਾ ਹੈ। ਸਾਡੇ ਚੱਟਾਨਾਂ ਦੇ ਰਿਕਾਰਡਾਂ ਵਿੱਚ ਧਰਤੀ ਉੱਤੇ ਸਭ ਤੋਂ ਪੁਰਾਣਾ ਜੀਵਨ 3.5 ਬਿਲੀਅਨ ਸਾਲ ਪੁਰਾਣਾ ਹੈ।

ਕੁਝ ਰਸਾਇਣਕ ਅੰਕੜੇ ਦਿਖਾਉਂਦੇ ਹਨ ਕਿ ਇਹ 3.8 ਬਿਲੀਅਨ ਸਾਲ ਪੁਰਾਣਾ ਹੋ ਸਕਦਾ ਹੈ। ਵਿਗਿਆਨੀਆਂ ਨੇ ਇਹ ਅਨੁਮਾਨ ਲਗਾਇਆ ਹੈ ਕਿ ਜੀਵਨ ਇਸ ਤੋਂ ਵੀ ਪੁਰਾਣਾ ਹੋ ਸਕਦਾ ਹੈ, ਪਰ ਸਾਡੇ ਕੋਲ ਇਸਦਾ ਕੋਈ ਰਿਕਾਰਡ ਨਹੀਂ ਹੈ।

ਨੇਚਰ ਜਿਓਸਾਇੰਸ ਵਿੱਚ ਪ੍ਰਕਾਸ਼ਿਤ ਨਵਾਂ ਅਧਿਐਨ 4 ਅਰਬ ਸਾਲ ਪਹਿਲਾਂ ਧਰਤੀ ਉੱਤੇ ਤਾਜ਼ੇ ਪਾਣੀ ਅਤੇ ਸੁੱਕੀ ਜ਼ਮੀਨ ਦਾ ਪਹਿਲਾ ਸਬੂਤ ਪ੍ਰਦਾਨ ਕਰਦਾ ਹੈ। ਇਹ ਜਾਣ ਕੇ ਕਿ ਧਰਤੀ ਉੱਤੇ ਪਾਣੀ ਅਤੇ ਜ਼ਮੀਨ ਪਹਿਲੀ ਵਾਰ ਕਦੋਂ ਪ੍ਰਗਟ ਹੋਏ, ਵਿਗਿਆਨੀ ਆਖਰਕਾਰ ਇਹ ਪਤਾ ਲਗਾ ਸਕਦੇ ਹਨ ਕਿ ਅਸੀਂ ਕਿਵੇਂ ਹੋਂਦ ਵਿੱਚ ਆਏ। ਨਵੀਂ ਖੋਜ ਅਨੁਸਾਰ ਧਰਤੀ ਦੀ ਸਤਹ ਨੇ ਲਗਭਗ 4 ਅਰਬ ਸਾਲ ਪਹਿਲਾਂ ਸਾਫ਼ ਪਾਣੀ ਦਾ ਅਨੁਭਵ ਕੀਤਾ ਸੀ। ਇਸ ਤੋਂ ਪਹਿਲਾਂ ਵਿਗਿਆਨੀਆਂ ਨੇ ਅੰਦਾਜ਼ਾ ਲਗਾਇਆ ਸੀ ਕਿ 3.5 ਅਰਬ ਸਾਲ ਪਹਿਲਾਂ ਧਰਤੀ ਨੂੰ ਸਾਫ਼ ਪਾਣੀ ਮਿਲੇਗਾ। ਆਸਟਰੇਲੀਆ ਅਤੇ ਚੀਨ ਦੇ ਖੋਜਕਰਤਾਵਾਂ ਦੀ ਇੱਕ ਟੀਮ ਨੇ ਇਹ ਪਤਾ ਲਗਾਉਣ ਲਈ ਪ੍ਰਾਚੀਨ ਖਣਿਜਾਂ ਵਿੱਚ ਫਸੇ ਆਕਸੀਜਨ ਦੇ ਆਈਸੋਟੋਪਾਂ ਦੀ ਵਰਤੋਂ ਕੀਤੀ, ਜਦੋਂ ਤਾਜ਼ੇ ਪਾਣੀ ਦੇ ਪਹਿਲੇ ਸੰਕੇਤਾਂ ਨੇ ਸਾਡੇ ਨਵਜੰਮੇ ਗ੍ਰਹਿ ਦੀ ਸਤਹ ਨੂੰ ਗਿੱਲਾ ਕੀਤਾ ਹੋ ਸਕਦਾ ਹੈ। ਜੈਕ ਪਹਾੜੀਆਂ ਵਿੱਚ ਧਰਤੀ ਦੇ ਛਾਲੇ ਦੀ ਸਭ ਤੋਂ ਪੁਰਾਣੀ ਬਚੀ ਹੋਈ ਸਮੱਗਰੀ ਹੈ। ਇੱਥੋਂ ਦੇ ਪ੍ਰਾਚੀਨ ਖਣਿਜ 4.4 ਬਿਲੀਅਨ ਸਾਲਾਂ ਤੱਕ ਗਰਮੀ ਅਤੇ ਦਬਾਅ ਦੁਆਰਾ ਮੁਕਾਬਲਤਨ ਬਦਲਦੇ ਨਹੀਂ ਰਹੇ। ਸੁੱਕੇ, ਲਾਲ, ਧੂੜ ਭਰੇ ਖੇਤਰ ਵਿੱਚ ਇਨ੍ਹੀਂ ਦਿਨੀਂ ਬਹੁਤਾ ਪਾਣੀ ਨਹੀਂ ਮਿਲਦਾ ਹੈ, ਪਰ ਵਿਗਿਆਨੀਆਂ ਨੂੰ ਚੱਟਾਨ ਦੇ 'ਹੈਡਿਨ ਜ਼ੀਰਕੋਨ' ਕ੍ਰਿਸਟਲ ਦੇ ਅੰਦਰ ਫਸੇ ਧਰਤੀ ਦੀ ਸਭ ਤੋਂ ਪੁਰਾਣੀ ਬਾਰਿਸ਼ ਦੇ ਸਬੂਤ ਮਿਲੇ ਹਨ। ਇਹ ਗ੍ਰਹਿ ਦੇ ਜਲ ਚੱਕਰ ਦੇ ਇਤਿਹਾਸ ਬਾਰੇ ਸਾਡੀ ਸਮਝ ਵਿੱਚ ਇੱਕ ਵੱਡੀ ਤਬਦੀਲੀ ਹੈ।



ਜੀਵਨ ਲਈ ਪਾਣੀ ਦੇ ਚੱਕਰ ਦੀ ਮਹੱਤਤਾ: ਧਰਤੀ 'ਤੇ ਪਾਣੀ ਧਰਤੀ, ਸਮੁੰਦਰਾਂ ਅਤੇ ਵਾਯੂਮੰਡਲ ਦੇ ਵਿਚਕਾਰ ਕਈ ਪ੍ਰਕ੍ਰਿਆਵਾਂ ਦੁਆਰਾ ਚਲਦਾ ਹੈ, ਜਿਸ ਵਿੱਚ ਵਾਸ਼ਪੀਕਰਨ ਅਤੇ ਵਰਖਾ ਸ਼ਾਮਲ ਹੈ, ਜਿਸ ਨੂੰ ਅਸੀਂ ਜਲ ਚੱਕਰ ਕਹਿੰਦੇ ਹਾਂ। ਤਾਜ਼ੇ ਪਾਣੀ ਦੀ ਉਪਲਬਧਤਾ ਅਤੇ ਧਰਤੀ ਦੇ ਸ਼ੁਰੂਆਤੀ ਇਤਿਹਾਸ ਦੌਰਾਨ ਪਾਣੀ ਦੇ ਚੱਕਰ ਦੀ ਸ਼ੁਰੂਆਤ ਨੇ ਸ਼ੁਰੂਆਤੀ ਜੀਵਨ ਦੇ ਵਿਕਾਸ ਲਈ ਜ਼ਰੂਰੀ ਵਾਤਾਵਰਣ ਬਣਾਉਣ ਵਿੱਚ ਯੋਗਦਾਨ ਪਾਇਆ ਹੋ ਸਕਦਾ ਹੈ। ਹਾਲਾਂਕਿ ਪਾਣੀ ਦਾ ਚੱਕਰ ਕਦੋਂ ਸ਼ੁਰੂ ਹੋਇਆ, ਇਸ ਬਾਰੇ ਅਨਿਸ਼ਚਿਤਤਾ ਹੈ।

ਆਸਟ੍ਰੇਲੀਆ ਦੀ ਕਰਟਿਨ ਯੂਨੀਵਰਸਿਟੀ ਦੇ ਭੂ-ਵਿਗਿਆਨੀ ਅਤੇ ਇਸ ਅਧਿਐਨ ਦੇ ਮੁੱਖ ਲੇਖਕ ਹੈਮਦ ਗਾਮਾਲੇਲਡਿਯਨ ਨੇ ਕਿਹਾ ਕਿ ਜ਼ੀਰਕੋਨ ਖਣਿਜ ਦੇ ਛੋਟੇ ਕ੍ਰਿਸਟਲਾਂ ਦੀ ਉਮਰ ਅਤੇ ਇਸ ਵਿੱਚ ਆਕਸੀਜਨ ਦੇ ਆਈਸੋਟੋਪਾਂ ਦੀ ਜਾਂਚ ਕਰਨ ਤੋਂ ਬਾਅਦ ਸਾਨੂੰ ਚਾਰ ਅਰਬ ਸਾਲ ਪਹਿਲਾਂ ਆਈਸੋਟੋਪ ਦੇ ਸੰਕੇਤ ਮਿਲੇ ਹਨ। ਗਾਮਾਲੇਲਡਿਯਨ ਅਤੇ ਉਸਦੇ ਸਾਥੀਆਂ ਨੇ ਜ਼ੀਰਕੋਨ ਦੇ ਛੋਟੇ ਕਣਾਂ ਦਾ ਵਿਸ਼ਲੇਸ਼ਣ ਕਰਨ ਲਈ ਸੈਕੰਡਰੀ-ਆਇਨ ਮਾਸ ਸਪੈਕਟ੍ਰੋਮੈਟਰੀ ਦੀ ਵਰਤੋਂ ਕੀਤੀ ਅਤੇ ਇਹ ਪਤਾ ਲਗਾਇਆ ਕਿ ਗਰਮ ਅਤੇ ਤਰਲ ਚੱਟਾਨ (ਮੈਗਮਾ) ਵਿੱਚ ਕਿਹੜੇ ਆਕਸੀਜਨ ਆਈਸੋਟੋਪ ਮੌਜੂਦ ਸਨ, ਜਿਸ ਤੋਂ ਕ੍ਰਿਸਟਲ ਬਣਦੇ ਸਨ। ਜੈਕ ਹਿਲਜ਼ ਵਿਖੇ ਜ਼ੀਰਕੋਨ ਖਣਿਜਾਂ ਵਿੱਚ ਬਹੁਤ ਹੀ ਹਲਕੇ ਆਈਸੋਟੋਪ ਰਚਨਾਵਾਂ ਤਾਂ ਹੀ ਸੰਭਵ ਸਨ, ਜੇ ਉਹ ਧਰਤੀ ਦੇ ਪਰਦੇ ਦੇ ਹੇਠਾਂ ਬਣੀਆਂ (ਪਪੜੀ ਤੇ ਕੋਰ ਦੇ ਵਿਚਕਾਰ ਦਾ ਹਿੱਸਾ) ਅਤੇ ਤਾਜ਼ੇ ਪਾਣੀ ਦੇ ਸੰਪਰਕ ਵਿੱਚ ਵੀ ਆਈਆਂ। ਇਨ੍ਹਾਂ ਕ੍ਰਿਸਟਲਾਂ 'ਚ ਧਰਤੀ ਦੀ ਪਹਿਲੀ ਬਾਰਿਸ਼ ਦੇ ਸਬੂਤ ਹੋ ਸਕਦੇ ਹਨ।

ਮੌਜੂਦਾ ਥਿਊਰੀ ਨੂੰ ਚੁਣੌਤੀ: ਭੂ-ਵਿਗਿਆਨੀ ਗਾਮਾਲੇਲਡਿਅਨ ਨੇ ਕਿਹਾ ਕਿ ਅਜਿਹੇ ਹਲਕੇ ਆਕਸੀਜਨ ਆਈਸੋਟੋਪ ਆਮ ਤੌਰ 'ਤੇ ਧਰਤੀ ਦੀ ਸਤਹ ਤੋਂ ਕਈ ਕਿਲੋਮੀਟਰ ਹੇਠਾਂ ਗਰਮ, ਤਾਜ਼ੇ ਪਾਣੀ ਨੂੰ ਬਦਲਣ ਵਾਲੀਆਂ ਚੱਟਾਨਾਂ ਦਾ ਨਤੀਜਾ ਹੁੰਦੇ ਹਨ। ਕਰਟਿਨ ਯੂਨੀਵਰਸਿਟੀ ਦੇ ਭੂ-ਵਿਗਿਆਨੀ ਹਿਊਗੋ ਓਲੀਰੂਕ ਦਾ ਕਹਿਣਾ ਹੈ, ਧਰਤੀ ਦੇ ਅੰਦਰ ਇੰਨੇ ਡੂੰਘੇ ਤਾਜ਼ੇ ਪਾਣੀ ਦੇ ਸਬੂਤ ਮੌਜੂਦਾ ਸਿਧਾਂਤ ਨੂੰ ਚੁਣੌਤੀ ਦਿੰਦੇ ਹਨ ਕਿ ਚਾਰ ਅਰਬ ਸਾਲ ਪਹਿਲਾਂ ਧਰਤੀ ਪੂਰੀ ਤਰ੍ਹਾਂ ਸਮੁੰਦਰਾਂ ਨਾਲ ਢੱਕੀ ਹੋਈ ਸੀ। ਇਸ ਖੋਜ ਦਾ ਵਿਗਿਆਨ ਦੇ ਕਈ ਖੇਤਰਾਂ 'ਤੇ ਅਸਰ ਪਵੇਗਾ। ਇਹ ਖੋਜ ਨਾ ਸਿਰਫ਼ ਧਰਤੀ ਦੇ ਸ਼ੁਰੂਆਤੀ ਇਤਿਹਾਸ 'ਤੇ ਰੌਸ਼ਨੀ ਪਾਉਂਦੀ ਹੈ, ਸਗੋਂ ਇਹ ਵੀ ਦਰਸਾਉਂਦੀ ਹੈ ਕਿ ਕਿਵੇਂ ਲੈਂਡਮਾਸ ਅਤੇ ਤਾਜ਼ੇ ਪਾਣੀ ਨੇ ਗ੍ਰਹਿ ਦੇ ਗਠਨ ਤੋਂ 600 ਮਿਲੀਅਨ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਜੀਵਨ ਦੇ ਵਿਕਾਸ ਲਈ ਪੜਾਅ ਤੈਅ ਕੀਤਾ।

ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਉਸ ਸਮੇਂ ਧਰਤੀ ਦੀ ਪਰਤ ਸਮੁੰਦਰ ਦੇ ਹੇਠਾਂ ਡੁੱਬੀ ਹੋਈ ਸੀ। ਕੁਝ ਸਭ ਤੋਂ ਪੁਰਾਣੇ ਧਰਤੀ ਦੇ ਜੀਵਨ ਰੂਪ ਜੋ ਅਸੀਂ ਲੱਭੇ ਹਨ, ਉਹ 3.48 ਬਿਲੀਅਨ-ਸਾਲ ਪੁਰਾਣੇ ਮਾਈਕਰੋਬਾਇਲ ਰੀਫ ਹਨ, ਜਿਨ੍ਹਾਂ ਨੂੰ ਸਟ੍ਰੋਮੇਟੋਲਾਈਟਸ ਕਿਹਾ ਜਾਂਦਾ ਹੈ। ਇਹ ਜੈਕ ਪਹਾੜੀਆਂ ਦੇ ਉੱਤਰ ਵਿਚ 800 ਕਿਲੋਮੀਟਰ ਦੀ ਦੂਰੀ 'ਤੇ ਪਾਏ ਗਏ ਹਨ, ਪਰ ਇਹ ਨਵੀਂ ਖੋਜ ਦਰਸਾਉਂਦੀ ਹੈ ਕਿ ਸੁੱਕੀ ਜ਼ਮੀਨ, ਤਾਜ਼ੇ ਪਾਣੀ ਦੇ ਭੰਡਾਰ, ਪਾਣੀ ਦਾ ਚੱਕਰ ਅਤੇ ਸੰਭਵ ਤੌਰ 'ਤੇ ਧਰਤੀ ਉਤੇ ਜੀਵਨ ਸਾਡੇ ਸੋਚਣ ਨਾਲੋਂ ਬਹੁਤ ਪਹਿਲਾਂ ਪ੍ਰਗਟ ਹੋਇਆ ਸੀ।

ਅਰਲੀ ਕੋਲਡ ਅਰਥ ਥਿਊਰੀ ਦੀ ਪੁਸ਼ਟੀ: ਜੈਕ ਹਿੱਲ ਦੀ ਖੋਜ ਦੇ ਨਤੀਜੇ ਵਿਸਕਾਨਸਿਨ-ਮੈਡੀਸਨ ਯੂਨੀਵਰਸਿਟੀ ਦੇ ਭੂ-ਵਿਗਿਆਨੀ ਜੌਹਨ ਵੈਲੀ ਦੁਆਰਾ ਵਰਣਿਤ 'ਸ਼ੁਰੂਆਤੀ ਠੰਡੀ ਧਰਤੀ' ਸਿਧਾਂਤ ਦਾ ਵੀ ਸਮਰਥਨ ਕਰਦੇ ਹਨ, ਜਿਸ ਦੇ 2014 ਦੇ ਪੇਪਰ ਨੇ ਹੇਡੀਅਨ ਜ਼ੀਰਕੋਨ ਨੂੰ ਧਰਤੀ ਦੀ ਸਭ ਤੋਂ ਪੁਰਾਣੀ ਸਮੱਗਰੀ ਦੱਸਿਆ ਹੈ। ਥਿਊਰੀ ਸੁਝਾਅ ਦਿੰਦੀ ਹੈ ਕਿ ਗ੍ਰਹਿ ਦੀ ਪਿਘਲੀ ਹੋਈ ਚੱਟਾਨ ਦੇ ਇੱਕ ਸਮੁੰਦਰੀ ਛਾਲੇ ਦੇ ਰੂਪ ਵਿੱਚ ਠੋਸ ਹੋਣ ਤੋਂ ਬਾਅਦ ਧਰਤੀ ਤਰਲ ਪਾਣੀ, ਸਮੁੰਦਰਾਂ ਅਤੇ ਇੱਕ ਹਾਈਡ੍ਰੋਸਫੀਅਰ ਦਾ ਸਮਰਥਨ ਕਰਨ ਲਈ ਕਾਫੀ ਠੰਡੀ ਸੀ। ਇਹ ਖੋਜ ਧਰਤੀ ਦੇ ਸ਼ੁਰੂਆਤੀ ਇਤਿਹਾਸ ਦੀ ਸਾਡੀ ਸਮਝ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਹ ਜੀਵਨ ਦੀ ਉਤਪਤੀ ਬਾਰੇ ਹੋਰ ਖੋਜ ਵਿੱਚ ਮਦਦ ਕਰੇਗਾ।

## ਤਕਨੀਕੀ ਸੰਕੇਤਾਂ ਵਿੱਚ ਜੀਵਨ ਦਾ ਸਬੂਤ !

ਬ੍ਰਿਟਿਸ਼ ਖਗੋਲ ਵਿਗਿਆਨੀ ਲਾਰਡ ਮਾਰਟਿਨ ਰੀਸ ਦਾ ਕਹਿਣਾ ਹੈ ਕਿ 10 ਸਾਲਾਂ ਵਿੱਚ ਸਾਡੇ ਕੋਲ ਇਸ ਬਾਰੇ ਕੁਝ ਸਬੂਤ ਹੋਣਗੇ ਕਿ ਕੀ ਨੇੜਲੇ ਗ੍ਰਹਿਆਂ 'ਤੇ ਕੁਝ ਵੀ ਜੈਵਿਕ ਹੈ ਜਾਂ ਨਹੀਂ! ਕੁਝ ਖਗੋਲ-ਵਿਗਿਆਨੀ ਮੰਨਦੇ ਹਨ ਕਿ ਤਕਨੀਕੀ ਚਿੰਨ੍ਹ ਇੱਕ ਉੱਨਤ ਬਾਹਰੀ ਸੱਭਿਅਤਾ ਦੀ ਤਕਨਾਲੋਜੀ ਦਾ ਸਬੂਤ ਪ੍ਰਦਾਨ ਕਰ ਸਕਦੇ ਹਨ। ਖਗੋਲ-ਵਿਗਿਆਨੀ ਇਨ੍ਹਾਂ ਚਿੰਨ੍ਹਾਂ ਨੂੰ ਟੈਕਨੋਸਿਗਨੇਚਰ ਵੀ ਕਹਿੰਦੇ ਹਨ। ਹੁਣ ਖਗੋਲ ਵਿਗਿਆਨੀਆਂ ਨੇ ਟੈਕਨੋਸਿਗਨੇਚਰ ਦਾ ਪਤਾ ਲਗਾਉਣ ਲਈ SETI Ellipsoid ਨਾਮਕ ਇੱਕ ਨਵੀਂ ਤਕਨੀਕ ਦਾ ਪ੍ਰਸਤਾਵ ਕੀਤਾ ਹੈ।

ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਵਿਖੇ SETI ਇੰਸਟੀਚਿਊਟ ਤੇ ਬਰਕਲੇ SETI ਰਿਸਰਚ ਸੈਂਟਰ ਦੀ ਡਾ. ਬਾਰਬਰਾ ਕੈਬਰਾਲੇਸ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਦਿਖਾਇਆ ਹੈ ਕਿ SETI ਅੰਡਾਕਾਰ ਵਿਧੀ ਵਿਆਪਕ-ਖੇਤਰ ਅਸਮਾਨ ਸਰਵੇਖਣਾਂ ਦਾ ਲਾਭ ਲੈ ਸਕਦੀ ਹੈ, ਸੰਭਾਵੀ ਤਕਨੀਕੀ ਦਸਤਖਤਾਂ ਦਾ ਪਤਾ ਲਗਾਉਣ ਦੀ ਸਾਡੀ ਯੋਗਤਾ ਨੂੰ ਮਹੱਤਵਪੂਰਨ ਤੌਰ 'ਤੇ ਵਧਾ ਸਕਦੀ ਹੈ।

ਦਿਲਬਾਗ ਹੋਰਾਂ ਨਾਲ ਮਿਲਣ ਅਤੇ ਗੱਲ ਕਰਨ ਦੀ ਸਿਮਰਨ ਨੂੰ ਮਨਾਹੀ ਸੀ। ਜਦੋਂ ਕਦੀ ਦਿਲਬਾਗ ਉਸ ਨੂੰ ਮਿਲ ਵੀ ਜਾਂਦਾ ਤਾਂ ਉਹ ਸਿਰਫ ਇੱਕ ਵਾਰ ਇੱਕ ਦੂਜੇ ਨੂੰ ਵੇਖਦੇ ਤੇ ਕੋਲੋਂ ਇਸ ਤਰ੍ਹਾਂ ਨਿਕਲ ਜਾਦੇ ਜਿਵੇਂ ਇੱਕ ਦੂਜੇ ਨੂੰ ਜਾਣਦੇ ਹੀ ਨਾ ਹੋਣ। ਇਸ ਤਰ੍ਹਾਂ ਦਿਨ ਨਿਕਲਣ ਲੱਗੇ। ਦਿਲਬਾਗ ਹੋਰੀਂ ਹਾਲੇ ਕੋਈ ਹੋਰ ਵਾਰਦਾਤ ਨੂੰ ਅੰਜਾਮ ਦੇਣ ਤੋਂ ਆਪਣੇ ਆਪ ਨੂੰ ਰੋਕ ਕੇ ਰੱਖ ਰਹੇ ਸਨ। ਵੀਰਦੀਪ ਉਨ੍ਹਾਂ ਨੂੰ ਰਾਜਨੀਤਿਕ ਰਾਹੇ ਪਾਉਣ ਲਈ ਜ਼ੋਰ ਪਾ ਰਿਹਾ ਸੀ। ਕੰਮ ਦਾ ਰੁਝੇਵਾਂ ਵਿਖਾਉਣ ਲਈ ਦਿਲਬਾਗ ਨੇ ਦੋਨੋ ਗੱਡੀਆਂ ਕਿਸੇ ਕੰਪਨੀ ਨਾਲ ਲਗਾ ਦਿੱਤੀਆਂ। ਉਹ ਕਿਰਾਏ 'ਤੇ ਚਲਦੀਆਂ ਰਹਿੰਦੀਆਂ। ਥੋੜ੍ਹੇ ਬਹੁਤ ਪੈਸੇ ਵੀ ਆਉਂਦੇ ਤੇ ਮੁੰਡਿਆਂ ਦਾ ਰੁਝੇਵਾਂ ਵੀ ਬਣਿਆ ਰਹਿੰਦਾ।

ਵੀਰਦੀਪ ਵੱਲੋਂ ਸਿਆਸੀ ਰਾਹ ਅਪਨਾਉਣ ਦੀ ਸਲਾਹ ਤੋਂ ਬਾਅਦ ਦਿਲਬਾਗ ਅਖਬਾਰਾਂ ਨੂੰ ਹੁਣ ਧਿਆਨ ਨਾਲ ਵੇਖਣ ਲੱਗਾ ਸੀ। ਉਹਦੀ ਸਿਆਸੀ ਘਟਨਾਵਾਂ ਵਿੱਚ ਰੁਚੀ ਵਧਣ ਲੱਗੀ। ਇੱਕ ਦੋ ਅਖਬਾਰਾਂ ਉਨ੍ਹਾਂ ਹੋਰ ਲਗਵਾ ਲਈਆਂ ਸਨ; ਕੁਝ ਅੰਗਰੇਜ਼ੀ ਦੀਆਂ ਵੀ। ਦਿਲਬਾਗ ਨੇ ਆਪਣੀ ਚਾਰ-ਦੀਵਾਰੀ ਅੰਦਰ ਘੋੜਿਆਂ ਲਈ ਇੱਕ ਤਬੇਲਾ ਜਿਹਾ ਵੀ ਬਣਾ ਲਿਆ ਸੀ। ਛੋਟੀ ਉਮਰ ਦੇ ਘੋੜੇ ਖਰੀਦਦਾ ਤੇ ਜਦੋਂ ਚੰਗੇ ਪਲ ਜਾਂਦੇ ਤਾਂ ਵੇਚ ਦਿੰਦਾ। ਇਸ ਤਰ੍ਹਾਂ ਸਮਾਜ ਵਿੱਚ ਇੱਕ ਥਾਂ ਬਣਾਉਣ ਲਈ ਉਹ ਰੁਝੇ ਰਹਿਣ ਲੱਗੇ। ਸਿਮਰਨ ਨਾਲ ਦੂਜੇ ਚੌਥੇ ਦਿਲਬਾਗ ਦਾ ਟਾਕਰਾ ਹੋ ਹੀ ਜਾਂਦਾ। ਉਂਝ ਹੀ ਬੱਸ ਉਨ੍ਹਾਂ ਦੀ ਨਿਗਾਹ ਮਿਲਦੀ ਤੇ ਆਪੋ ਆਪਣੇ ਰਾਹ ਪੈ ਜਾਂਦੇ। ਦਿਲਬਾਗ ਦਾ ਹੁਣ ਦਿਲ ਲੱਗਣ ਲੱਗਾ। ਉਸ ਦੇ ਅੰਦਰ ਇੱਕ ਚਾਅ ਜਿਹਾ ਪਲਣ ਲੱਗਾ। ਉਮਾਹ ਵਿੱਚ ਰਹਿੰਦਾ। ਉਹੀ ਚੀਜ਼ਾਂ ਜਿਹੜੀਆਂ ਉਹਨੂੰ ਬੁਰੀਆਂ ਲਗਦੀਆਂ ਸਨ, ਚੰਗੀਆਂ ਲੱਗਣ ਲੱਗੀਆਂ। ਦੂਰ ਤੱਕ ਖੜ੍ਹੀਆਂ ਫਸਲਾਂ, ਸੜਕਾਂ ਦੁਆਲੇ ਦਰਖਤਾਂ ਦੀਆਂ ਪਾਲਾਂ ਆਪਣੇ ਵਿਹੜੇ ਵਿੱਚ ਖੜ੍ਹੇ ਫੁੱਲ ਬੂਟੇ ਜਿਹੜੇ ਅੰਬੇ ਹੋਰਾਂ ਨੇ ਲਾਏ ਤੇ ਪਾਲੇ ਸਨ, ਸਭ ਦਿਲ ਨੂੰ ਮੋਹਣ ਲਗਦੇ। ਇਹ ਕੀ ਹੋ ਰਿਹਾ ਮੈਨੂੰ? ਕਈ ਵਾਰ ਉਸ ਨੂੰ ਲਗਦਾ ਇਹ ਖ਼ੁਸ਼ੀ ਸ਼ਾਇਦ ਇੱਕ ਥਾਂ ਸੈਟਲ ਹੋ ਜਾਣ ਕਰਕੇ ਹੋਵੇ। ਪਰ ਇਹ ਮਨੋਸਥਿਤੀ 14-15 ਦਿਨਾਂ ਵਿੱਚ ਹੀ ਕਿਵੇਂ ਬਣ ਗਈ, ਜਦੋਂ ਤੋਂ ਸਿਮਰਨ ਇੱਥੇ ਆਉਣ ਲੱਗੀ ਹੈ। ਪਹਿਲਾਂ ਉਹ ਅਚਾਨਕ ਮਿਲਦੇ ਸਨ, ਫਿਰ ਦੂਜੇ ਚੌਥੇ ਦਿਨ ਦਿਲਬਾਗ ਸਿਮਰਨ ਨੂੰ ਉਡੀਕਣ ਲੱਗਾ। ਵੀਰਦੀਪ ਨੇ ਸਿਮਰਨ ਨੂੰ ਸਖਤੀ ਨਾਲ ਆਖਿਆ ਸੀ ਕਿ ਜੇ ਤੁਹਾਡਾ ਮੇਲ-ਜੋਲ ਬਣ ਗਿਆ ਤਾਂ ਸਾਰੀ ਸਕੀਮ ਫੇਲ੍ਹ ਹੋ ਜਾਵੇਗੀ। ਦਿਲਬਾਗ ਵਾਲੀਆਂ ਤਬਦੀਲੀਆਂ ਸਿਮਰਨ ਦੇ ਸੁਭਾਅ ਵਿੱਚ ਵੀ ਵਾਪਰਨ ਲੱਗੀਆਂ ਸਨ। ਵਿਗਿਆਨ ਦੀ ਅਕਾਊ ਪੜ੍ਹਾਈ ਦੀ ਪੈਦਾ ਕੀਤੀ ਖਿਝ ਘਟ ਰਹੀ ਸੀ। ਚਿਹਰਾ ਜ਼ਿਆਦਾ ਨਿੰਬਲ, ਨੂਰੀ ਹੋਣ ਲੱਗਾ। ਕਈ ਵਾਰ ਸਾਥੀ ਅਧਿਆਪਕਾਵਾਂ ਪੁੱਛਦੀਆਂ, ਸਿਮਰਨ ਕੀ ਲਗਾਉਂਦੀ ਏਂ ਚਿਹਰੇ 'ਤੇ ਬੜਾ ਨਿੱਖਰਨ ਲੱਗਾ। 'ਕੁਸ਼ ਨੀ ਬਸ ਸਿੰਪਲ ਮੋਇਸਚਰਿੰਗ ਕਰੀਮ ਲਗਾਉਂਦੀ।' ਸਿਮਰਨ ਨੂੰ ਅਨੁਭਵ ਸੀ ਅੰਦਰਲਾ ਇੱਕ ਅਜੀਬ ਜਿਹਾ ਚਾਅ ਚਿਹਰੇ ਨੂੰ ਨਿਖਾਰ ਰਿਹਾ ਹੈ। ਕਈ ਵਾਰ ਇੰਨੀ ਅਨੰਦਿਤ ਹੋ ਜਾਂਦੀ, ਸੋਚਦੀ ਬਸ ਇਉਂ ਹੀ ਚਲਦਾ ਰਹੇ, ਕਿੰਨੀ ਖੁਸ਼ੀ ਹੈ ਇਸ ਕਸ਼ਿਸ਼ ਜਿਹੀ ਵਿੱਚ। ਇਸ ਆਨੰਦ ਜਿਹੇ ਦੇ ਵਿਚੇ ਰੱਬ ਲੈ ਜਾਵੇ।

ਨੌਕਰੀ ਮਿਲ ਜਾਣ ਕਾਰਨ ਸਿਮਰਨ ਦੀਆਂ ਬਹੁਤ ਸਾਰੀਆਂ ਟੈਨਸ਼ਨਾਂ ਘਟ ਗਈਆਂ ਸਨ। ਸਿਹਤ ਪੱਖੋਂ ਵੀ ਪਹਿਲਾਂ ਨਾਲੋਂ ਉਹ ਵਧੇਰੇ ਤੰਦਰੁਸਤ ਲਗਦੀ। ਸਰੀਰ ਕੁਝ ਭਰਵਾਂ ਹੋ ਗਿਆ ਸੀ। ਪਹਿਲਾਂ ਨਾਲੋਂ ਮੈਚਿਉਰ ਲੱਗਣ ਲੱਗੀ। ਕਾਲਜ ਵੇਲੇ ਉਹ ਹੱਦੋਂ ਵੱਧ ਪਤਲੀ ਸੀ। ਹੁਣ ਕਮਜ਼ੋਰੀ ਜਿਵੇਂ ਖਤਮ ਹੋ ਰਹੀ ਸੀ। ਵਧੇਰੇ ਜਚਣ ਲੱਗੀ। ਕਈ ਵਾਰ ਦਿਲਬਾਗ ਦਾ ਦਿਲ ਕਰਦਾ, ਇਹਦੇ ਲਾਗੇ ਬੈਠਾਂ, ਕੋਈ ਗੱਲ ਕਰਾਂ, ਇਕਾਂਤ ਦਾ ਮਾਰਿਆ ਦਿਲ ਕੁਝ ਹੌਲਾ ਹੋਵੇ। ਉਹਨੂੰ ਵੇਖ ਕੇ ਬਹੁਤੀ ਵਾਰ ਮਾਂ ਚੇਤੇ ਆਉਣ ਲਗਦੀ। ਚਿਹਰਾ ਭਰ ਜਾਣ ਨਾਲ ਇਹ ਬੀਬੀ ਵਰਗੀ ਹੀ ਲੱਗਣ ਲੱਗੀ ਸੀ।

ਬੀਬੀ ਵੀ ਦਿਲਾਂ ਨੂੰ ਹਲਕੇ ਕਰਨ ਦੀ ਮਾਹਿਰ ਹੈ। ਵੱਡੀਆਂ ਵੱਡੀਆਂ ਉਦਾਸੀਆਂ ਨੂੰ ਹਾਸੇ ਵਿੱਚ ਉਡਾ ਦਿੰਦੀ। ਦਿਲਬਾਗ ਦਾ ਸੁਭਾਅ ਆਪਣੀ ਮਾਤਾ 'ਤੇ ਹੀ ਗਿਆ। ਸੇਵਾ ਕਰਨ ਲੱਗਦੀ ਤਾਂ ਜਿਵੇਂ ਦਿਲ ਨੂੰ ਦਰੀ ਬਣਾ ਕੇ ਵਿਛਾ ਦਿੰਦੀ। ਪਿੰਡ ਦੀਆਂ ਬੁੜ੍ਹੀਆਂ ਦਿਲ ਫਰੋਲਣ ਲਈ ਉਹਦੇ ਕੋਲ ਬੈਠੀਆਂ ਰਹਿੰਦੀਆ। ਉਨ੍ਹਾਂ ਨੂੰ ਚਾਹਾਂ ਪਿਆਉਂਦੀ, ਗੱਲਾਂ ਸੁਣਦੀ ਰਹਿੰਦੀ, ਆਪ ਕਦੀ ਕਦੀ ਬੋਲਦੀ ਤੇ ਸਾਹਮਣੇ ਵਾਲੇ ਦੇ ਦੁਖ ਨੂੰ ਖੰਭ ਲਾ ਕੇ ਉਡਾ ਦਿੰਦੀ। ਇਉਂ ਸਹਿਜ ਹੀ ਉਸ ਕੋਲ ਸਾਰੇ ਪਿੰਡ ਦੀ ਖ਼ਬਰ ਸਾਰ ਪੁੱਜਦੀ ਰਹਿੰਦੀ। ਦਿਲਬਾਗ ਸੋਚਦਾ, ਪਾਪਾ ਬਾਹਰ ਚਲੇ ਗਏ ਸਨ, ਬੀਬੀ ਸ਼ਾਇਦ ਇੱਦਾਂ ਆਪਣੇ ਇਕੱਲੇਪਣ ਨੂੰ ਦੂਰ ਕਰਨ ਲਈ ਓ ਕਰਦੀ ਹੋਵੇ। ਪਰ ਇੱਦਾਂ ਕਰਦਿਆਂ ਉਹ ਪਿੰਡ ਦਾ ਇਨਸਾਇਕਲੋਪੀਡੀਆ ਬਣ ਗਈ। ਪੁਲਿਸ ਕਈ ਵਾਰ ਘਰ ਆਉਂਦੀ, ਦਿਲਬਾਗ ਬਾਰੇ ਪੁਛਦੀ ਪਰ ਪੰਚਾਇਤ ਦੇ ਦਖਲ ਨਾਲ ਮਾਤਾ ਦਾ ਬਚਾਅ ਹੋ ਜਾਂਦਾ।

ਇੱਕ ਦਿਨ ਦਿਲਬਾਗ ਦਿਨੇ ਦੁਪਹਿਰੇ ਸਿਖਰ ਘਰ ਜਾ ਢੁੱਕਾ। ਉਹਨੂੰ ਸੀ ਬਈ ਮਾਤਾ ਦਾ ਮੋਟਾ-ਮੋਟਾ ਸਮਾਨ ਚੁੱਕਾਂਗਾ ਤੇ ਉਹਨੂੰ ਆਪਣੇ ਕੋਲ ਲੈ ਆਵਾਂਗਾ। ਬਾਹਰਲਾ ਦਰਵਾਜ਼ਾ ਖੁਲ੍ਹਾ ਸੀ। ਮਾਤਾ ਅੰਦਰ ਇਕੱਲੀ ਸੀ, ਰਸੋਈ ਵਿੱਚ ਕੁਝ ਖਾਣ-ਪੀਣ ਲਈ ਬਣਾ ਰਹੀ ਸੀ। ਕਾਹਲੀ ਨਾਲ ਉਹ ਰਸੋਈ ਵਿੱਚ ਹੀ ਚਲਾ ਗਿਆ। ਉਹਨੇ ਝੁਕ ਕੇ ਗੋਡੀਂ ਹੱਥ ਲਾਇਆ। ਮਾਤਾ ਨੇ ਸਿਰ 'ਤੇ ਹੱਥ ਰੱਖਿਆ ਪਰ ਬੋਲੀ

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ
ਫੋਨ: +91-6280574657

***ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...***

ਕੁਝ ਨਾ। ਉਹ ਸ਼ਾਇਦ ਆਪਣੇ ਲਈ ਚਾਹ ਦਾ ਕੱਪ ਬਣਾ ਰਹੀ ਸੀ। ਉਹ ਦਿਲਬਾਗ ਨੂੰ ਵੇਖ ਕੇ ਉਹਦੇ ਲਈ ਵੀ ਪਤੀਲੇ 'ਚ ਪਾਣੀ ਪਾਉਣ ਲੱਗੀ। ਦਿਲਬਾਗ ਨੇ ਉਸ ਦਾ ਹੱਥ ਫੜ ਲਿਆ। ਮਾਤਾ ਨੇ ਜਦੋਂ ਮੂੰਹ ਘੁਮਾਇਆ ਤਾਂ ਉਸ ਦੇ ਚਿਹਰੇ 'ਤੇ ਹੰਝੂਆਂ ਦੀਆਂ ਘਰਾਲਾਂ ਵਗਣ ਲੱਗੀਆਂ। ਦਿਲਬਾਗ ਨੇ ਉਸ ਨੂੰ ਕਲਾਵੇ ਵਿੱਚ ਲੈ ਲਿਆ। ਮਾਂ ਹੁਬਕੀਂ ਹੁਬਕੀਂ ਰੋਣ ਲੱਗੀ। ਵਿੱਚ ਵਿੱਚ ਕੁਝ ਬੋਲਦੀ, ਜਿਨ੍ਹਾਂ ਵਿੱਚੋਂ ਕੁਝ ਸ਼ਬਦ ਹੀ ਸਮਝ ਆਉਂਦੇ, '...ਕਿਹੜੇ ਰਾਹੀਂ ਤੁਰ ਪਿਆਂ ਵੇ ਤੂੰ... ਪਹਿਲਾਂ ਤੇਰੇ ਪਿਉ ਨੇ ਸਾਰੀ ਉਮਰ ਕੰਡਿਆਂ 'ਤੇ ਪਾਈ ਰੱਖਿਆ, ਹੁਣ ਤੂੰ ਵੀ ਉਹਦੀਆਂ ਪੈੜਾਂ 'ਤੇ ਚਲਾ ਗਿਆਂ, ਮੈਂ ਦੱਸ ਕਿੱਥੇ ਜਾਵਾਂ?' ਉਹ ਬੁਰੀ ਤਰ੍ਹਾਂ ਫਿੱਸ ਪਈ ਸੀ। ਦਿਲਬਾਗ ਨੇ ਮਾਂ ਨੂੰ ਚੁੱਪ ਕਰਵਾਇਆ ਤੇ ਆਖਣ ਲੱਗਾ, 'ਮਾਤਾ ਛੇਤੀ ਨਾਲ ਜ਼ਰੂਰੀ ਜਿਹਾ ਸਮਾਨ ਬੰਨ੍ਹ ਲੈ, ਮੈਂ ਤੈਨੂੰ ਆਪਣੇ ਕੋਲ ਲੈ ਚਲਦਾਂ। ਬਥੇਰੀ ਥਾਂ ਮੇਰੇ ਕੋਲ, ਹਵੇਲੀ ਵਰਗਾ ਘਰ ਆ ਮੇਰੇ ਕੋਲ ਉਥੇ ਰਹੀਂ।'

'ਹਵੇਲੀ' ਤਾਂ ਹੋਊ ਵੱਡੀ ਉਥੇ, ਪਰ ਉਥੇ ਮੈਂ ਇਕੱਲੀ ਕੀ ਕਰੂੰ। ਓਪਰਾ ਥਾਂ, ਨਾ ਮੈਨੂੰ ਕੋਈ ਜਾਣੇ ਨਾ ਪਛਾਣੇ। ਇੱਥੇ ਮੇਰੇ ਕੋਲ ਰੌਣਕ ਲੱਗੀ ਰਹਿੰਦੀ ਸਾਰਾ ਦਿਨ। ਕਦੀ ਕੋਈ ਆ ਗਈ, ਕਦੀ ਚਲੀ ਗਈ, ਮੇਰਾ ਵੀ ਦਿਲ ਲੱਗਿਆ ਰਹਿੰਦਾ। ਤੂੰ ਮਿਲ ਲਿਆ, ਇਹ ਚੰਗਾ ਹੋਇਆ, ਪਿਉ ਤੇਰੇ ਦਾ ਫੂੰਨ ਆ ਜਾਂਦਾ, ਤੇਰੇ ਬਾਰੇ ਈ ਗੱਲਾਂ ਕਰੀ ਜਾਂਦਾ।... ਵੇ ਦਿਲਬਾਗ ਤੂੰ ਵਿਆਹ ਈ ਕਰਵਾ ਲੈ ਕੋਈ ਰੋਟੀ ਪਕਾਉਣ ਵਾਲੀ ਤਾਂ ਹੋਵੇ ਤੇਰੇ ਕੋਲ। ਰੋਟੀ ਮਿਲ ਜਾਂਦੀ



ਟਾਈਮ ਸਿਰ?' ਦਿਲਬਾਗ ਕਾਹਲ ਵਿੱਚ ਸੀ, 'ਮਾਤਾ ਬਹੁਤੀਆਂ ਗੱਲਾਂ ਦਾ ਟਾਈਮ ਨੀ, ਤੂੰ ਜਲਦੀ ਕਰ।' ਮਾਤਾ ਦਾ ਮਨ ਹੁਣ ਟਿਕਾਣੇ ਸਿਰ ਹੋ ਗਿਆ ਸੀ, ਉਹ ਆਖਣ ਲੱਗੀ, 'ਤੂੰ ਨਿਕਲ ਜਾ ਦਿਲਬਾਗ ਜਲਦੀ, ਮੈਂ ਨੀ ਜਾਣਾ, ਮੈਂ ਇੱਥੇ ਈ ਰਹੂੰ ਆਪਣੇ ਘਰ 'ਚ... ਜਾਹ ਪੁੱਤ ਹੁਣ ਤੂੰ, ਤੈਨੂੰ ਕੋਈ ਵੇਖ ਨਾ ਲਵੇ। ਇੱਕ ਦਿਨ ਊਂ ਕਰਮਾ ਆਇਆ ਸੀ, ਆਖਦਾ ਸੀ ਦਿਲਬਾਗ ਨੂੰ ਪੇਸ਼ ਕਰਾ ਦਿੰਨੇ ਆਂ ਉਹਦਾ ਬਚਾਅ ਹੋ ਜੂ।' ਦਿਲਬਾਗ ਕੁਝ ਨਹੀਂ ਬੋਲਿਆ। ਉਹਨੇ ਮਾਂ ਦੇ ਪੈਰ ਛੂਹੇ ਤੇ ਪਿਛਲੇ ਪੈਰੀਂ ਤੁਰ ਪਿਆ। ਉਹਨੇ ਪਸ਼ੂਆਂ ਵਾਲੇ ਪਰਛੱਤੇ ਵੱਲ ਨਿਗਾਹ ਮਾਰੀ, ਮਾਂ ਨੇ ਡੰਗਰ ਵੱਛਾ ਵੇਚ ਦਿੱਤਾ ਸੀ। ਪੂਰਬੀਆ ਵੀ ਕਿਧਰੇ ਦਿਖਾਈ ਨਹੀਂ ਸੀ ਦਿੱਤਾ। ਉਹਨੇ ਗੱਡੀ ਸਟਾਰਟ ਕੀਤੀ ਤੇ ਤੇਜ਼ੀ ਨਾਲ ਘਰੋਂ ਬਾਹਰ ਨਿਕਲਿਆ। ਕਰੋਨਾ ਦੀ ਪਹਿਲੀ ਲਹਿਰ ਚੱਲ ਰਹੀ ਸੀ, ਪਰ ਸਖਤ ਪਾਬੰਦੀਆਂ ਦਾ ਦੌਰ ਖਤਮ ਹੋ ਰਿਹਾ ਸੀ।

ਵਾਪਸ ਪਰਤਦਿਆਂ ਸਾਰੇ ਰਾਹ ਮਾਂ ਦਾ ਚਿਹਰਾ ਉਹਦੀਆਂ ਅੱਖਾਂ ਵਿੱਚ ਘੁੰਮਦਾ ਰਿਹਾ। ਚਿਹਰੇ ਦੀਆਂ ਝੁਰੜੀਆਂ ਵਧ ਗਈਆਂ ਸਨ। ਵਾਲ ਥੋੜ੍ਹੇ ਜ਼ਿਆਦਾ ਸਫੈਦ ਹੋ ਗਏ ਸਨ, ਪਰ ਅੱਖਾਂ ਵਿੱਚ ਚਮਕ ਪਹਿਲਾਂ ਵਾਲੀ ਹੀ ਸੀ। ਕਾਫੀ ਦੂਰ ਤੱਕ ਉਹਨੂੰ ਮਹਿਸੂਸ ਹੁੰਦਾ ਰਿਹਾ ਜਿਵੇਂ ਮੋਹ ਦੀਆਂ ਤੰਦਾਂ ਪਿਛਾਂਹ ਨੂੰ ਖਿੱਚ ਰਹੀਆਂ ਹੋਣ। ਉਹ ਇਨ੍ਹਾਂ ਤੋਂ ਜਲਦੀ ਬਾਹਰ ਹੋਣਾ ਚਾਹੁੰਦਾ ਸੀ, ਪਰ ਇੱਕ ਸਕੂਨ ਜਿਹਾ ਦਿਲ 'ਤੇ ਤਾਰੀ ਸੀ। ਮਾਂ ਹੌਸਲੇ ਵਿੱਚ ਵੀ ਲੱਗੀ, ਡੰਗਰ ਵੱਛੇ ਪੱਖੋਂ ਘਰ ਭਾਵੇਂ ਖਾਲੀ ਸੀ, ਪਰ ਮਾਂ ਦੇ ਰੂਹਾਨੀ ਆਉਰੇ ਨਾਲ ਉਹ ਜਿਵੇਂ ਭਰਿਆ ਭਰਿਆ ਲੱਗਿਆ। ਕੁੱਲ ਮਿਲਾ ਕੇ ਦਿਲਬਾਗ ਨੂੰ ਤਸੱਲੀ ਹੋਈ।

---

ਕਰੋਨਾ ਦੀਆਂ ਪਾਬੰਦੀਆਂ ਨੇ ਜ਼ਿੰਦਗੀ ਧੀਮੀ ਕਰ ਦਿੱਤੀ ਸੀ। ਲੋਕ ਘਰਾਂ ਵਿੱਚ ਵਾੜ ਦਿੱਤੇ। ਇੱਕ ਵਾਰ ਤਾਂ ਪੂਰੀ ਜ਼ਿੰਦਗੀ ਦਾ ਪਹੀਆ ਰੁਕ ਗਿਆ। ਜਹਾਜ਼ ਰੁਕ ਗਏ, ਬੱਸਾਂ ਰੁਕ ਗਈਆਂ। ਰੇਲਾਂ ਦਾ ਚੱਕਾ ਜਾਮ ਹੋ ਗਿਆ। ਮਨੁੱਖੀ ਗਤੀਵਿਧੀ ਦੇ ਰੁਕ ਜਾਣ ਦਾ ਸਿੱਟਾ ਇਹ ਨਿਕਲਿਆ ਕਿ ਹਵਾ ਸੁਥਰੀ ਹੋ ਗਈ, ਨਦੀਆਂ ਮਨੁੱਖੀ ਮੈਲੇ ਤੋਂ ਮੁਕਤ ਹੋ ਗਈਆਂ, ਦਰਿਆਵਾਂ ਦੇ ਵਹਿਣ ਨਿਰਮਲ ਹੋ ਕੇ ਵਗਣ ਲੱਗੇ। ਆਸਮਾਨ ਵਧੇਰੇ ਨਿੱਖਰਿਆ ਵਿਖਾਈ ਦੇਣ ਲੱਗਾ। ਦਰੱਖਤਾਂ ਦੇ ਪੱਤਿਆਂ ਦੀ ਤਾਜ਼ਗੀ ਵਿੱਚੋਂ ਰੂਹਾਨੀ ਜਲੌਅ ਝਲਕਣ ਲੱਗਾ। ਦੂਜੇ ਪਾਸੇ ਰੋਜ਼ ਕਮਾ ਕੇ ਖਾਣ ਵਾਲਿਆਂ ਦੇ ਦਾਣੇ ਮੁੱਕ ਗਏ। ਰੋਟੀ ਦੇ ਲਲੇ ਪੈ ਗਏ। ਕੁਝ ਕਮਾਉਣ ਲਈ ਬਾਹਰ ਨਿਕਲਦੇ ਤਾਂ ਪੁਲਿਸ ਡੰਡਾ ਪਰੇਡ ਕਰਦੀ। ਪਰਵਾਸੀ ਮਜ਼ਦੂਰ ਅਮੁੱਕ ਪੈਂਡਿਆਂ 'ਤੇ ਤੁਰ ਪਏ। ਦਾਣਾ ਦੁੜਕਾ ਮੁੱਕ ਗਿਆ ਤਾਂ ਘਰ ਚੇਤੇ ਆ ਗਏ; ਭਾਵੇਂ ਘਰਾਂ ਦੇ ਚੂਹੇ ਵੀ ਭੁੱਖੇ ਸਨ। ਜਿਨ੍ਹਾਂ ਦੀ ਰੋਟੀ ਸੌਖੀ ਚਲਦੀ ਸੀ, ਉਹ ਕੁਦਰਤ ਦੀਆਂ ਸਿਫਤਾਂ ਕਰਨ ਲੱਗੇ; ਜਿਹੜੇ ਡੰਗ ਦੀ ਡੰਗ ਕਮਾ ਕੇ ਖਾਂਦੇ ਸਨ, ਉਹ ਉਨ੍ਹਾਂ ਦੀ ਡੰਗੋਰੀ ਟੁੱਟ ਗਈ।

ਕਰੋਨਾ ਦੇ ਇਸ ਭੈਅ ਨੂੰ ਕਿਸਾਨ ਲਹਿਰ ਨੇ ਤੋੜਿਆ। ਇਹ 2020 ਦਾ ਸਤੰਬਰ ਮਹੀਨਾ ਸੀ। ਦਿਨ ਵੇਲੇ ਹਾਲੇ ਵੀ ਕਾਫੀ ਗਰਮੀ ਹੁੰਦੀ। ਕੇਂਦਰ ਸਰਕਾਰ ਨੇ ਕਰੋਨਾ ਦੀ ਓਟ ਲੈ ਕੇ ਖੇਤੀ ਨੂੰ ਕਾਰਪੋਰੇਟ ਦੇ ਹਵਾਲੇ ਕਰਨ ਲਈ ਤਿੰਨ ਕਾਨੂੰਨ ਪਾਸ ਕਰ ਦਿੱਤੇ। ਕਰੋਨਾ ਦੀ ਲਹਿਰ ਨੇ ਜਿੱਥੇ ਹੋਰ ਕੰਮ ਕਾਰ ਵੀ ਮੱਠੇ ਪਾ ਦਿੱਤੇ ਸਨ, ਉਥੇ ਦਿਲਬਾਗ ਹੋਰਾਂ ਦੀ ਸਰਗਰਮੀ ਵੀ ਕਾਫੀ ਘਟਾ ਦਿੱਤੀ ਸੀ। ਦਿਲਬਾਗ ਨੇ ਦੂਜੇ ਮੁੰਡਿਆਂ ਨੂੰ ਆਹਰੇ ਲਾਈ ਰੱਖਣ ਲਈ ਦੋ ਮੱਝਾਂ ਤੇ ਇੱਕ ਵਲੈਤੀ ਗਾਂ ਲੈ ਦਿੱਤੀ। ਦੋਨੋਂ ਮੱਝਾਂ ਦੁੱਧ ਦਿੰਦੀਆਂ ਸਨ, ਗਾਂ ਹਾਲੇ ਹਰੀ ਨਹੀਂ ਸੀ ਹੋਈ, ਅੱਲ੍ਹੜ ਹੀ ਸੀ। ਇਨ੍ਹਾਂ ਪਸ਼ੂਆਂ ਲਈ ਉਨ੍ਹਾਂ ਕੁਝ ਮੁੱਲ ਦੇ ਪੱਠੇ ਲੈ ਲਏ ਸਨ। ਕਾਫੀ ਸਾਰਾ ਦੁੱਧ ਤਾਂ ਉਹ ਆਪ ਪੀ ਪੂ ਜਾਂਦੇ, ਬਚਦਾ ਇਸੇ ਪਿੰਡ ਦੇ ਘੁੱਕਰ ਹਲਵਾਈ ਨੂੰ ਵੇਚ ਆਉਂਦੇ। ਘੋੜੀਆਂ ਦਾ ਕਾਰੋਬਾਰ ਦਿਲਬਾਗ ਪਹਿਲਾਂ ਹੀ ਕਰ ਰਿਹਾ ਸੀ। ਪਹਿਲਾਂ ਕਰੋਨਾ ਨੇ ਅਤੇ ਬਾਅਦ ਵਿੱਚ ਕਿਸਾਨ ਲਹਿਰ ਨੇ ਜ਼ਿੰਦਗੀ ਰੋਕ ਲਈ। ਕਾਰੋਬਾਰੀ ਪਿੱਟਣ ਲੱਗੇ। ਘਾਟਿਆਂ ਦੇ ਹਿਸਾਬ-ਕਿਤਾਬ ਗਿਣਾਉਣ ਲੱਗੇ। ਲੰਮੇ ਸੰਘਰਸ਼ ਦੇ ਬਾਵਜੂਦ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਤਿਆਰ ਨਹੀਂ ਸੀ। ਪੰਜਾਬ ਦੀ ਕਾਂਗਰਸ ਸਰਕਾਰ ਵੀ ਕਿਸਾਨਾਂ ਨੂੰ ਆਪਣੀ ਐਜੀਟੇਸ਼ਨ ਅਗੇ ਵਧਾਉਣ ਵਿੱਚ ਤੂਲ ਦੇ ਰਹੀ ਸੀ। ਇਹ ਪ੍ਰੇਰਣਾ ਵੀ ਦੇ ਰਹੀ ਸੀ ਕਿ ਕਿਸਾਨ ਆਪਣਾ ਸੰਘਰਸ਼ ਕੇਂਦਰ ਸਰਕਾਰ ਦੇ ਖਿਲਾਫ ਸੇਧਤ ਕਰਨ, ਪੰਜਾਬ ਦੀ ਆਰਥਕ ਜ਼ਿੰਦਗੀ ਲੀਹੋਂ ਨਾ ਲਾਹੁਣ।

ਅਖੀਰ ਨਵੰਬਰ ਮਹੀਨੇ ਦੇ ਅੰਤ ਵਿੱਚ ਕਿਸਾਨਾਂ ਨੇ ਦਿੱਲੀ ਜਾਣ ਦਾ ਫੈਸਲਾ ਕਰ ਲਿਆ। ਟਰੈਕਟਰਾਂ ਦੀਆਂ ਲਾਈਨਾਂ ਦਿੱਲੀ ਵੱਲ ਤੁਰ ਪਈਆਂ। ਇੰਜ ਲਗਦਾ ਸੀ ਜਿਵੇਂ ਸਾਰਾ ਪੰਜਾਬ ਟਰੈਕਟਰਾਂ 'ਤੇ ਸਵਾਰ ਹੋ ਗਿਆ ਹੋਵੇ। ਦਿਲਬਾਗ ਨੇ ਦੋਨੋ ਮੁੰਡੇ ਕਿਸਾਨਾਂ ਦੇ ਨਾਲ ਦਿੱਲੀ ਵੱਲ ਤੋਰ ਦਿੱਤੇ। ਘਰ ਪਸ਼ੂਆਂ ਲਈ ਇੱਕ ਪੂਰਬੀਆ ਰੱਖ ਲਿਆ। ਕੁਝ ਕੰਮ ਕਾਰ ਉਹ ਆਪ ਕਰ ਲੈਂਦਾ। ਕਰੋਨਾ ਕਾਰਨ ਸਕੂਲ ਬੰਦ ਹੋ ਗਏ। ਸਿਮਰਨ ਦਾ ਆਉਣਾ-ਜਾਣਾ ਵੀ ਬੰਦ ਹੋ ਗਿਆ। ਪਹਿਲੇ ਕੁਝ ਦਿਨ ਤਾਂ ਦਿਲਬਾਗ ਵੇਲੇ ਸਿਰ ਸਿਮਰਨ ਨੂੰ ਪਹਿਲਾ ਵਾਂਗ ਹੀ ਉਡੀਕਦਾ, ਫਿਰ ਉਸ ਨੂੰ ਯਾਦ ਆਉਂਦਾ ਪਈ ਕਰੋਨਾ ਨਾਲ ਸਕੂਲ ਤਾਂ ਬੰਦ ਪਏ ਹਨ। ਵੀਰਦੀਪ ਵੀ ਦਿਲਬਾਗ ਦੀ ਖ਼ਬਰ ਸਾਰ ਤੋਂ ਹੁਣ ਵਾਂਝਾ ਹੋ ਗਿਆ ਸੀ। ਉਹਨੂੰ ਦਿਲਬਾਗ ਦੀ ਫਿਕਰ ਹੋਣ ਲੱਗੀ। ਇੱਕ ਦਿਨ ਉਹ ਦਿਲਬਾਗ ਦੇ ਪਿੰਡ ਉਸ ਦੀ ਮਾਤਾ ਦੀ ਖ਼ਬਰ ਲੈਣ ਚਲਾ ਗਿਆ। ਮਾਤਾ ਵਿਹੜਾ ਲੰਘ ਕੇ ਬਣੀ ਸਾਹਮਣੀ ਸਬਾਤ ਵਿੱਚ ਬੈਠੀ ਸੀ। ਉਹ ਕੁਝ ਬੁਣ ਰਹੀ ਸੀ। ਮੁੰਡੇ ਨੇ ਮਾਂ ਦੇ ਪੈਰ ਛੂਹੇ। ਮਾਤਾ ਨੇ ਵੀਰਦੀਪ ਦਾ ਸਿਰ ਪਲੋਸਿਆ। ਉਹ ਕਰਮੇ ਤੇ ਨਵਜੋਤ ਦੀ ਸੁੱਖ ਸਾਂਦ ਪੁੱਛਣ ਲੱਗੀ। ਮਾਤਾ ਉੱਠ ਕੇ ਰਸੋਈ ਵੱਲ ਪਾਣੀ ਲੈਣ ਵਾਸਤੇ ਜਾਣ ਲੱਗੀ, ਵੀਰਦੀਪ ਨੇ ਰੋਕ ਦਿੱਤਾ, 'ਮੈਂ ਆਪੇ ਪੀ ਲੈਨਾ ਪਾਣੀ ਮਾਤਾ ਤੂੰ ਬੈਠ', ਉਹ ਰਸੋਈ ਵੱਲ ਤੁਰ ਪਿਆ। ਵੀਰਦੀਪ ਨੇ ਪਾਣੀ ਦਾ ਗਿਲਾਸ ਪੀਤਾ, ਮਾਤਾ ਉਹਦੇ ਮਗਰੇ ਰਸੋਈ ਵਿੱਚ ਆ ਗਈ। ਉਹਨੇ ਚਾਹ ਧਰ ਲਈ। ਉਹ ਵੀਰਦੀਪ ਨਾਲ ਛੋਟੀਆਂ ਛੋਟੀਆਂ ਗੱਲਾਂ ਕਰਨ ਲੱਗੀ। ਉਹਨੇ ਦੱਸਿਆ ਕਿ ਦਿਲਬਾਗ ਆਇਆ ਸੀ ਇੱਕ ਦਿਨ, ਮੈਨੂੰ ਨਾਲ ਜਾਣ ਲਈ ਆਖਦਾ ਸੀ। ਮੈਂ ਆਖਿਆ, ਪੁੱਤ ਜਿੰਨਾ ਚਿਰ ਮੈਂ ਜਿਉਂਨੀ ਆਂ, ਉਨਾ ਚਿਰ ਤਾਂ ਇਸ ਘਰ ਦਾ ਦਰਵਾਜ਼ਾ ਖੁੱਲ੍ਹਾ ਰਹੂ, ਜਿਸ ਦਿਨ ਅੱਖਾਂ ਮੀਟ ਗਈ, ਫਿਰ ਰੱਬ ਰਾਖਾ। 'ਤੂੰ ਚਲੀ ਜਾਣਾ ਸੀ ਮਾਤਾ, ਇਥੇ ਇਕੱਲੀ ਹੱਥ ਫੂਕਦੀਂ' ਵੀਰਦੀਪ ਨੇ ਦਲੀਲ ਦਿੱਤੀ।

'ਦਿਲਬਾਗ ਨੇ ਕਿਹੜਾ ਚੂੜੇ ਵਾਲੀ ਲੈ ਆਂਦੀ ਬਈ ਮੈਨੂੰ ਪੱਕੀਆਂ ਪਕਾਈਆਂ ਖਵਾਊ, ਉਥੇ ਵੀ ਤਾਂ ਆਪੇ ਹੱਥ ਫੂਕਣੇ, ਸਗੋਂ ਚਹੁੰ ਜਣਿਆਂ ਦੀਆਂ ਹੋਰ ਲਾਹੁਣੀਆਂ ਪੈਣਗੀਆਂ।' ਮਾਤਾ ਨੇ ਕੰਮ ਦੀ ਗੱਲ ਕੀਤੀ।

ਵੀਰਦੀਪ ਹੱਥ 'ਤੇ ਹੱਥ ਮਾਰ ਕੇ ਹੱਸਣ ਲੱਗਾ, 'ਗੱਲ ਤਾਂ ਤੇਰੀ ਠੀਕ ਆ ਮਾਤਾ ਊਂ।'

'ਤੂੰ ਆਪ ਤਾਂ ਵਕੀਲ ਬਣ ਗਿਆਂ ਵੀਰੂ, ਮੇਰਾ ਮੁੰਡਾ ਦੇਖਲਾ ਔਝੜੀਂ ਪਾ ਦਿੱਤਾ' ਮਾਤਾ ਹੁਣ ਲਾਡ ਨਾਲ ਬੋਲਣ ਲੱਗੀ।

'ਮੈਂ ਕਾਹਨੂੰ ਪਾ ਤਾ ਮਾਤਾ, ਪਹਿਲਾਂ ਤੋਂ ਈ ਦਿਲਬਾਗ ਦਾ ਸੁਭਾਅ ਅੱਥਰਾ ਰਿਹਾ, ਮੇਰੇ ਕਹਿੰਦੇ ਕਹਿੰਦੇ ਵੀ ਕੋਈ ਨਾ ਕੋਈ ਗਲਤੀ ਕਰ ਬਹਿੰਦਾ ਸੀ।' ਵੀਰਦੀਪ ਨੇ ਉੱਤਰ ਦਿੱਤਾ।

'ਤੂੰ ਹੁਣ ਬਥੇਰਾ ਕਾਨੂੰਨ ਪੜ੍ਹ ਲਿਆ ਵੀਰਦੀਪ, ਹੁਣ ਕਰ ਕੋਈ ਹੀਲਾ ਉਹਨੂੰ ਘਰ ਮੋੜ ਕੇ ਲਿਆਉਣ ਦਾ, ਵਿਆਹ ਵਿਊਹ ਕਰੀਏ ਫੇਰ ਉਹਦਾ, ਮੈਨੂੰ ਵੀ ਕੁਝ ਸੁਖ ਦਾ ਸਾਹ ਆਵੇ' ਮਾਤਾ ਨੇ ਦਿਲ ਦੀਆਂ ਹਸਰਤਾਂ ਮੁੰਡੇ ਕੋਲ ਖੋਲ੍ਹਣੀਆਂ ਸ਼ੁਰੂ ਕੀਤੀਆਂ।

'ਸਭ ਠੀਕ ਹੋ ਜਾਣਾ ਬੀਬੀ, ਮੈਂ ਵੇਖੀ ਹੋਈ ਕੁੜੀ ਦਿਲਬਾਗ ਵਾਸਤੇ, ਜਲਦੀ ਨੂੰਹ ਬਣਾ ਦੇਣੀ ਤੇਰੀ' ਦਿਲਬਾਗ ਨੇ ਮਾਂ ਦਾ ਦਿਲ ਖੁਸ਼ ਕੀਤਾ।

'ਕਿਉਂ ਮੇਰਾ ਚਿੱਤ ਪਰਚਾਈ ਜਾਨਾਂ ਝੂਠੀਓਂ, ਅਖੇ ਅੰਨ੍ਹਾ ਜੁਲਾਹਾ ਮਾਂ ਨਾਲ ਮਸ਼ਕਰੀਆਂ' ਮਾਤਾ ਗੱਲਾਂ ਕਰਦਿਆਂ ਇੰਨੀ ਨਿੱਘੀ ਹੋ ਗਈ ਕਿ ਵੀਰਦੀਪ ਵਿਚੋਂ ਉਹਨੂੰ ਆਪਣਾ ਦਿਲਬਾਗ ਦਿਸਣ ਲੱਗਾ।

'ਝੂਠੀਓਂ ਨੀ ਮਾਤਾ, ਜੇ ਕਹੇਂ ਤਾਂ ਤੈਨੂੰ ਮਿਲਾ ਦੂੰ ਕਿਤੇ ਮੈਂ ਕੁੜੀ ਨੂੰ' ਵੀਰਦੀਪ ਨੇ ਕੁਝ ਵਧਵੀਂ ਗੱਲ ਕੀਤੀ।

'ਤੇਰਾ ਈ ਮੂੰਹ ਬਖਤਾਵਰ ਹੋਵੇ ਪੁੱਤਾ, ਜੇ ਇਉਂ ਹੋ ਜਾਵੇ, ਮੈਂ ਜਿਉਂਦਿਆਂ 'ਚ ਹੋ ਜਾਵਾਂ' ਮਾਤਾ ਨੇ ਤਰਸੇਵਾਂ ਪ੍ਰਗਟਾਇਆ।

'ਧੀਰਜ ਰੱਖ ਬੀਬੀ, ਇਉਂ ਈ ਹੋਊ' ਇੰਨਾ ਆਖ ਕੇ ਵੀਰਦੀਪ ਜਾਣ ਲਈ ਉੱਠ ਖਲੋਤਾ।

'ਬਹਿ ਜਾ ਹਾਲੇ, ਕਦ ਆਇਆ ਕਦ ਚੱਲਿਆ ਵੀ' ਮਾਂ ਬੋਲ ਰਹੀ ਸੀ।

'ਨਹੀਂ ਮੈਂ ਚਾਚੇ ਨੂੰ ਦੱਸ ਕੇ ਨੀ ਆਇਆ ਮਾਤਾ, ਉਡੀਕਦਾ ਹੋਣਾ' ਵੀਰਦੀਪ ਆਖਣ ਲੱਗਾ।

'ਚਲ ਚੰਗਾ ਫਿਰ, ਜਲਦੀ ਗੇੜਾ ਮਾਰੀਂ ਦੁਬਾਰਾ' ਮਾਤਾ ਵੀਰਦੀਪ ਨੂੰ ਜਿਵੇਂ ਤਾੜ ਕੇ ਕਿਹਾ।

ਵੀਰਦੀਪ ਨੇ ਬੀਬੀ ਨੂੰ ਫਤਹਿ ਬੁਲਾਈ। ਉਹ ਗੇਟੋਂ ਬਾਹਰ ਹੋ ਗਿਆ। ਤੁਰਦਿਆਂ ਉਹਦਾ ਦਿਲ ਕਰੇ ਥੋੜ੍ਹਾ ਚਿਰ ਹੋਰ ਬੈਠ ਜਾਂਦਾ ਮਾਤਾ ਕੋਲੇ। ਕਿੰਨੀ ਸਕੂਨਮਈ ਹੈ ਦਿਲਬਾਗ ਦੀ ਬੀਬੀ ਦੀ ਸੰਗਤ। ਘਰ ਕੋਈ ਵੀ ਨਹੀਂ ਪਰ ਫਿਰ ਵੀ ਐਂ ਲਗਦਾ ਜਿਵੇਂ ਘਰ ਮੋਹ ਮਿੱਠੀਆਂ ਆਵਾਜ਼ਾਂ ਨਾਲ ਭਰਿਆ ਪਿਆ ਹੋਵੇ। ਅੰਦਰੋਂ ਬਾਹਰ ਆਉਣ ਨੂੰ ਦਿਲ ਨਹੀਂ ਸੀ ਕਰਦਾ, ਜਣੀ ਉਥੇ ਹੀ ਬੈਠਾ ਰਹਾਂ। ਵੀਰਦੀਪ ਆਪ ਤਾਂ ਭਾਵੇਂ ਕਿਸਾਨ ਲਹਿਰ ਵਿੱਚ ਸ਼ਾਮਲ ਨਹੀਂ ਸੀ ਹੋਇਆ, ਪਰ ਉਹ ਇਸ ਨੂੰ ਨੇੜੇ ਤੋਂ ਵੇਖ ਰਿਹਾ ਸੀ। ਉਹਨੂੰ ਇਹਦੇ ਵਿੱਚੋਂ ਕੋਈ ਆਸ ਦੀ ਕਿਰਨ ਵਿਖਾਈ ਦੇਣ

⇒ ***ਬਾਕੀ ਅਗਲੇ ਸਫੇ ਉਤੇ ਪੜ੍ਹੋ***

# ਬ੍ਰਾਜ਼ੀਲ ਵਿੱਚ ਵੀ ਕਾਇਮ ਹੈ ਪੰਜਾਬੀਆਂ ਦੀ ਮੜ੍ਹਕ


ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



***ਬ੍ਰਾਜ਼ੀਲ ਵਿੱਚ ਸਭ ਤੋਂ ਪਹਿਲਾ ਪੰਜਾਬੀ ਸ਼ਖ਼ਸ ਵੀਹਵੀਂ ਸਦੀ ਦੀ ਸ਼ੁਰੂਆਤ ਵਿੱਚ ਪੁੱਜਿਆ ਮੰਨਿਆ ਜਾਂਦਾ ਹੈ। ਬਾਅਦ ਵਿੱਚ ਆਏ ਪੰਜਾਬੀ ਬ੍ਰਾਜ਼ੀਲ ਦੇ ਦੱਖਣੀ ਹਿੱਸੇ ਵਿੱਚ ਸਥਿਤ 'ਪਰਾਨਾ' ਨਾਮੀਂ ਰਾਜ ਵਿੱਚ ਹੀ ਵੱਸਦੇ ਗਏ ਸਨ। ਸਿੱਖ ਭਾਈਚਾਰੇ ਨੇ ਸਿੱਖ ਕੌਮ ਦੇ ਸਿਧਾਂਤਾਂ ਨੂੰ ਬ੍ਰਾਜ਼ੀਲ ਦੇ ਸਮਾਜ ਵਿੱਚ ਕਾਇਮ ਰੱਖਣ, ਪ੍ਰਚਾਰਨ ਅਤੇ ਪ੍ਰਸਾਰਨ ਕਰਨ ਲਈ ਕਰੜੀ ਘਾਲਣਾ ਘਾਲੀ ਹੈ। ਇੱਥੋਂ ਦੇ ਕਿਊਰੀਟਿਬੀਆ ਸ਼ਹਿਰ ਵਿੱਚ 'ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ' ਬ੍ਰਾਜ਼ੀਲ ਵਿਖੇ ਸਥਿਤ ਸਾਰੇ ਗੁਰਦੁਆਰਾ ਸਾਹਿਬਾਨ ਵਿੱਚੋਂ ਸਭ ਤੋਂ ਵੱਡਾ ਗੁਰਦੁਆਰਾ ਹੋਣ ਦਾ ਸ਼ਰਫ਼ ਰੱਖਦਾ ਹੈ। ਪੇਸ਼ ਹੈ, ਬ੍ਰਾਜ਼ੀਲ ਵਿੱਚ ਪੰਜਾਬੀਆਂ ਬਾਰੇ ਸੰਖੇਪ ਵੇਰਵਾ...***

ਖੇਤਰਫ਼ਲ ਪੱਖੋਂ ਬ੍ਰਾਜ਼ੀਲ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਦੇਸ਼ ਹੈ ਤੇ ਜਨਸੰਖਿਆ ਪੱਖੋਂ ਦੁਨੀਆਂ ਵਿੱਚ ਇਸਦਾ ਨੰਬਰ ਸੱਤਵਾਂ ਹੈ। ਇਸਦੀ ਰਾਜਧਾਨੀ ਬ੍ਰਾਜ਼ੀਲੀਆ ਹੈ ਤੇ ਇਹ 26 ਰਾਜਾਂ ਨੂੰ ਜੋੜ ਕੇ ਬਣਿਆ ਲਾਤੀਨੀ ਅਮਰੀਕਾ ਦਾ ਮੁਲਕ ਹੈ। ਇਹ ਅਮਰੀਕੀ ਖਿੱਤੇ ਦਾ ਇਕਲੌਤਾ ਅਜਿਹਾ ਮੁਲਕ ਹੈ, ਜਿੱਥੋਂ ਦੀ ਰਾਜ ਭਾਸ਼ਾ ਪੁਰਤਗਾਲੀ ਹੈ। ਇੱਥੇ ਲਗਪਗ ਇੱਕ ਸਦੀ ਤੱਕ ਦੁਨੀਆਂ ਦੇ ਵੱਖ-ਵੱਖ ਮੁਲਕਾਂ ਦੇ ਬਾਸ਼ਿੰਦੇ ਆ ਕੇ ਵੱਸਦੇ ਰਹੇ ਹਨ, ਜਿਸ ਕਰਕੇ ਇੱਥੇ ਕਈ ਤਰ੍ਹਾਂ ਦਾ ਸੱਭਿਆਚਾਰ ਵੇਖਣ ਨੂੰ ਮਿਲਦਾ ਹੈ। ਇੱਥੇ ਮਿਲਦੀ ਭਾਰਤੀ ਤੇ ਪੰਜਾਬੀ ਸੱਭਿਆਚਾਰ ਦੀ ਝਲਕ ਇਹ ਸਾਬਿਤ ਕਰਦੀ ਹੈ ਕਿ ਪੰਜਾਬੀਆਂ ਨੇ ਇਸ ਮੁਲਕ ਵਿੱਚ ਵੀ ਆਪਣੀ ਵੱਖਰੀ ਪਛਾਣ ਦੇ ਚਿੰਨ੍ਹ ਸਥਾਪਿਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਹੈ।




ਸਵਰਨ ਸਿੰਘ ਕਾਹਲੋਂ ਦੀ ਪੁਸਤਕ 'ਸਿੱਖਜ਼ ਇਨ ਲੈਟਿਨ ਅਮੈਰਿਕਾ'

ਬ੍ਰਾਜ਼ੀਲ ਵਿੱਚ ਪੰਜਾਬੀਆਂ ਦੀ ਆਬਾਦੀ ਕੋਈ ਬਹੁਤ ਜ਼ਿਆਦਾ ਨਹੀਂ ਹੈ ਤੇ ਇੱਕ ਅੰਦਾਜ਼ੇ ਮੁਤਾਬਿਕ ਚਾਰ ਸੌ ਦੇ ਕਰੀਬ ਪੰਜਾਬੀ ਇਸ ਮੁਲਕ ਵਿੱਚ ਵੱਸਦੇ ਹਨ। ਇੱਥੇ ਸਭ ਤੋਂ ਪਹਿਲਾ ਪੰਜਾਬੀ ਸ਼ਖ਼ਸ ਵੀਹਵੀਂ ਸਦੀ ਦੀ ਸ਼ੁਰੂਆਤ ਵਿੱਚ ਪੁੱਜਿਆ ਮੰਨਿਆ ਜਾਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਪੰਜਾਬ ਤੋਂ ਇੱਥੇ ਆਪਣਾ ਸੁਨਹਿਰਾ ਭਵਿੱਖ ਤਲਾਸ਼ਣ ਆਏ ਜ਼ਿਆਦਾਤਰ ਪੰਜਾਬੀ ਬੰਦੇ ਇਸ ਮੁਲਕ ਦੇ ਦੱਖਣੀ ਹਿੱਸੇ ਵਿੱਚ ਸਥਿਤ 'ਪਰਾਨਾ' ਨਾਮੀਂ ਰਾਜ ਵਿੱਚ ਹੀ ਵੱਸਦੇ ਗਏ ਸਨ। ਇੱਕ ਹੋਰ ਦਿਲਚਸਪ ਤੱਥ ਇਹ ਵੀ ਹੈ ਕਿ ਕੁਝ ਕੁ ਪੰਜਾਬੀ ਨੌਜਵਾਨ ਇੱਥੇ ਆਏ ਜ਼ਰੂਰ ਸਨ, ਪਰ ਵੱਸਣ ਲਈ ਨਹੀਂ, ਸਗੋਂ ਬ੍ਰਾਜ਼ੀਲ ਦੇ ਰਸਤੇ ਅਰਜਨਟੀਨਾ ਤੱਕ ਪੁੱਜਣ ਲਈ ਆਏ ਸਨ। ਸ. ਸਵਰਨ ਸਿੰਘ ਕਾਹਲੋਂ ਵੱਲੋਂ ਲਿਖੀ ਪੁਸਤਕ 'ਸਿੱਖਜ਼ ਇਨ ਲੈਟਿਨ ਅਮੈਰਿਕਾ' ਵਿੱਚ ਲੇਖਕ ਨੇ ਬ੍ਰਾਜ਼ੀਲ ਸਮੇਤ ਲਾਤੀਨੀ ਅਮਰੀਕਾ ਵਿੱਚ ਸਿੱਖਾਂ ਦੇ ਇਤਿਹਾਸ ਤੇ ਸੱਭਿਆਚਾਰ ਬਾਰੇ ਵਿਸਥਾਰਤ ਜਾਣਕਾਰੀ ਦਰਜ ਕੀਤੀ ਹੈ। ਲੇਖਕ ਨੇ ਇਸ ਖਿੱਤੇ ਵਿੱਚ ਪੰਜਾਬੀਆਂ, ਖ਼ਾਸ ਕਰਕੇ ਸਿੱਖਾਂ ਨੂੰ ਆਪਣੀਆਂ ਧਾਰਮਿਕ ਤੇ ਸੱਭਿਆਚਾਰਕ ਪਰੰਪਰਾਵਾਂ ਦੀ ਰਾਖੀ ਤੇ ਸਾਂਭ-ਸੰਭਾਲ ਕਰਨ ਵਿੱਚ ਦਰਪੇਸ਼ ਮੁਸ਼ਕਿਲਾਂ ਦਾ ਅਤੇ ਉਨ੍ਹਾਂ ਮੁਸ਼ਕਿਲਾਂ ਦੇ ਮੱਦੇਨਜ਼ਰ ਕੀਤੇ ਗਏ ਸੰਘਰਸ਼ ਦਾ ਵੇਰਵਾ ਵੀ ਆਪਣੀ ਇਸ ਸਾਂਭਣਯੋਗ ਪੁਸਤਕ ਵਿੱਚ ਦਰਜ ਕੀਤਾ ਹੈ।

ਦੱਸਿਆ ਜਾਂਦਾ ਹੈ ਕਿ ਸਿੱਖਾਂ ਦੀ ਕੌਮ ਤਾਂ ਮੁੱਢ ਤੋਂ ਹੀ ਸੱਚਾਈ, ਬਰਾਬਰੀ ਅਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਦੀ ਪਾਲਣਾ ਕਰਦੀ ਆਈ ਹੈ ਤੇ ਇਨ੍ਹਾਂ ਸਿਧਾਂਤਾਂ ਨੂੰ ਇਸ ਕੌਮ ਨੇ ਬ੍ਰਾਜ਼ੀਲ ਦੇ ਸਮਾਜ ਵਿੱਚ ਕਾਇਮ ਰੱਖਣ, ਪ੍ਰਚਾਰਨ ਅਤੇ ਪ੍ਰਸਾਰਨ ਕਰਨ ਲਈ ਕਰੜੀ ਘਾਲਣਾ ਘਾਲੀ ਹੈ। ਸੰਨ 2018 ਵਿੱਚ ਬ੍ਰਾਜ਼ੀਲੀ ਸਿੱਖਾਂ (ਬ੍ਰਾਜ਼ੀਲ ਦੇ ਨਾਗਰਿਕ ਜਿਨ੍ਹਾਂ ਨੇ ਅੰਮ੍ਰਿਤਪਾਨ ਕਰਕੇ ਸਿੱਖ ਧਰਮ ਧਾਰਨ ਕੀਤਾ ਸੀ) ਦਾ ਇੱਕ ਵਫ਼ਦ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਜ਼ਿਆਰਤ ਲਈ ਵੀ ਪੁੱਜਾ ਸੀ ਤੇ ਇਸ ਵਫ਼ਦ ਨੇ ਸਿੱਖ ਕੌਮ ਅੰਦਰ ਮਰਦ ਤੇ ਇਸਤਰੀ ਦੀ ਬਰਾਬਰੀ ਦੇ ਸਿਧਾਂਤ ਦੀ ਖੁੱਲ੍ਹ ਕੇ ਵਕਾਲਤ ਕੀਤੀ ਸੀ ਅਤੇ ਪੰਜਾਬੀਆਂ ਨੂੰ ਭਰੂਣ ਹੱਤਿਆ 'ਤੇ ਰੋਕ ਲਗਾਉਣ ਲਈ ਪ੍ਰੇਰਿਤ ਕੀਤਾ ਸੀ। ਇਸ ਵਫ਼ਦ ਨੇ ਸਿੱਖਾਂ ਦੀਆਂ ਕੁਝ ਇੱਕ ਧਾਰਮਿਕ ਰਸਮਾਂ ਵਿੱਚ ਔਰਤਾਂ ਦੀ ਸ਼ਮੂਲੀਅਤ 'ਤੇ ਲੱਗੀਆਂ ਪਾਬੰਦੀਆਂ ਨੂੰ ਹਟਾਉਣ ਦੀ ਵਕਾਲਤ ਵੀ ਕੀਤੀ ਸੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕਿਉਂਕਿ ਵੀਹਵੀਂ ਸਦੀ ਦੀ ਸ਼ੁਰੂਆਤ ਵਿੱਚ ਇਥੇ ਪੰਜਾਬੀਆਂ ਦੀ ਸੰਖਿਆ ਬਹੁਤ ਹੀ ਘੱਟ ਸੀ, ਇਸ ਲਈ ਇੱਥੇ ਵੱਸਣ ਵਾਲੇ ਪੰਜਾਬੀਆਂ ਨੂੰ ਗ਼ੈਰ-ਸਿੱਖ ਅਤੇ ਗ਼ੈਰ-ਪੰਜਾਬੀ ਮੁਟਿਆਰਾਂ ਨਾਲ ਸ਼ਾਦੀ ਕਰਨ ਲਈ ਮਜਬੂਰ ਹੋਣਾ ਪਿਆ ਸੀ।

ਪੰਜਾਬੀਆਂ ਦਾ ਇਹ ਸੁਭਾਅ ਹੈ ਕਿ ਇਹ ਜਿਸ ਵੀ ਮੁਲਕ ਵਿੱਚ ਜਾ ਵੱਸਦੇ ਹਨ, ਉਥੇ ਆਪਣੇ ਗੁਰੂ ਸਾਹਿਬਾਨਾਂ ਨੂੰ ਯਾਦ ਕਰਨ ਹਿਤ ਅਤੇ ਆਪਣੀ ਧਾਰਮਿਕ ਪਛਾਣ ਕਾਇਮ ਰੱਖਣ ਲਈ ਗੁਰਦੁਆਰਾ ਸਾਹਿਬ ਦੀ ਸਥਾਪਨਾ ਜ਼ਰੂਰ ਕਰਦੇ ਹਨ। ਸੋ ਦੱਖਣ ਅਮਰੀਕੀ ਖਿੱਤੇ ਵਿੱਚ ਸਥਿਤ ਇਸ ਮੁਲਕ ਵਿੱਚ ਵੀ ਪੰਜਾਬੀਆਂ ਨੇ ਇੱਕ ਤੋਂ ਵੱਧ ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਕਰਨ ਹਿਤ ਕੋਈ ਕਸਰ ਨਹੀਂ ਛੱਡੀ ਹੈ। ਇੱਥੋਂ ਦੇ ਕਿਊਰੀਟਿਬੀਆ ਸ਼ਹਿਰ ਵਿੱਚ 'ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ' ਦੀ ਸਥਾਪਨਾ ਕੀਤੀ ਗਈ ਸੀ ਅਤੇ ਇਹ ਗੁਰਦੁਆਰਾ ਬ੍ਰਾਜ਼ੀਲ ਵਿਖੇ ਸਥਿਤ ਸਾਰੇ ਗੁਰਦੁਆਰਾ ਸਾਹਿਬਾਨਾਂ ਵਿੱਚੋਂ ਸਭ ਤੋਂ ਵੱਡਾ ਗੁਰਦੁਆਰਾ ਹੋਣ ਦਾ ਸ਼ਰਫ਼ ਰੱਖਦਾ ਹੈ। ਇਹ ਗੁਰਦੁਆਰਾ ਮਾਤਾ ਸੁਬੇਗ ਕੌਰ ਖ਼ਾਲਸਾ ਅਤੇ ਸਵਰਗਵਾਸੀ ਭਾਈ ਗੁਰਸੇਵਕ ਸਿੰਘ ਖ਼ਾਲਸਾ ਦੀ 20 ਸਾਲ ਦੀ ਘਾਲਣਾ ਤੇ ਸਿਆਣਪ ਭਰੀ ਯੋਜਨਾਬੰਦੀ ਦਾ ਸਿੱਟਾ ਹੈ। ਇਹ ਜੋੜਾ ਅਮਰੀਕਾ ਤੋਂ ਸ੍ਰੀ



ਹਰਿਮੰਦਰ ਸਾਹਿਬ ਦੀ ਜ਼ਿਆਰਤ ਸਮੇਂ ਬ੍ਰਾਜ਼ੀਲੀ ਸਿੱਖਾਂ ਦਾ ਇੱਕ ਵਫ਼ਦ

ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੈ ਕੇ ਬ੍ਰਾਜ਼ੀਲ ਆਇਆ ਸੀ।

ਚੇਤੇ ਰਹੇ, ਸਾਲ 2020 ਵਿੱਚ ਬ੍ਰਾਜ਼ੀਲ ਵਿਖੇ ਵੱਸਣ ਵਾਲੇ ਭਾਰਤੀਆਂ ਦੀ ਸੰਖਿਆ 23 ਹਜ਼ਾਰ ਤੋਂ ਵੱਧ ਸੀ, ਪਰ ਸੰਨ 2018 ਤੱਕ ਇੱਥੇ ਪੰਜਾਬੀਆਂ ਦੀ ਸੰਖਿਆ ਕੇਵਲ 300 ਸੀ। ਜ਼ਿਕਰਯੋਗ ਹੈ ਕਿ ਸੰਨ 1990 ਵਿੱਚ ਜਨਮੀ ਨਥੇਲਿਆ ਕੌਰ ਬ੍ਰਾਜ਼ੀਲ ਦੀ ਇੱਕ ਉੱਘੀ ਮਾਡਲ, ਅਦਾਕਾਰ ਅਤੇ ਓਪੇਰਾ ਸਿੰਗਰ ਹੈ ਤੇ ਬਾਲੀਵੁੱਡ ਫ਼ਿਲਮਾਂ ਵਿੱਚ ਵੀ ਕੰਮ ਕਰ ਚੁੱਕੀ ਹੈ। 25 ਫ਼ਰਵਰੀ 2017 ਨੂੰ ਬ੍ਰਾਜ਼ੀਲ ਦੇ ਦੁਨੀਆਂ ਭਰ ਵਿੱਚ ਮਸ਼ਹੂਰ 'ਕਾਰਨੀਵਲ' ਦੌਰਾਨ ਉੱਥੋਂ ਦੇ ਪ੍ਰਸਿੱਧ 'ਸਾਂਬਾ' ਨਾਚ ਦੌਰਾਨ ਪਹਿਲੀ ਵਾਰ ਇੱਕ ਇਤਿਹਾਸ ਰਚਿਆ ਗਿਆ ਸੀ। ਉਸ ਮੌਕੇ 'ਸਾਓ ਪੌਲੋ' ਨਾਮਕ ਇਲਾਕੇ ਵਿੱਚ 'ਸਾਂਬਾ' ਨਾਚ ਦੀਆਂ ਧੁਨਾਂ ਦੇ ਵਿੱਚ ਹੀ 'ਭੰਗੜੇ' ਦੀ ਤਾਲ ਸ਼ਾਮਿਲ ਕਰਕੇ ਬ੍ਰਾਜ਼ੀਲ ਦੇ ਵਾਸੀਆਂ ਨੇ ਭੰਗੜੇ ਦਾ ਅਨੰਦ ਲਿਆ ਸੀ ਤੇ ਹੈਰਾਨੀ ਦੀ ਗੱਲ ਇਹ ਵੀ ਸੀ ਕਿ ਉੱਥੇ ਹਾਜ਼ਰ ਸਮੂਹ ਲੋਕਾਂ ਨੇ ਪੰਜਾਬੀ ਪਹਿਰਾਵਾ ਵੀ ਪਹਿਨਿਆ ਹੋਇਆ ਸੀ। ਉਂਜ ਰਾਜ਼ ਦੀ ਗੱਲ ਇਹ ਵੀ ਹੈ ਕਿ ਇਸ ਤੋਂ ਪਹਿਲਾਂ ਅਜਿਹਾ ਪਹਿਲੀ ਵਾਰ ਸੰਨ 2016 ਦੇ ਕਾਰਨੀਵਲ ਦੌਰਾਨ ਵਾਪਰਿਆ ਸੀ ਤੇ ਉਦੋਂ ਇੱਥੇ ਭੰਗੜਾ ਅਤੇ ਬਾਲੀਵੁੱਡ ਨਾਚ ਪੂਰੇ ਜ਼ੋਰ-ਸ਼ੋਰ ਨਾਲ ਪੇਸ਼ ਕੀਤਾ ਗਿਆ ਸੀ, ਜਿਸਨੂੰ ਸਥਾਨਕ ਨਿਵਾਸੀਆਂ ਨੇ ਬੇਹੱਦ ਪਸੰਦ ਕੀਤਾ ਸੀ। ਸਾਲ 2017 ਵਿੱਚ 'ਸਾਂਬਾ' ਨਾਚ ਦੇ ਨਾਲ-ਨਾਲ ਭੰਗੜੇ ਦੀ ਪੇਸ਼ਕਾਰੀ ਦਾ ਪੱਧਰ ਸਾਲ 2016 ਦੀ ਭੰਗੜੇ ਦੀ ਪੇਸ਼ਕਾਰੀ ਨਾਲੋਂ ਪੰਜ ਗੁਣਾ ਵੱਧ ਸੀ। ਇਹ ਸਮੂਹ ਪੰਜਾਬੀਆਂ ਲਈ ਬੜੇ ਫ਼ਖ਼ਰ ਦੀ ਗੱਲ ਸੀ। ਇਸ ਭੰਗੜੇ ਦੀ ਬੇਮਿਸਾਲ ਪੇਸ਼ਕਾਰੀ ਵਿੱਚ ਯੂਨੀਵਰਸਿਟੀ ਆਫ਼ ਸਾਓ ਪੌਲੋ ਦੇ ਇੰਸਟੀਚਿਊਟ ਆਫ਼ ਫ਼ਿਜ਼ਿਕਸ ਐਂਡ ਐਸਟ੍ਰੋਨੌਮੀ ਤੋਂ ਆਏ ਵਿਸ਼ੇਸ਼ ਬੈਂਡ ਦਾ ਵੱਡਾ ਹੱਥ ਸੀ।

ਇਹ ਵੀ ਜਾਣਨਯੋਗ ਹੈ ਕਿ ਬ੍ਰਾਜ਼ੀਲ ਦੀ ਕਰੰਸੀ ਦਾ ਨਾਂ 'ਰਿਅਲ' ਹੈ। ਜੇਕਰ ਬ੍ਰਾਜ਼ੀਲ ਦੀ ਕਰੰਸੀ ਦੀ ਭਾਰਤੀ ਰੁਪਏ ਨਾਲ ਤੁਲਨਾ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ 20 ਜੂਨ 2024 ਨੂੰ ਬ੍ਰਾਜ਼ੀਲ ਦੀ ਕਰੰਸੀ ਦਾ ਇੱਕ ਰਿਅਲ ਭਾਰਤੀ ਕਰੰਸੀ ਦੇ ਲਗਪਗ 15 ਰੁਪਿਆਂ ਦੇ ਬਰਾਬਰ ਸੀ, ਜਦੋਂ ਕਿ ਇੱਕ ਅਮਰੀਕੀ ਡਾਲਰ ਦੇ ਮੁਕਾਬਲੇ ਬ੍ਰਾਜ਼ੀਲ ਦੇ 5.50 ਰਿਅਲ ਮਿਲਦੇ ਸਨ। ਬ੍ਰਾਜ਼ੀਲ ਦੀ ਕਰੰਸੀ 'ਰਿਅਲ' ਦੇ ਬਹੁਵਚਨ ਨੂੰ 'ਰੀਸ' ਕਿਹਾ ਜਾਂਦਾ ਹੈ। ਇੱਕ ਬੜਾ ਹੀ ਮਜ਼ੇਦਾਰ ਤੱਥ ਇਹ ਵੀ ਹੈ ਕਿ ਬ੍ਰਾਜ਼ੀਲ ਹੀ ਨਹੀਂ, ਸਗੋਂ ਸਮੁੱਚੇ ਅਮਰੀਕੀ ਮਹਾਂਦੀਪ ਵਿੱਚ ਵੱਸਦੇ ਸਥਾਨਕ ਨਿਵਾਸੀਆਂ ਨੂੰ ਕਿਸੇ ਵੇਲੇ 'ਅਮੈਰੀ-ਇੰਡੀਅਨਜ਼' ਕਿਹਾ ਜਾਂਦਾ ਸੀ ਤੇ ਅਜਿਹਾ ਕਹੇ ਜਾਣ ਦੇ ਪਿੱਛੇ ਕਾਰਨ ਇੱਕ 'ਗ਼ਲਤੀ' ਸੀ, ਜੋ ਯੂਰਪੀਅਨਾਂ ਨੇ ਕੀਤੀ ਸੀ। ਦਰਅਸਲ ਸਭ ਤੋਂ ਪਹਿਲੇ ਜਿਹੜੇ ਯੂਰਪੀਅਨ ਲੋਕ ਅਮਰੀਕਾ ਪੁੱਜੇ ਸਨ, ਉਨ੍ਹਾਂ ਨੇ ਗ਼ਲਤੀ ਨਾਲ ਇਹ ਸਮਝ ਲਿਆ ਸੀ ਕਿ ਉਹ 'ਇੰਡੀਆ' ਪੁੱਜ ਗਏ ਹਨ।



'ਸਾਂਬਾ' ਨਾਚ ਦੇ ਨਾਲ ਭੰਗੜੇ ਦੀ ਪੇਸ਼ਕਾਰੀ ਕਰਦੀ ਹੋਈ ਇੱਕ ਮੁਟਿਆਰ

---

## ਸ਼ਾਹਸਵਾਰ

ਲੱਗੀ। ਉਹ ਸੋਚਦਾ ਸਾਡੇ ਜਿਹੜਾ ਸਿਆਸੀ ਜਮੂਦ ਬਣਿਆ ਹੋਇਆ, ਉਸ ਨੂੰ ਤੋੜਨ ਲਈ ਇਹ ਲਹਿਰ ਜ਼ਰੀਆ ਬਣ ਸਕਦੀ।

ਇੱਕ ਵਾਰ ਗਈ ਰਾਤ ਨੂੰ ਦਿਲਬਾਗ ਵੀਰਦੀਪ ਦੇ ਘਰ ਪੁੱਜ ਗਿਆ। ਉਹਨੇ ਬਾਹਰਲੇ ਦਰਵਾਜ਼ੇ ਦਾ ਕੁੰਡਾ ਖੜਕਾਇਆ। ਅੰਦਰੋਂ ਕੁੱਤੇ ਦੇ ਭੌਂਕਣ ਦੀ ਆਵਾਜ਼ ਆਈ। ਦੂਰ ਕਿਧਰੇ ਕੁੱਤੇ ਰੋ ਵੀ ਰਹੇ ਸਨ। ਕੁੱਤੇ ਦੀ ਆਵਾਜ਼ ਸੁਣ ਕੇ ਇੱਕ ਬਿੱਲੀ ਕੰਧ 'ਤੋਂ ਦੀ ਛਾਲ ਮਾਰ ਕੇ ਖੇਤਾਂ ਵੱਲ ਦੌੜ ਗਈ। ਕਰਮੇ ਨੇ ਬਾਹਰਲੀ ਲਾਈਟ ਜਗਾਈ। 'ਚਾਚਾ ਬਾਹਰਲੀ ਲਾਈਟ ਬੰਦ ਕਰਦੇ।' ਦਿਲਬਾਗ ਨੇ ਆਵਾਜ਼ ਦਿੱਤੀ। ਕਰਮੇ ਨੇ ਲਾਈਟ ਬੰਦ ਕਰ ਦਿੱਤੀ। ਉਸ ਨੇ ਦਿਲਬਾਗ ਦੀ ਆਵਾਜ਼ ਪਛਾਣ ਲਈ ਸੀ। ਦਿਲਬਾਗ ਨੇ ਕਰਮੇ ਦੇ ਗੋਡੀਂ ਹੱਥ ਲਾਇਆ। ਦਿਲਬਾਗ ਸਿੱਧਾ ਹੋਇਆ ਤਾਂ ਚਾਚੇ ਨੇ ਮੁੰਡੇ ਨੂੰ ਜੱਫੀ ਵਿੱਚ ਲੈ ਲਿਆ। ਉਹਨੇ ਦਿਲਬਾਗ ਦੀ ਸੁੱਖ ਸਾਂਦ ਪੁੱਛੀ। ਦਿਲਬਾਗ ਚੜ੍ਹਦੀ ਕਲਾ ਵਿੱਚ ਦਿਸਦਾ ਸੀ। ਕਰਮੇ ਨੇ ਵੀਰਦੀਪ ਵਾਲਾ ਕਮਰਾ ਖੁਲ੍ਹਵਾਇਆ ਅਤੇ ਦਿਲਬਾਗ ਨੂੰ ਉਸ ਕੋਲ ਛੱਡ ਆਇਆ। ਰੋਟੀ ਨੂੰ ਦਿਲਬਾਗ ਨੇ ਨਾਂਹ ਕਰ ਦਿੱਤੀ। ਕਰਮਾ ਗਰਮ ਦੁੱਧ ਦਾ ਡੋਲੂ ਅਤੇ ਬਿਸਕੁਟਾਂ ਦਾ ਇੱਕ ਡੱਬਾ ਉਨ੍ਹਾਂ ਨੂੰ ਫੜਾ ਗਿਆ। ਨਵਜੋਤ ਵੀ ਜਾਗ ਪਈ। ਉਹ ਕੁਝ ਫਿਕਰਮੰਦੀ ਜ਼ਾਹਰ ਕਰਨ ਲੱਗੀ, ਪਰ ਕਰਮੇ ਨੇ ਜਲਦੀ ਹੀ ਉਸ ਨੂੰ ਸਹਿਜ ਕਰ ਲਿਆ। ਕਰੋਨਾ ਕਾਰਨ ਵੀਰਦੀਪ ਨੂੰ ਕਾਫੀ ਚਿਰ ਤੋਂ ਦਿਲਬਾਗ ਦੀ ਖ਼ਬਰ ਸਾਰ ਨਹੀਂ ਸੀ ਮਿਲੀ। ਅਚਾਨਕ ਉਸ ਦੀ ਆਮਦ ਨੇ ਵੀਰਦੀਪ ਨੂੰ ਅਚੰਭਾ ਜਿਹਾ ਹੋਇਆ। ਸ਼ੱਕਰ ਘੁਲਿਆ ਦੁੱਧ ਪੀਂਦਿਆਂ ਉਹ ਕਿਸਾਨ ਲਹਿਰ ਬਾਰੇ ਗੱਲਾਂ ਕਰਨ ਲੱਗੇ:

'ਤੂੰ ਵੀਰਦੀਪ ਸਿਆਸਤ ਬਾਰੇ ਡਿਗਰੀ ਓ ਕਰਦਾ ਰਹਿ ਗਿਆ, ਆਹ ਵੇਖ ਲੈ ਕਿਸਾਨ ਲੈ ਗਏ ਸਿਆਸੀ ਬੇੜੀ ਨੂੰ ਧੂਹ ਕੇ' ਦਿਲਬਾਗ ਨੇ ਵੀਰਦੀਪ ਨੂੰ ਇੱਕ ਤਰ੍ਹਾਂ ਨਾਲ ਟਾਂਚ ਮਾਰੀ।

'ਗੱਲ ਤੇ ਤੇਰੀ ਠੀਕ ਆ, ਇਹ ਯੂਨੀਅਨਾਂ ਵਾਲੇ ਲੰਮੀ ਦੇਰ ਤੋਂ ਲੱਗੇ ਹੋਏ ਸਨ ਛੋਟੇ ਛੋਟੇ ਸੰਘਰਸ਼ ਲੜਦੇ ਲੜਦੇ ਤਜ਼ਰਬੇਕਾਰ ਹੋ ਗਏ' ਵੀਰਦੀਪ ਨੇ ਕਿਸਾਨ ਵਰਤਾਰੇ ਨੂੰ ਸਮਝਣ ਦਾ ਯਤਨ ਕੀਤਾ।

'ਇਕੱਲੀ ਇੰਨੀ ਨੀ ਗੱਲ ਯਾਰ, ਇਨ੍ਹਾਂ ਦੇ ਇਕੱਠਾਂ 'ਚ ਅੱਗੇ ਬੁੱਢੇ ਠੇਰੇ ਹੁੰਦੇ ਸਨ, ਹੁਣ ਤੇ ਜਵਾਨੀ ਤੁਰ ਪਈ ਹੜ੍ਹ ਬਣ ਕੇ' ਦਿਲਬਾਗ ਆਖਣ ਲੱਗਾ।

'ਸਮਾਂ ਬੜਾ ਬਲਵਾਨ ਐ ਦਿਲਬਾਗ, ਵਕਤ ਆਪੇ ਬੰਦੇ ਕੱਢ ਲੈਂਦਾ ਘਰਾਂ 'ਚੋਂ, ਹੁਣ ਸਾਡੇ ਕਿਸਾਨਾਂ ਨੂੰ ਲਾ ਵੀ ਕੰਧ ਨਾਲ ਦਿੱਤਾ ਸੀ ਸਰਕਾਰ ਨੇ, ਗੱਲ ਹੋਂਦ ਬਚਾਉਣ 'ਤੇ ਆ ਗਈ ਸੀ' ਵੀਰਦੀਪ ਸਾਰੀ ਸਥਿਤੀ ਨੂੰ ਡੂੰਘਾਈ ਵਿੱਚ ਸਮਝ ਰਿਹਾ ਸੀ।

'ਆਪਾਂ ਇਹ ਵੇਖੀਏ ਕਿ ਅਸੀਂ ਕੀ ਕਰ ਸਕਦੇ ਆਂ ਇਸ ਦੌਰ 'ਚ', ਵੀਰਦੀਪ ਨੇ ਦਿਲਬਾਗ ਅੱਗੇ ਅਮਲ ਦਾ ਸੁਆਲ ਰੱਖਿਆ।

'ਮੈਂ ਤਾਂ ਅੰਬੇ ਹੋਰੀਂ ਦੋਨੋ ਭੇਜ ਦਿੱਤੇ ਕਿਸਾਨਾਂ ਦੇ ਨਾਲ, ਜਿੱਦਣ ਦਿੱਲੀ ਵੱਲ ਕਾਫਲਾ ਤੁਰਿਆ, ਉਹ ਵੀ ਨਾਲ ਈ ਤੁਰਗੇ। ਕਿਤੇ ਗ੍ਰਿਫਤਾਰੀ ਹੋ ਜਾਂਦੀ ਤਾਂ ਰਿਸਕ ਵੀ ਹੋ ਸਕਦਾ ਸੀ, ਪਰ ਉਹ ਸਾਲੇ ਅਸਤਰ ਨਿਕਲੇ। ਕਾਫਲੇ ਦੇ ਨਾਲ ਗਏ ਤੇ ਪੁਲਿਸ ਦੀਆਂ ਰੋਕਾ ਤੋੜਦੇ ਗਏ। ਹੁਣ ਕਦੀ ਇਕੱਠ ਦੀ ਸੁਰੱਖਿਆ ਲਈ ਵਾਲੰਟੀਅਰ ਬਣ ਜਾਂਦੇ ਨੇ। ਕਿਸੇ ਦਿਨ ਲੰਗਰ 'ਚ ਸੇਵਾ ਕਰ ਆਉਂਦੇ। ਕਦੇ ਕਿਸਾਨ ਆਗੂਆਂ ਦਾ ਕੱਪੜਾ ਲੀੜਾ ਧੋਣ ਦੀ ਸੇਵਾ ਨਿਭਾਅ ਆਉਂਦੇ। ਇੱਕ ਛੋਟੇ ਜਿਹੇ ਹੋਟਲ 'ਚ ਕਮਰਾ ਮੈਂ ਲੈ ਕੇ ਦੇ ਆਇਆ ਸਾਂ ਉਨ੍ਹਾਂ ਨੂੰ। ਚੰਗੇ ਵੱਡੇ ਆਹਰ ਲੱਗ ਗਏ, ਜੀ ਬੜਾ ਲੱਗਿਆ ਕੰਜਰਾਂ ਦਾ। ਕਹਿੰਦੇ ਬਾਈ ਪਤਾ ਨੀ ਕਿਹੜਾ ਜਾਦੂ ਜਿਹਾ ਤੁਰਿਆ ਫਿਰਦਾ ਇਥੋਂ ਦੀ ਹਵਾ 'ਚ, ਇੱਥੋਂ ਜਾਣ ਨੂੰ ਦਿਲ ਨੀ ਕਰਦਾ। ਕਹਿੰਦੇ ਇਦਾਂ ਕਦੀ ਨਹੀਂ ਲਗਿਆ ਕਿਤੇ ਕਿ ਸਾਰੇ ਹੀ ਲੋਕ ਆਪਣੇ ਲਗਦੇ ਹੋਣ। ਇੱਥੇ ਲੱਗੀ ਜਾਂਦਾ ਬਈ ਸਾਰਾ ਪਿੰਡ ਮਿੱਤਰਾਂ ਦਾ ਈ ਆ। ਜਿੱਥੇ ਮਰਜੀ ਖਲੋ ਜੋ, ਬਹਿ ਜੋ, ਪੈ ਜਾਵੋ, ਤੰਬੂ ਆਲਾ ਤੁਹਾਡੀ ਸੇਵਾ 'ਚ ਲੱਗ ਜਾਂਦਾ। ਅੰਬਾ ਆਂਹਦਾ ਬਾਈ ਸਵਰਗ ਇਹਨੂੰ ਈ ਕਹਿੰਦੇ, ਆਪਾਂ ਪਿੰਡਾਂ 'ਚ ਨਰਕ ਭੋਗਦੇ। ਲੋਕ ਉਹੀ ਨੇ ਪਤਾ ਨੀ ਇੱਥੇ ਆ ਕੇ ਕੀ ਬਣਗੇ ਇਹ। ਇੱਥੇ ਲਗਦਾ ਈ ਨੀ ਬਈ ਇਹ ਨਿੱਕੀਆਂ ਨਿੱਕੀਆਂ ਗੱਲਾਂ 'ਤੇ ਕਿੜਾਂ ਕੱਢਣ ਵਾਲੇ ਪੰਜਾਬ ਦੇ ਲੋਕ ਨੇ।

'ਉਥੇ ਗੁਰੂ ਨਾਨਕ ਦੀ ਰਹਿਮਤ ਵਰਤਣ ਲੱਗ ਪਈ ਦਿਲਬਾਗ' ਵੀਰਦੀਪ ਨੇ ਸਾਰੇ ਵਰਤਾਰੇ ਨੂੰ ਇੱਕ ਲਾਈਨ 'ਚ ਸਮੇਟਣਾ ਚਾਹਿਆ।

'ਉਦਾਂ ਯਾਰ ਆਪਾਂ ਨੂੰ ਵੀ ਜਾ ਕੇ ਵੇਖਣਾ ਚਾਹੀਦਾ ਕਿ ਹੋ ਕੀ ਰਿਹਾ ਦਿੱਲੀ ਦੇ ਬਾਰਡਰਾਂ 'ਤੇ' ਦਿਲਬਾਗ ਨੇ ਵੀਰਦਪ ਅਗੇ ਤਜਵੀਜ਼ ਰੱਖੀ।

'ਚੱਲ ਵੜਦੇ ਆਂ ਕਿਸੇ ਦਿਨ' ਵੀਰਦੀਪ ਨੇ ਜਵਾਬ ਦਿੱਤਾ।

ਤੇ ਫਿਰ ਸਿਮਰਨ ਅਤੇ ਹਰਜੀਤ ਬਾਰੇ ਗੱਲਾਂ ਹੁੰਦੀਆਂ ਰਹੀਆਂ। ਅਖੀਰ ਉਹ ਤੜਕੇ ਜਿਹੇ ਜਾ ਕੇ ਸੌਂ ਗਏ। ਜਦੋਂ ਜਾਗ ਖੁੱਲ੍ਹੀ ਸਵੇਰ ਦੇ ਅੱਠ ਵੱਜ ਚੁੱਕੇ ਸਨ। ਕਰਮਾ ਕਈ ਵਾਰ ਉਨ੍ਹਾਂ ਨੂੰ ਵੇਖ ਕੇ ਮੁੜ ਗਿਆ ਸੀ। ਉਹ ਚਾਹ ਉਨ੍ਹਾਂ ਦੇ ਟੇਬਲ 'ਤੇ ਰੱਖ ਗਿਆ। ਚਾਹ ਠੰਡੀ ਹੋ ਗਈ। ਬਾਅਦ ਵਿੱਚ ਨਵਜੋਤ ਆਈ ਅਤੇ ਉਹ ਚਾਹ ਮੁੜ ਗਰਮ ਕਰਕੇ ਲੈ ਆਈ। ਇੰਨੇ ਨੂੰ ਵੀਰਦੀਪ ਹੋਰੀਂ ਜਾਗ ਗਏ। ਦਿਲਬਾਗ ਨੇ ਨਵਜੋਤ ਦੇ ਪੈਰੀਂ ਹੱਥ ਲਾਏ, ਉਹਨੇ ਮੁੰਡੇ ਦਾ ਸਿਰ ਪਲੋਸ ਦਿੱਤਾ। ਸਰਸਰੀ ਹਾਲਚਾਲ ਪੁੱਛਿਆ ਅਤੇ ਵਾਪਸ ਚਲੀ ਗਈ। ਹੁਣ ਉਹ ਸਹਿਜ ਹੋ ਗਈ ਸੀ। ਨਵਜੋਤ ਨੂੰ ਲੱਗਾ, ਅਖ਼ਬਾਰਾਂ ਜਿੱਡਾ ਵੱਡਾ ਇਹਨੂੰ ਮੁਜ਼ਰਿਮ ਦੱਸਦੀਆਂ, ਏਡਾ ਲਗਦਾ ਤੇ ਨਹੀਂ ਦਿਲਬਾਗ। ਏਡਾ ਹਲੀਮ, ਮਾਸੂਮ ਜਿਹਾ ਚਿਹਰਾ, ਨਰਮ ਜਿਹਾ ਸੁਭਾਅ। ਉੱਠਣ ਸਾਰ ਦਿਲਬਾਗ ਨੂੰ ਜਾਣ ਦੀ ਕਾਹਲੀ ਪੈ ਗਈ। ਰਾਤੀਂ ਗੱਲਾਂ ਕਰਦਿਆਂ ਹੀ ਸਮਾਂ ਬੀਤ ਗਿਆ ਸੀ। ਉਹ ਤੜਕੇ ਮੂੰਹ ਹਨੇਰੇ ਹੀ ਨਿਕਲਣਾ ਚਾਹੁੰਦਾ ਸੀ। ਵੀਰਦੀਪ ਉਹਨੂੰ ਲਾਗੇ ਦੇ ਬੱਸ ਅੱਡੇ 'ਤੇ ਛੱਡ ਆਇਆ। ਕਿਸਮਤ ਨੂੰ ਜਾਂਦਿਆਂ ਹੀ ਬੱਸ ਮਿਲ ਗਈ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

ਕਹਾਣੀ

# ਮੋਈ ਮਾਂ ਦਾ ਦੁੱਧ

ਮਨਮੋਹਨ ਸਿੰਘ ਦਾਊਂ*
ਫੋਨ: +91-9815123900



1947 ਦੇ ਦਿਨ। ਕਹਿਰ ਦਾ ਸਾਲ। ਬਰਸਾਤ ਦਾ ਮੌਸਮ। ਧਰਤੀ 'ਤੇ ਵਰਖਾ ਨਹੀਂ, ਲਹੂ ਵਰ੍ਹ ਰਿਹਾ ਸੀ। ਕੀ ਹੋ ਗਿਆ ਸੀ। ਪੌਣਾਂ 'ਚ ਅੱਗ ਦੀਆਂ ਖ਼ਬਰਾਂ ਹਨੇਰੀ ਵਾਂਗ ਫੈਲ ਰਹੀਆਂ ਸਨ। ਸਭ ਕੁਝ ਸੱਚ ਮੰਨਿਆ ਜਾ ਰਿਹਾ ਸੀ। ਪੰਜਾਬ ਗੁਰਾਂ ਦੇ ਨਾਮ 'ਤੇ ਜੀਣ ਵਾਲਾ, ਲਹੂ-ਰੱਤਾ ਹੋ ਗਿਆ ਸੀ। ਹਿੰਦੂ-ਸਿੱਖ ਤੇ ਮੁਸਲਿਮ ਭਰਾਵਾਂ ਵਾਂਗ ਰਹਿੰਦੇ, ਰਾਤੋ-ਰਾਤ ਇੱਕ ਦੂਜੇ ਦੇ ਵੈਰੀ ਬਣ ਗਏ ਸਨ। ਅਫ਼ਵਾਹਾਂ ਫੈਲ ਰਹੀਆਂ ਸਨ ਕਿ ਪਾਕਿਸਤਾਨ 'ਚ ਹਿੰਦੂ-ਸਿੱਖਾਂ ਦਾ ਵੱਡੀ ਪੱਧਰ 'ਤੇ ਕਤਲੇਆਮ ਕੀਤਾ ਜਾ ਰਿਹਾ ਹੈ, ਇੱਧਰ ਪੰਜਾਬ ਵਿੱਚ ਵੀ ਪਿੰਡਾਂ ਦੇ ਪਿੰਡ ਸਾੜੇ ਜਾ ਰਹੇ ਸਨ, ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਸੀ। ਹਰ ਕੋਈ ਜਿੱਦ-ਜਿੱਦ ਕੇ ਦੱਸ ਰਿਹਾ ਸੀ ਕਿ ਮੈਂ ਏਨੇ ਮੁਸਲੇ ਮੌਤ ਦੇ ਰਾਹ ਤੋਰ ਦਿੱਤੇ। ਲੁੱਟ-ਖੋਹ ਜ਼ੋਰਾਂ 'ਤੇ ਸੀ। ਜਨੂੰਨੀ ਬੰਦੇ ਜਬਰ-ਜ਼ੁਲਮ ਦੇ ਰਾਹ ਤੁਰ ਪਏ ਸਨ। ਇਨਸਾਨੀਅਤ ਮੂਧੇ-ਮੂੰਹ ਡਿੱਗ ਪਈ ਸੀ, ਪਰ ਜੁਰੱਅਤ ਵਾਲੇ ਤੇ ਜ਼ਮੀਰਾਂ ਵਾਲੇ ਬੰਦੇ ਆਪਣਾ ਫ਼ਰਜ਼ ਨਿਭਾਉਣ ਵਿੱਚ ਵੀ ਡਟੇ ਹੋਏ ਸਨ। ਹਨੇਰੇ 'ਚ ਦੀਵਾ ਜਗਾਉਣ ਵਾਲੇ ਕਦੇ ਡਰਦੇ ਨਹੀਂ। ਆਸ ਦੀ ਕਿਰਨ ਕਦੇ ਹਾਰ ਨਹੀਂ ਮੰਨਦੀ। ਨੇਕੀ ਤੇ ਬਦੀ ਦੀ ਲੜਾਈ ਤਾਂ ਆਦਿ ਕਾਲ ਤੋਂ ਚਲੀ ਆ ਰਹੀ ਹੈ।

ਪਿੰਡ ਰੁਪਾਲਹੇੜੀ ਤੋਂ ਅੱਜ ਤੀਜੇ ਦਿਨ ਚਾਲੀ ਕੁ ਬੰਦਿਆਂ ਦਾ ਟੋਲਾ ਤਲਵਾਰਾਂ, ਸਫ਼ਾਜੰਗ, ਨੇਜ਼ੇ, ਗੰਡਾਸੀਆਂ, ਬਰਛੇ ਤੇ ਟਾਕੂਏ ਲੈ ਕੇ ਪਿੰਡ ਕਮਾਲੀ 'ਤੇ ਹੱਲਾ ਬੋਲਣ ਲਈ ਤੁਰ ਪਿਆ। ਬੜਾ ਜੋਸ਼ ਤੇ ਖਰੂਦੀ ਸੁਭਾਅ ਜੈਕਾਰੇ ਛੱਡਦਾ ਪਿੰਡ ਦੀ ਜੂਹ ਤੋਂ ਤੁਰਦਾ ਜਾ ਰਿਹਾ ਸੀ। "ਅਸੀਂ ਨੀਂ ਛੱਡਣੇ ਰੰਗੜ, ਸਾਡੀਆਂ ਧੀਆਂ-ਭੈਣਾਂ ਨਾਲ ਉੱਧਰ ਬਹੁਤ ਜ਼ੁਲਮ ਹੋ ਰਿਹਾ ਹੈ। ਅਸੀਂ ਭਾਜੀ ਮੋੜਨੀ।" ਏਦਾਂ ਦੀਆਂ ਗੱਲਾਂ ਹਵਾਵਾਂ 'ਚ ਖਿੰਡ ਰਹੀਆਂ ਸਨ। ਇਸ ਟੋਲੇ 'ਚ 'ਬੋਲ਼ਾ' ਵੀ ਆਪਣਾ ਟਾਕੂਆ ਲੈ ਕੇ ਨਾਲ ਹੋ ਤੁਰਿਆ। ਨਾਂ ਤਾਂ ਉਸ ਦਾ ਹਜਾਰਾ ਸਿੰਘ ਸੀ, ਪਰ ਥੋੜ੍ਹਾ ਉੱਚਾ ਸੁਣਨ ਕਰ ਕੇ ਉਸ ਦੀ ਅੱਲ 'ਬੋਲ਼ਾ' ਪੱਕੀ ਹੋਈ ਸੀ।

ਹਜੂਮ ਪਿੰਡ ਕਸੁੰਭੜੀ ਟੱਪ ਕੇ ਕਮਾਲੀ ਪਿੰਡ ਦੇ ਬੰਨੇ ਪਹੁੰਚ ਗਿਆ। ਕਮਾਲੀ ਪਿੰਡ ਮੁਸਲਮਾਨਾਂ ਦਾ ਗੜ੍ਹ ਸੀ। ਇੱਥੋਂ ਦੇ ਕਹਿੰਦੇ-ਕਹਾਉਂਦੇ ਮੁਸਲਮਾਨ ਸੁਲਤਾਨ ਖਾਂ ਦਾ ਬੜਾ ਰੋਅਬ-ਦਾਬ ਸੀ। ਉਸ ਨੇ ਹੋਰ ਪਿੰਡਾਂ ਦੇ ਮੁਸਲਮਾਨਾਂ ਨੂੰ ਇਕੱਠਾ ਕਰ ਲਿਆ ਸੀ। ਇਹ ਵੀ ਖ਼ਬਰ ਫੈਲ ਗਈ ਕਿ ਸੁਲਤਾਨ ਖਾਂ ਪੰਜਾਬ ਦੇ ਹਿੰਦੂ-ਸਿੱਖਾਂ 'ਤੇ ਹਮਲਾ ਵੀ ਕਰ ਸਕਦਾ। ਇਸ ਅਫ਼ਵਾਹ ਕਰ ਕੇ ਹਿੰਦੂ-ਸਿੱਖਾਂ ਦੇ ਟੋਲੇ ਪਿੰਡ ਕਮਾਲੀ 'ਤੇ ਹੱਲਾ ਬੋਲਣ ਲਈ ਬਜ਼ਿੱਦ ਹੋ ਗਏ। ਚਾਰੇ ਪਾਸੇ ਹੋ-ਹੱਲਾ ਮਚਿਆ ਹੋਇਆ ਸੀ।

ਜਦੋਂ ਟੋਲਾ ਹੋਰ ਅੱਗੇ ਵਧਿਆ ਤਾਂ ਰਸਤੇ ਵਿੱਚ ਇੱਕ ਭਰ ਜੁਆਨ ਮੁਸਲਮਾਨ ਔਰਤ ਵੱਢੀ-ਟੁੱਕੀ ਪਈ ਸੀ। ਬੜਾ ਸੁੰਦਰ ਸਡੌਲ ਸਰੀਰ ਨਿਰਜਿੰਦ ਸੀ ਤੇ ਦੋ ਕੁ ਸਾਲ ਦਾ ਇੱਕ ਬੱਚਾ (ਮੁੰਡਾ) ਆਪਣੀ ਮੋਈ ਮਾਂ ਦਾ ਦੁੱਧ ਚੁੰਘ ਸਹਿਕ ਰਿਹਾ ਸੀ। ਔਰਤ ਤਾਂ ਤਾਜ਼ੀ-ਤਾਜ਼ੀ ਮਰੀ ਲਗਦੀ ਸੀ, ਪਰ ਬੱਚਾ ਦੁੱਧ ਦੀਆਂ ਘੁੱਟਾਂ ਨੂੰ ਲਪਕਿਆ ਪਿਆ ਸੀ।



ਹਜਾਰਾ ਸਿੰਘ ਇਹ ਕਰੁਣਾਮਈ ਦ੍ਰਿਸ਼ ਵੇਖ ਕੇ ਪਸੀਜਿਆ ਗਿਆ। ਉਸ ਦੇ ਪੈਰ ਟੋਲੇ ਨਾਲ ਤੁਰਨ ਤੋਂ ਲਾਚਾਰ ਹੋ ਗਏ। ਉਹ ਖੜੋ ਕੇ ਬੜੀ ਨੀਝ ਨਾਲ ਵੇਖਣ ਲੱਗਿਆ। ਟੋਲੇ 'ਚੋਂ ਕੋਈ ਬੋਲਿਆ: "ਤੂੰ ਮਰੀ ਹੋਈ ਨਾਲ ਵਿਆਹ ਕਰਾਉਣਾ। ਇਸ ਦੇ ਤੁਖਮ ਨੂੰ ਵੀ ਗੱਡੀ ਚੜ੍ਹਾ ਦੇ, ਵੇਖਦਾ ਕੀ ਐਂ।"

ਹਜਾਰਾ ਸਿੰਘ ਸੁੰਨ ਹੋ ਗਿਆ। ਉਸ ਦੇ ਅੰਦਰਲਾ ਇਨਸਾਨ ਜਾਗ ਉੱਠਿਆ। ਉਸ ਤੋਂ ਟੋਲੇ ਨਾਲ ਹੋਰ ਨਾ ਤੁਰ ਹੋਇਆ। ਮਰੀ ਹੋਈ ਔਰਤ ਦੇ ਅੰਗਾਂ ਨੂੰ ਉਸ ਦੇ ਦੁਪੱਟੇ ਨਾਲ ਕੱਜਿਆ। ਲਹੂ ਨਾਲ ਕੱਪੜੇ ਗੜੁੱਚ ਸਨ। ਹਜਾਰਾ ਸਿੰਘ ਦੇ ਹੱਥੋਂ ਟਾਕੂਆ ਡਿੱਗ ਪਿਆ। ਉਸ ਨੇ ਗੋਡਣਿਆਂ ਭਾਰ ਹੋ ਕੇ, ਆਪਣੇ ਪਰਨੇ ਨਾਲ ਬੱਚੇ ਦਾ ਮੂੰਹ ਪੂੰਝਿਆ, ਮਰੀ ਹੋਈ ਮਾਂ ਦੀ ਦੁੱਧੀ ਤੋਂ ਬੱਚੇ ਦਾ ਮੂੰਹ ਛੁਡਾ ਕੇ ਆਪਣੀ ਗੋਦੀ 'ਚ ਸਾਂਭ ਲਿਆ। ਬੱਚਾ ਬੇਸੁੱਧ ਜਿਹਾ ਹਜਾਰਾ ਸਿੰਘ ਦੇ ਮੋਢੇ ਲੱਗ ਗਿਆ। ਉਸ ਨੇ ਟੋਲੇ 'ਚੋਂ ਇਹ ਆਵਾਜ਼ ਵੀ ਸੁਣੀ ਕਿ ਆਇਆ ਕਿਸ ਕੰਮ ਸੀ ਤੇ ਕਰ ਕੀ ਰਿਹਾ। ਹਜਾਰਾ ਸਿੰਘ ਜਿਵੇਂ ਬੰਦਾ ਨਹੀਂ ਫ਼ਰਿਸ਼ਤਾ ਬਣ ਗਿਆ ਸੀ। ਉਸ ਨੇ ਕਿਹਾ: "ਜਾਓ, ਜਾਓ, ਤੁਸੀਂ ਜੋ ਕਰਨਾ ਕਰੋ। ਮੈਨੂੰ ਤਾਂ ਮੇਰਾ ਖ਼ਜ਼ਾਨਾ ਮਿਲ ਗਿਆ।"

ਉਸ ਨੇ ਸਮਾਂ ਖੁੰਝਣ ਨਾ ਦਿੱਤਾ। ਉਨ੍ਹੀਂ ਪੈਰੀਂ ਬੱਚੇ ਨੂੰ ਪੂਰੀ ਸੁਰੱਖਿਅਤਾ ਨਾਲ ਲੈ ਕੇ ਪਿੰਡ ਰੁਪਾਲਹੇੜੀ ਆ ਗਿਆ। "ਲੈ ਭਗਵਾਨ ਕੁਰੇ, ਇੱਕ ਦਾਤ ਤੇਰੇ ਲਈ ਲੈ ਕੇ ਆਇਆਂ। ਲੈ ਸਾਂਭ, ਵੇਖ ਕਿੰਨਾ ਸੁਹਣਾ, ਇਹ ਰੱਬ ਦਾ ਪੁੱਤਰ।" ਅਸਲ ਵਿੱਚ ਹਜਾਰਾ ਸਿੰਘ ਦੇ ਵਿਆਹ ਹੋਏ ਨੂੰ ਦਸ ਸਾਲ ਹੋ ਗਏ ਸਨ, ਪਰ ਕੋਈ ਬੱਚਾ ਨਾ ਹੋਣ ਕਾਰਨ, ਘਰ ਸੁੰਨਾ ਪਿਆ ਸੀ। ਬੱਚੇ ਨੂੰ ਵੇਖ ਕੇ ਭਗਵਾਨ ਕੁਰ ਅਚੰਭਿਤ ਹੋ ਗਈ। ਬੱਚੇ ਨੂੰ ਸਾਂਭਣ ਦਾ ਕੰਮ ਚੁਣੌਤੀਆਂ ਵਾਲਾ ਸੀ, ਪਰ ਦੋਵਾਂ ਨੇ ਲੋਕਾਂ ਦੀ ਪਰਵਾਹ ਨਾ ਕੀਤੀ। ਆਪਣੀ ਸੰਤਾਨ ਸਮਝ ਕੇ ਰੱਬ 'ਤੇ ਭਰੋਸਾ ਰੱਖ, ਬੱਚੇ ਨੂੰ ਪਾਲਣਾ ਸ਼ੁਰੂ ਕਰ ਦਿੱਤਾ। ਹੁਣ ਉਸ ਨੂੰ 'ਸਾਧੂ' ਕਹਿ ਕੇ ਪੁਕਾਰਨ ਲੱਗੇ। ਬੜੀ ਸਾਧਨਾ ਨਾਲ ਬੱਚਾ ਮਿਲਣ ਕਰ ਕੇ ਇਹ ਨਾਂ ਹੀ ਪਿਆਰਾ ਲੱਗਣ ਲੱਗ ਪਿਆ। ਤੱਤੀਆਂ ਹਵਾਵਾਂ ਲੰਘ ਗਈਆਂ। ਹਜਾਰਾ ਸਿੰਘ ਇੱਕ ਦਰਵੇਸ਼ ਸੁਭਾਅ ਦਾ ਹੋਣ ਕਾਰਨ, ਬੱਚੇ ਦਾ ਹਰ ਪੱਖੋਂ ਖਿਆਲ ਰੱਖਦਾ। ਭਗਵਾਨ ਕੁਰ ਵੀ ਬੱਚੇ ਨਾਲ ਕਾਰੇ ਲੱਗ ਗਈ। ਮਾਂ ਦੀ ਮਮਤਾ ਨੇ ਰੰਗ ਲਿਆਂਦਾ। ਦੋ ਕੁ ਸਾਲ ਪਿੱਛੋਂ ਉਸ ਦੀ ਕੁੱਖ ਹਰੀ ਹੋ ਗਈ। ਪਿੰਡ ਵਿੱਚ ਚਰਚਾ ਹੋਣ ਲੱਗੀ ਕਿ ਨੇਕੀ ਦਾ ਫ਼ਲ ਮਿਲਿਆ। ਵੱਢ-ਟੁੱਕ ਕਰਨ ਵਾਲਿਆਂ ਨੂੰ ਸ਼ਰਮਿੰਦਗੀ ਵੀ ਹੋਈ, ਪਰ ਉਹ ਸਮਾਂ ਬੀਤ ਚੁੱਕਿਆ ਸੀ। ਠੰਢ-ਠੇਰ ਹੋ ਗਈ।

ਹਜਾਰਾ ਸਿੰਘ ਨੇ ਨਵੇਂ ਜੰਮੇ ਪੁੱਤਰ ਦਾ ਨਾਂ ਸੋਚ-ਸੋਚ ਕੇ ਕਰਮ ਸਿੰਘ ਉਰਫ਼ ਕਰਮਾ ਰੱਖਿਆ। ਜਦੋਂ ਕਦੇ ਉਹ ਕਰਮਾ ਨੂੰ ਭਗਵਾਨ ਕੁਰ ਦੀ ਗੋਦੀ 'ਚ ਦੁੱਧ ਚੁੰਘਦਾ ਵੇਖਦਾ ਤਾਂ ਉਸ ਨੂੰ ਉਸ ਮਰੀ ਹੋਈ ਔਰਤ ਦੀ ਯਾਦ ਆ ਜਾਂਦੀ ਤੇ ਉਹ ਬਹੁਤ ਭਾਵੁਕ ਹੋ ਜਾਂਦਾ। ਸਹਿਜੇ ਹੀ ਉਸ ਦੇ ਮੂੰਹੋਂ ਨਿਕਲਦਾ: "ਪਰਮਾਤਮਾ, ਦੁੱਧ ਚੁੰਘਦੇ ਕਿਸੇ ਬੱਚੇ ਦੀ ਮਾਂ ਨਾ ਮਰੇ।"

ਘਰ 'ਚ ਦੋਵੇਂ ਬੱਚੇ ਸਕੇ ਭਰਾ ਜਾਪਦੇ। ਰੌਣਕ ਲੱਗੀ ਰਹਿੰਦੀ। ਹਜਾਰਾ ਸਿੰਘ ਨੇ ਦੋਵੇਂ ਬੱਚਿਆਂ ਨੂੰ ਪਿੰਡ ਦੇ ਮਿਡਲ ਸਕੂਲ ਤੋਂ ਅੱਠਵੀਂ ਪਾਸ ਕਰਵਾ ਕੇ, ਆਪਣੇ ਨਾਲ ਖੇਤੀ ਦੇ ਕੰਮ 'ਚ ਲਾ ਲਿਆ। ਉਸ ਕੋਲ ਜ਼ਮੀਨ ਥੋੜ੍ਹੀ ਸੀ। ਮੱਝਾਂ ਰੱਖ ਕੇ ਦੁੱਧ ਦਾ ਧੰਦਾ ਉਸ ਨੂੰ ਲਾਹੇਵੰਦਾ ਲੱਗਿਆ। ਸਾਧੂ ਨੂੰ ਹੁਣ ਲੋਕੀਂ ਸਾਧੂ ਫ਼ਕੀਰ ਕਹਿਣ ਲੱਗ ਪਏ, ਕਿਉਂਕਿ ਸੁਭਾਅ ਹੀ ਅਜਿਹਾ ਸੀ। ਬਹੁਤ ਘੱਟ ਬੋਲਦਾ ਤੇ ਆਪਣੇ ਕੰਮ 'ਚ ਜੁਟਿਆ ਰਹਿੰਦਾ। ਹੁਣ ਉਹ ਗੱਭਰੂ ਹੋ ਗਿਆ ਸੀ। ਹਜਾਰਾ ਸਿੰਘ ਨੇ ਆਪਣੇ ਰਿਸ਼ਤੇਦਾਰਾਂ ਤੇ ਪਿੰਡ ਦੇ ਕੁਨਬੇ ਨਾਲ ਸਲਾਹ ਬਣਾਈ ਕਿ ਕਿਉਂ ਨਾ ਸਾਧੂ ਦਾ ਘਰ ਵਸਾ ਦਿੱਤਾ ਜਾਵੇ। ਹੁਣ ਇਸ ਦਾ ਇੱਧਰ ਹੀ ਦੇਸ ਹੈ। ਨੇੜੇ ਦੇ ਪਿੰਡ 'ਚੋਂ ਮੁਸਲਮਾਨ ਪਰਿਵਾਰ ਲੱਭ ਕੇ, ਉਸ ਦਾ ਵਿਆਹ ਕਰ ਦਿੱਤਾ ਤੇ ਪਿੰਡ 'ਚ ਉਸ ਨੂੰ ਰਹਿਣ ਲਈ ਵੱਖਰਾ ਘਰ ਵੀ ਖਰੀਦ ਕੇ ਦੇ ਦਿੱਤਾ। ਜ਼ਿੰਦਗੀ ਆਪਣੀ ਤੋਰੇ ਤੁਰਦੀ ਗਈ। ਉਸ ਨੇ ਆਪਣੇ ਰੁਜ਼ਗਾਰ ਲਈ ਕੁਝ ਬੱਕਰੀਆਂ ਰੱਖ ਲਈਆਂ ਤੇ ਆਮਦਨ ਦਾ ਵਸੀਲਾ ਚੰਗਾ ਚੱਲਣ ਲੱਗਿਆ। ਸਮੇਂ ਅਨੁਸਾਰ ਉਹ ਬਾਲ ਬੱਚਿਆਂ ਵਾਲਾ ਹੋ ਗਿਆ। ਮਾਂ ਤੋਂ ਟੁੱਟੀ ਆਂਦਰ ਦੀ ਜੜ੍ਹ ਲੱਗ ਗਈ। ਮੋਈ ਮਾਂ ਦੇ ਦੁੱਧ ਦੇ ਘੁੱਟਾਂ ਦੀ ਹੋਣੀ ਨੇ ਨਵਾਂ ਰੂਪ ਧਾਰਨ ਕੀਤਾ।

ਸਮਾਂ ਲੰਘਦਾ ਗਿਆ। ਪਿੰਡ ਵਾਲੇ ਉਸ ਨੂੰ ਬੱਕਰੀਆਂ ਵਾਲਾ ਸਾਧੂ ਫ਼ਕੀਰ ਕਹਿਣ ਲੱਗੇ। ਪਿੱਛੇ ਕੀ ਸੀ, ਪਰ ਹੁਣ ਇਹ ਉਸ ਦਾ ਆਪਣਾ ਪਿੰਡ ਸੀ।

*ਸ਼੍ਰੋਮਣੀ ਸਾਹਿਤਕਾਰ

# ਇਨਸਾਨੀਅਤ ਦਾ ਰਿਸ਼ਤਾ

ਜ਼ੁਬੈਦਾ ਸੁਲਤਾਨਾ

ਮੇਰੀ ਇੱਕ ਸਹੇਲੀ ਤਾਜ ਬੀਬੀ ਦੂਰ ਪਾਰ ਦੇ ਸਾਕੋਂ ਭੈਣ ਵੀ ਸੀ, ਉਕ੍ਹਾੜੇ ਵੱਲ ਰੇਨਾਵਾ ਖੁਰਦ ਦੇ ਇੱਕ ਪਿੰਡ 'ਬਾਸੇ ਬਾਵੇ' ਵਿਆਹੀ ਹੋਈ ਸੀ। ਉਹਦਾ ਖਾਵੰਦ ਚੰਗਾ ਖਾਂਦਾ-ਪੀਂਦਾ ਜਿਮੀਂਦਾਰ ਸੀ। ਕੋਲ ਪੈਸਾ ਹੋਵੇ ਤਾਂ ਬੰਦੇ ਨੂੰ ਉਹਦੇ ਨਿਕਾਸ ਲਈ ਨਵੇਂ ਨਵੇਂ ਢੰਗ ਸੁਝਦੇ ਨੇ। ਤਾਜ ਨੂੰ ਵੀ ਆਪਣੀ ਵੱਡੀ ਧੀ ਨੂੰ ਨਿੱਕੀ ਜਿਹੀ ਉਮਰੇ ਵਿਆਹੁਣ ਦਾ ਚਾਅ ਚੜ੍ਹ ਗਿਆ ਤੇ ਉਹਨੇ ਬੜੀ ਉਚੇਚ ਨਾਲ ਸ਼ਹਿਰੋਂ ਸਾਰਿਆਂ ਸਾਕਾਂ ਅੰਗਾਂ ਨੂੰ ਸੱਦਾ ਘੱਲਿਆ। ਮੈਂ ਤੇ ਮੇਰੀ ਨਿੱਕੀ ਭੈਣ 'ਕੁਮਰ' ਬੜੇ ਚਾਅ ਨਾਲ ਪਿੰਡ ਜਾਣ ਲਈ ਤਿਆਰ ਹੋ ਗਈਆਂ। ਸ਼ਹਿਰੋਂ ਹੋਰ ਲੋਕਾਂ ਵੀ ਜਾਣਾ ਸੀ। ਚੰਗਾ ਸੰਗ ਬਣ ਗਿਆ। ਅਗਲੇ ਦਿਹਾੜੇ ਸਵੇਰ ਦੀ ਗੱਡੀ 'ਤੇ ਜਾਣ ਦਾ ਫੈਸਲਾ ਹੋਇਆ। ਸਾਰਿਆਂ ਨੇ ਆਪੋ ਆਪਣੇ ਘਰੋਂ ਸਟੇਸ਼ਨ 'ਤੇ ਆ ਕੇ ਇਕੱਠੇ ਹੋਣਾ ਸੀ। ਅਸੀਂ ਦੋਵੇਂ ਭੈਣਾਂ ਵੀ ਖੁਸ਼ੀ ਖੁਸ਼ੀ ਸਟੇਸ਼ਨ 'ਤੇ ਅੱਪੜੀਆਂ ਪਰ ਅਸੀਂ ਅਜੇ ਟਾਂਗੇ ਵਿੱਚੋਂ ਵੀ ਨਹੀਂ ਉਤਰੀਆਂ ਸਾਂ, ਜੋ ਗੱਡੀ ਨੇ ਵਿਸਲ ਦਿੱਤੀ ਤੇ ਟੁਰ ਪਈ। ਦਿਲ ਡਾਢ੍ਹਾ ਬੁਰਾ ਹੋਇਆ। ਕੁਮਰ ਦੀਆਂ ਅੱਖਾਂ ਵਿੱਚ ਤਾਂ ਹੰਝੂ ਭਰ ਆਏ। ਟਾਂਗੇ ਵਾਲਾ ਪੁੱਛਣ ਲੱਗਾ, 'ਬੀਬੀ ਜੀ, ਹੁਣ ਕੀਹ ਹੁਕਮ ਏ?' ਮੈਂ ਆਖਿਆ, 'ਘਰ ਮੁੜ ਚੱਲ, ਹੋਰ ਕੀ ਹੋ ਸਕਦਾ ਏ?'


ਪਰ ਕੁਮਰ ਆਖਣ ਲੱਗੀ, 'ਨਹੀਂ ਬਾ ਜੀ, ਜਿਵੇਂ ਕਿਵੇਂ ਅੱਜ ਹੀ ਚੱਲੋ। ਘਰ ਮੁੜ ਗਏ ਤੇ ਫੇਰ ਸਾਨੂੰ ਕਿਸੇ ਨਹੀਂ ਜੇ ਜਾਣ ਦੇਣਾ।'

ਕੁਮਰ ਦੇ ਰੋਣ ਤੇ ਜ਼ਿਦ ਕਰਨ 'ਤੇ ਮੈਂ ਪ੍ਰੇਸ਼ਾਨ ਹੋ ਗਈ। ਟਾਂਗੇ ਵਾਲਾ ਆਖਣ ਲੱਗਾ, 'ਬੀਬੀ ਜੀ! ਬੱਸ 'ਤੇ ਚਲੇ ਜਾਓ।'

ਮੈਂ ਆਖਿਆ, 'ਭਾਈ ਅਸਾਂ ਬੱਸ 'ਤੇ ਕਦੀ ਸਫਰ ਨਹੀਂ ਕੀਤਾ, ਸਾਨੂੰ ਕੀ ਪਤੈ ਬੱਸਾਂ ਕਿੱਥੋਂ ਚਲਦੀਆਂ ਨੇ?'

ਟਾਂਗੇ ਵਾਲਾ ਬੋਲਿਆ, 'ਸੁਲਤਾਨ ਦੀ ਸਰ੍ਹਾਂ ਤੋਂ ਉਕ੍ਹਾੜੇ ਨੂੰ ਬੱਸ ਜਾਂਦੀ ਏ।' ਮੇਰਾ ਦਿਲ ਨਾ ਮੰਨੇ ਪਰ ਕੁਮਰ ਨੇ ਜ਼ਿਦ ਫੜ ਲਈ ਤੇ ਮੈਂ ਮਜ਼ਬੂਰ ਹੋ ਗਈ। ਆਖਰ ਟਾਂਗੇ ਵਾਲਾ ਸਾਨੂੰ ਬੱਸਾਂ ਦੇ ਅੱਡੇ 'ਤੇ ਲੈ ਆਇਆ। ਬਸ ਤਿਆਰ ਖਲੋਤੀ ਸੀ। ਸ਼ੁਕਰ ਕੀਤਾ ਜੋ ਸਾਨੂੰ ਦੋ ਸੀਟਾਂ ਵੀ ਮਿਲ ਗਈਆਂ। ਸਾਡੇ ਨਾਲ ਬਰਾਬਰ ਵਾਲੀ ਸੀਟ 'ਤੇ ਇੱਕ ਸਿੱਖ ਮੁੰਡਾ, ਇੱਕ ਜਵਾਨ ਜਿਹੀ ਕੁੜੀ ਤੇ ਇੱਕ ਬੁੱਢਾ ਸਰਦਾਰ ਬੈਠੇ ਸਨ।

ਬਸ ਚਲ ਪਈ ਤੇ ਬੁੱਢੇ ਸਰਦਾਰ ਹੋਰਾਂ ਬਾਰੀ ਦਾ ਸ਼ੀਸ਼ਾ ਬੰਦ ਕਰ ਕੇ ਸਾਡੇ ਵੱਲ ਧਿਆਨ ਪਾਇਆ। ਫੇਰ ਮੁੰਡੇ ਨੂੰ ਲੈ ਕੇ ਆਪਣੀ ਸੀਟ ਤੋਂ ਉਠ ਖਲੋਤੇ ਤੇ ਆਖਿਆ, 'ਬੀਬੀ, ਧੀਓ! ਤੁਸੀਂ ਏਧਰ ਆਪਣੀ ਭੈਣ ਕੋਲ ਆ ਬੈਠੋ।' ਅਸੀਂ ਦੋਵੇਂ ਉਠ ਕੇ ਉਸ ਕੁੜੀ ਦੇ ਕੋਲ ਆ ਗਈਆਂ ਤੇ ਸਰਦਾਰ ਹੋਰੀਂ ਮੁੰਡੇ ਨੂੰ ਲੈ ਕੇ ਸਾਡੇ ਵਾਲੀ ਸੀਟ 'ਤੇ ਆ ਗਏ। ਫੇਰ ਉਨ੍ਹਾਂ ਆਪਣੀ ਚਾਦਰ ਲਾਹ ਕੇ ਸਾਡੀ ਸੀਟ ਦੇ ਅੱਗੇ ਤਾਣ ਦਿੱਤੀ। ਤੇ ਆਖਣ ਲੱਗੇ, 'ਲਓ ਹੁਣ ਬੁਰਕੇ ਚੁੱਕ ਲਵੋ ਤੇ ਤਿੰਨੇ ਭੈਣਾਂ ਬਹਿ ਕੇ ਗੱਲਾਂ ਕਰੋ, ਜੋ ਸਫਰ ਚੰਗਾ ਕੱਟ ਜਾਏ।'



ਓਹਲਾ ਹੋ ਗਿਆ ਤੇ ਕੁੜੀ ਨੇ ਵੀ ਉਪਰ ਦੀ ਲਪੇਟੀ ਹੋਈ ਚਾਦਰ ਲਾਹ ਦਿੱਤੀ। ਉਹਨੇ ਗੋਟੇ-ਕਿਨਾਰੀ ਵਾਲੇ ਲਿਸ਼ਕਦੇ ਕੱਪੜੇ ਤੇ ਗਹਿਣੇ ਪਾਏ ਹੋਏ ਸਨ। ਉਹਦਾ ਨਵਾਂ-ਨਵਾਂ ਵਿਆਹ ਹੋਇਆ ਜਾਪਦਾ ਸੀ। ਗੱਲਾਂ-ਗੱਲਾਂ ਵਿਚ ਪਤਾ ਲੱਗਾ, ਉਹ ਲਾਹੌਰ ਵਿਆਹੀ ਹੋਈ ਏ। ਓਹਦੇ ਭਾਪਾ ਜੀ ਉਕ੍ਹਾੜੇ ਦੇ ਬੜੇ ਵੱਡੇ ਆੜ੍ਹਤੀ ਨੇ। ਉਹਦੇ ਵੀਰ ਦਾ ਵਿਆਹ ਏ ਤੇ ਭਾਪਾ ਜੀ ਉਹਨੂੰ ਲੈਣ ਆਏ ਨੇ। ਗੱਲਾਂ ਵਿਚ ਸਫਰ ਦਾ ਪਤਾ ਈ ਨਾ ਲੱਗਾ। ਜਦੋਂ ਬੱਸ ਰੀਨਾਵੇ ਦੇ ਕੋਲ ਕੋਲ ਅੱਪੜੀ ਤੇ ਅਚਾਨਕ ਮੇਰੇ ਦਿਲ ਵਿੱਚ ਇੱਕ ਖਿਆਲ ਆਇਆ ਤੇ ਮੇਰਾ ਦਿਲ ਧੱਕ ਧੱਕ ਦੇ ਕੇ ਰਹਿ ਗਿਆ। ਮੈਂ ਘਾਬਰ ਕੇ ਕੁਮਰ ਨੂੰ ਆਖਿਆ, 'ਕੁਮਰ! ਪਹਿਲਾਂ ਮੈਨੂੰ ਇਹ ਖਿਆਲ ਈ ਨਹੀਂ ਆਇਆ, ਤਾਜ ਦਾ ਪਿੰਡ ਤੇ ਰੇਨਾਵਾਂ ਖੁਰਦ ਤੋਂ ਅੱਗੇ ਵੇ।' ਇਹ ਸੁਣ ਕੇ ਕੁਮਰ ਵੀ ਘਬਰਾ ਗਈ ਤੇ ਪੁੱਛਣ ਲੱਗੀ, 'ਕਿਹੜਾ ਪਿੰਡ ਏ? ਨਾਂ ਵੀ ਯਾਦ ਜੇ ਕਿ ਨਹੀਂ?'

ਮੈਂ ਆਖਿਆ, 'ਤਾਜ ਦੀ ਫੁਫੀ ਮੇਰੇ ਕੋਲੋਂ 'ਸ਼ਾਮਾ ਬਾਵਾ' ਨਾਂ ਈ ਲਿਖਵਾਂਦੀ ਸੀ।' ਸਾਡੀਆਂ ਗੱਲਾਂ ਸਰਦਾਰ ਹੁਰਾਂ ਦੇ ਕੰਨੀਂ ਪਈਆਂ ਤੇ ਉਹ ਬੋਲੇ, 'ਧੀਓ! ਸ਼ਾਮਾ ਬਾਵਾ ਤੇ ਰੇਨਾਵਿਓਂ ਬਾਰਾਂ ਮੀਲ ਅੱਗੇ ਜੇ। ਦਿਹਾੜੀ ਵਿੱਚ ਇਕੋ ਲਾਰੀ ਪਿੰਡ ਨੂੰ ਜਾਂਦੀ ਏ ਤੇ ਉਹ ਦੋ ਵਜੇ ਟੁਰ ਗਈ ਹੋਵੇਗੀ। ਸਾਡੀ ਬੱਸ ਰੇਨਾਵਾ ਤਿੰਨ ਵਜੇ ਪੁੱਜੇਗੀ।

ਸਰਦਾਰ ਹੋਰਾਂ ਦੀ ਗੱਲ ਸੁਣ ਕੇ ਅਸੀਂ ਹੋਰ ਵੀ ਪ੍ਰੇਸ਼ਾਨ ਹੋ ਗਈਆਂ।

'ਹੁਣ ਕੀ ਹੋਵੇਗਾ ਬਾ ਜੀਓ' ਕੁਮਰ ਆਖਣ ਲੱਗੀ ਪਰ ਇੰਜ ਲੱਗਦਾ ਸੀ ਜਿਵੇਂ ਸਰਦਾਰ ਹੋਰੀਂ ਸਾਡੇ ਕੋਲੋਂ ਵੱਧ ਪ੍ਰੇਸ਼ਾਨ ਹੋ ਗਏ ਸਨ। ਝੱਟ ਘੜੀ ਠਹਿਰ ਕੇ ਉਹ ਫੇਲ ਬੋਲੇ, 'ਹੁਣ ਕੀ ਉਪਾਅ ਕੀਤਾ ਜਾਵੇ?' ਇਹ ਕੁੜੀਆਂ ਇਕੱਲੀਆਂ ਨੇ, ਨਾਲ ਕੋਈ ਬੰਦਾ ਵੀ ਨਹੀਂ। ਪਿੰਡ ਦਾ ਤੇ ਸਾਰਾ ਰਾਹ ਉਜਾੜ ਏ। ਉਤੋਂ ਸ਼ਾਮ ਢਲ ਆਵੇਗੀ। ਸਰਦੀਆਂ ਦੀਆਂ ਸ਼ਾਮਾਂ ਛੇਤੀ ਪੈ ਜਾਂਦੀਆਂ ਨੇ।'

'ਕੋਈ ਟਾਂਗਾ-ਯੱਕਾ ਤੇ ਜਾਂਦਾ ਈ ਹੋਵੇਗਾ ਦਾਦਾ ਜੀ।' ਮੁੰਡਾ ਆਖਣ ਲੱਗਾ।

'ਨਾ ਪੁੱਤਰ ਟਾਂਗੇ-ਯੱਕੇ ਦਾ ਕੀ ਭਰੋਸਾ? ਸਾਰਾ ਰਾਹ ਉਜਾੜ ਏ ਸਾਰਿਆਂ ਨੂੰ ਪਤਾ ਏ ਜੇ ਵਿਆਹ ਵਾਲੇ ਘਰ ਦੀਆਂ ਸਵਾਰੀਆਂ ਜੇ, ਕੋਈ ਗਹਿਣਾ ਲੀੜਾ ਵੀ ਕੋਲ ਹੋਵੇਗਾ। ਨਾ ਨਾ, ਟਾਂਗੇ ਰੇੜ੍ਹੇ 'ਤੇ ਕੁੜੀਆਂ ਇਕੱਲੀਆਂ ਨਹੀਂ ਜਾ ਸਕਦੀਆਂ।'

ਏਨੇ ਨੂੰ ਬੱਸ ਰੁਕ ਗਈ, ਸਵਾਰੀਆਂ ਉਤਰਨ ਲੱਗ ਪਈਆਂ। ਡਰੀਆਂ ਡਰੀਆਂ ਅਸੀਂ ਵੀ ਉਤਰ ਆਈਆਂ। ਸਰਦਾਰ ਹੋਰੀਂ ਵੀ ਸਾਡੇ ਪਿੱਛੇ ਆ ਗਏ ਤੇ ਡਰਾਇਵਰ ਦੇ ਕੋਲ ਜਾ ਕੇ ਆਖਣ ਲੱਗੇ, 'ਪੁੱਤਰ ਜੀ ਤੁਹਾਡਾ ਵਡੱਪਣ ਹੋਵੇਗਾ, ਤੁਸੀਂ ਰਤਾ ਕੁ ਸਹਾਰਾ ਕਰ ਲਓ, ਮੈਂ ਇਨ੍ਹਾਂ ਪਰਦੇ ਵਾਲੀਆਂ ਬੱਚੀਆਂ ਦਾ ਕੁਝ ਪ੍ਰਬੰਧ ਕਰ ਲਵਾਂ। ਆਖਰ ਧੀਆਂ ਦੀ ਜਾਤ ਨੇ, ਇਨ੍ਹਾਂ ਨੂੰ ਇਕੱਲੀਆਂ ਵੀ ਲਾਹ ਕੇ ਨਹੀਂ ਨਾ ਜਾਣਾ।'

ਅਸੀਂ ਹੈਰਾਨ ਪ੍ਰੇਸ਼ਾਨ ਕੋਲ ਹੀ ਖਲੋਤੀਆਂ ਹੋਈਆਂ ਸਾਂ। ਏਨੇ ਨੂੰ ਚਿੱਟੇ ਪੰਜਾਬੀ ਬੁਰਕੇ ਵਾਲੀ ਇੱਕ ਜਨਾਨੀ ਆ ਗਈ ਤੇ ਪੁੱਛਣ ਲੱਗੀ, 'ਕੀਹਦੇ ਘਰ ਜਾਣਾ ਏ?' ਮੈਂ ਦੱਸਿਆ ਤੇ ਉਹ ਆਖਣ ਲੱਗੀ, 'ਤੁਹਾਡੇ ਲਾਹੌਰ ਤੋਂ ਆਏ ਹੋਏ ਸੰਗੀ ਔਹ ਸਾਹਮਣੇ ਈ ਲੰਬੜਦਾਰਾਂ ਦੇ ਵਿਹੜੇ ਬੈਠੇ ਹੋਏ ਨੇ।'

ਇਹ ਸੁਣ ਕੇ ਮੇਰੀ ਜਾਨ ਵਿਚ ਜਾਨ ਆਈ। ਮੈਂ ਸਰਦਾਰ ਹੁਰਾਂ ਨੂੰ ਦੱਸਿਆ, 'ਜੀ ਸਾਡੇ ਨਾਲ ਦੇ ਸੰਗੀ ਲੰਬੜਦਾਰਾਂ ਦੇ ਘਰ ਬੈਠੇ ਹੋਏ ਨੇ।' ਇਹ ਸੁਣ ਕੇ ਫੇਰ ਵੀ ਉਹ ਸਰਦਾਰ ਹੋਰੀਂ ਆਪਣੀ ਤਸੱਲੀ ਕਰਨ ਲਈ ਸਾਡੇ ਨਾਲ ਆਏ। ਸਾਡਾ ਸੂਟਕੇਸ ਮੁੰਡੇ ਨੇ ਚੁੱਕ ਲਿਆ ਤੇ ਧਰੇਕਾਂ ਦੀ ਘਣੀਂ ਛਾਂ ਵਾਲੇ ਮੈਦਾਨ ਅੱਪੜੇ ਤਾਂ ਸਾਹਮਣੇ ਹੀ ਬੂਹੇ ਦੇ ਕੋਲ ਮੇਰੇ ਚਾਚਾ ਜੀ ਖਲੋਤੇ ਦਿਸ ਪਏ। ਸਾਨੂੰ ਵੇਖ ਕੇ ਉਹ ਬਾਹਰ ਆ ਗਏ ਤੇ ਸਰਦਾਰ ਹੋਰਾਂ ਉਨ੍ਹਾਂ ਨਾਲ ਗੱਲਬਾਤ ਕਰ ਕੇ ਆਪਣੀ ਤਸੱਲੀ ਕੀਤੀ ਤੇ ਆਖਣ ਲੱਗੇ, 'ਲਊ ਧੀਓ-ਰਾਣੀਓ ਰੱਬ ਰਾਖਾ। ਅੱਗੇ ਤੋਂ ਕਦੀ ਘਰੋਂ ਇਕੱਲੀਆਂ ਨਾ ਟੁਰਨਾ..., ਜ਼ਮਾਨਾ ਚੰਗਾ ਨਹੀਂ ਪੁੱਤਰ।'

ਸਾਡੇ ਸਿਰਾਂ ਉਤੇ ਹੱਥ ਫੇਰ ਕੇ ਉਹ ਬੱਸ ਵੱਲ ਮੁੜ ਗਏ। ਇਸ ਤੋਂ ਪਿਛੋਂ ਅਸੀਂ ਉਨ੍ਹਾਂ ਲੋਕਾਂ ਨੂੰ ਕਦੀ ਨਹੀਂ ਦੇਖਿਆ...। ਏਨੀ ਮੁੱਦਤ ਲੰਘ ਗਈ ਏ। ਉਹ ਮੁੰਡਾ ਵੀ ਹੁਣ ਬੁਢਾਪੇ ਵਿੱਚ ਪੈਰ ਪਾ ਚੁੱਕਾ ਹੋਵੇਗਾ। ਉਹ ਕੁੜੀ ਵੀ ਦੋਹਤਰ-ਪੋਤਰ ਵਾਲੀ ਹੋ ਗਈ ਹੋਵੇਗੀ। ਸਰਦਾਰ ਹੁਰੀਂ ਤੇ ਸੁਰਗਵਾਸੀ ਹੋ ਚੁੱਕੇ ਹੋਣਗੇ; ਪਰ ਉਨ੍ਹਾਂ ਦਾ ਇੱਕ ਇਹ ਨੇਕ ਅਮਲ ਸਾਨੂੰ ਕਦੇ ਨਹੀਂ ਭੁੱਲੇਗਾ! ਸਦਾ ਚੇਤੇ ਰਹੇਗਾ।

# ਬਈ ਕਦੋਂ ਲਪੇਟੇ ਜਾਣਗੇ ਤੰਬੂ-ਕਨਾਤਾਂ !

## ਵਿਅੰਗ ਦਾ ਸ਼ਗਨ



**ਸੀਨੀਅਰ ਪੱਤਰਕਾਰ ਤੇ ਲੇਖਕ ਮੁਹੰਮਦ ਹਨੀਫ਼ ਨੇ ਧਨਾਢ ਵਪਾਰੀ ਦੇ ਮੁੰਡੇ ਦੇ 'ਵਿਆਹ ਸੀਜ਼ਨ' ਉਤੇ ਚਲਾਵਾਂ ਜਿਹਾ ਵਿਅੰਗ ਕੱਸਿਆ ਹੈ ਅਤੇ ਬੜਾ ਹੀ ਗਹਿਰਾ ਸਵਾਲ ਛੱਡਿਆ ਹੈ, "ਅੰਬਾਨੀ ਪਰਿਵਾਰ ਵਿਆਹ ਦਾ ਇੰਨਾ ਵੱਡਾ ਪ੍ਰੋਗਰਾਮ ਕਰਵਾ ਕੇ ਕੀ ਸੁਨੇਹਾ ਦੇ ਰਿਹਾ?" (ਵਿਆਹ 12 ਜੁਲਾਈ ਨੂੰ ਹੋ ਗਿਆ ਹੈ) ਨਾਲ ਹੀ ਨਸੀਹਤ ਦਾ ਤੀਰ ਵੀ ਛੱਡ ਦਿੱਤਾ ਹੈ ਕਿ "ਕਿਤੇ ਪ੍ਰੀਵੈਡਿੰਗ ਅਤੇ ਵੈਡਿੰਗ ਤੋਂ ਬਾਅਦ ਹੁਣ ਕਿਤੇ ਪੋਸਟ ਵੈਡਿੰਗ ਜਸ਼ਨ ਨਾ ਸ਼ੁਰੂ ਕਰ ਦੇਣਾ।" ਇਹ ਲਿਖਤ ਪੜ੍ਹਨ ਨੂੰ ਤਾਂ ਬੜੀ ਸਾਦੀ ਜਿਹੀ ਤੇ ਮਜ਼ਾਹੀਆ ਵਿਅੰਗ ਨਾਲ ਭਰਪੂਰ ਹੈ, ਪਰ ਇਸ ਵਿਚਲਾ ਭਾਵ ਬੜਾ ਹੀ ਗੰਭੀਰ ਹੈ, ਖਾਸ ਕਰ ਭਾਰਤ ਦੇ ਬਾਸ਼ਿੰਦਿਆਂ ਲਈ।**

ਬਾਲੀਵੁੱਡ ਦੀਆਂ ਪੁਰਾਣੀ ਫਿਲਮਾਂ 'ਚ ਇੱਕ ਸੀਨ ਵਿਆਹ ਦਾ ਜ਼ਰੂਰ ਹੁੰਦਾ ਸੀ। ਵਾਜਿਆਂ ਨਾਲ ਬਰਾਤ ਢੁੱਕਦੀ ਸੀ ਤੇ ਜਦੋਂ ਨਿਕਾਹ ਦਾ ਵੇਲਾ ਆਉਂਦਾ ਸੀ ਜਾਂ ਜੋੜਾ ਸੱਤ ਫੇਰੇ ਲੈਣ ਲੱਗਦਾ ਸੀ ਤਾਂ ਕੋਈ ਦਿਲ ਟੁੱਟਾ ਕਿਰਦਾਰ ਆ ਵੜਦਾ ਸੀ ਤੇ ਆ ਕੇ ਡਾਇਲੌਗ ਮਾਰਦਾ ਸੀ, "ਬਈ ਯੇ ਸ਼ਾਦੀ ਨਹੀਂ ਹੋ ਸਕਤੀ।" ਫਿਰ ਫਿਲਮਾਂ ਮਾਡਰਨ ਹੋ ਗਈਆਂ। ਡਾਇਰੈਕਟਰਾਂ ਨੂੰ ਪਤਾ ਲੱਗਿਆ ਵੀ ਵਿਆਹ, ਬਰਾਤ ਅਤੇ ਵਾਜਿਆਂ ਤੋਂ ਬਿਨਾ ਵੀ ਫਿਲਮਾਂ ਬਣ ਸਕਦੀਆਂ ਹਨ। ਕੁਝ ਨੇ ਇਹ ਸਮਝਿਆ ਕਿ ਅਸਲੀ ਤੇ ਵੱਡੀ ਕਹਾਣੀ ਤਾਂ ਵਿਆਹ ਤੋਂ ਬਾਅਦ ਸ਼ੁਰੂ ਹੁੰਦੀ ਹੈ ਅਤੇ ਉਸ 'ਤੇ ਵੀ ਫਿਲਮਾਂ ਬਣਨੀਆਂ ਚਾਹੀਦੀਆਂ ਹਨ।

ਹੁਣ ਇਸ ਸਾਲ ਦੇ ਸ਼ੁਰੂ ਤੋਂ ਹੀ ਅੰਬਾਨੀ ਦੇ ਮੁੰਡੇ ਦਾ ਵਿਆਹ ਸ਼ੁਰੂ ਹੋਇਆ ਸੀ। ਹੁਣ ਅੱਧਾ ਸਾਲ ਗੁਜ਼ਰ ਗਿਆ ਹੈ। ਇਸ ਅੱਧੇ ਸਾਲ 'ਚ ਗਾਜ਼ਾ ਵਿੱਚ ਇਜ਼ਰਾਇਲ ਨੇ ਹਜ਼ਾਰਾਂ ਬੱਚੇ ਮਾਰ ਛੱਡੇ ਹਨ। ਹਿੰਦੁਸਤਾਨ, ਯੂ.ਕੇ. ਅਤੇ ਫਰਾਂਸ 'ਚ ਇਲੈਕਸ਼ਨ ਵੀ ਹੋ ਗਏ ਹਨ। ਇੱਕ ਕ੍ਰਿਕਟ ਦਾ ਵਰਲਡ ਕੱਪ ਵੀ ਹੋ ਗਿਆ ਹੈ, ਪਰ ਅੰਬਾਨੀ ਦੇ ਮੁੰਡੇ ਦਾ ਵਿਆਹ ਅਜੇ ਵੀ ਜਾਰੀ ਹੈ। (ਵਿਆਹ 12 ਜੁਲਾਈ ਨੂੰ ਹੋ ਗਿਆ ਹੈ)।

ਵਿਆਹ 'ਤੇ ਦਿਖਾਵਾ ਕਰਨਾ ਸੌਖੇ ਲੋਕਾਂ ਦੀ ਪੁਰਾਣੀ ਰੀਤ ਹੈ। ਪਹਿਲੇ ਮਹਿੰਦੀ, ਬਰਾਤ ਅਤੇ ਵਲੀਮਾ ਹੁੰਦਾ ਸੀ। ਚੌਧਰੀ ਨੇ ਪੂਰੇ ਪਿੰਡ ਨੂੰ ਸੱਦਾ ਦੇ ਦੇਣਾ। ਜਿਹੜਾ ਸ਼ਹਿਰ ਦਾ ਸੇਠ ਹੁੰਦਾ ਸੀ, ਉਸ ਨੇ ਕਿਸੇ ਵਜ਼ੀਰ-ਸਜ਼ੀਰ ਨੂੰ ਬੁਲਾ ਕੇ, ਕਿਸੇ ਐਕਟਰ, ਸਿੰਗਰ ਨੂੰ ਪੈਸੇ ਦੇ ਕੇ ਉਨ੍ਹਾਂ ਦੇ ਨਾਲ ਤਸਵੀਰਾਂ ਖਿੱਚਵਾਉਣੀਆਂ, ਫਿਰ ਰੋਟੀ ਖੋਲ੍ਹ ਦੇਣੀ, ਸਾਰਿਆਂ ਨੂੰ ਰੱਜ ਕੇ ਖਵਾਉਣੀ ਅਤੇ ਉਸ ਤੋਂ ਬਾਅਦ ਤੰਬੂ-ਕਨਾਤਾਂ ਲਪੇਟੀਆਂ ਜਾਣੀਆਂ ਤੇ ਲੋਕੀਂ ਆਪਣੇ ਘਰੋ-ਘਰ।

ਅੰਬਾਨੀ ਕਿਉਂਕਿ ਗਲੋਬਲ ਸੇਠ ਹੈ, ਇਸ ਲਈ ਉਨ੍ਹਾਂ ਦੇ ਸ਼ਗਨ ਵੀ ਲੰਬੇ ਹਨ ਅਤੇ ਸ਼ਗਨ ਦੇਣ ਲਈ ਵੀ ਮਾਰਕ ਜ਼ੁਕਰਬਰਗ ਤੇ ਬਿੱਲ ਗੇਟ ਹਾਜ਼ਰ ਹੋਏ ਹਨ। ਬਾਲੀਵੁੱਡ ਦੇ ਖਾਨਾਂ ਨੇ ਵੀ ਭੰਗੜੇ ਪਾਏ ਹਨ। ਜਸਟਿਨ ਬੀਬਰ ਤਾਂ ਬਨੈਣ ਪਾ ਕੇ ਨੱਚਿਆ। ਰਿਹਾਨਾ ਅਤੇ ਦਿਲਜੀਤ ਦੋਸਾਂਝ ਨੱਚੇ ਵੀ ਹਨ ਅਤੇ ਉਨ੍ਹਾਂ ਨੇ ਨਚਾਇਆ ਵੀ ਹੈ। ਆਪ ਅੰਬਾਨੀ ਅਤੇ ਉਨ੍ਹਾਂ ਦੇ ਬੁਢੀ-ਬੱਚੇ ਵੀ ਗਾਉਂਦਿਆਂ-ਵਜਾਉਂਦਿਆਂ ਦੀਆਂ ਵੀਡੀਓ ਵਿਖਾਉਂਦੇ ਰਹਿੰਦੇ ਹਨ। ਜਿਵੇਂ ਕਿ ਸਾਨੂੰ ਦੱਸ ਰਹੇ ਹੋਣ ਕਿ ਅਸੀਂ ਸੇਠਾਂ ਦੇ ਸੇਠ ਤਾਂ ਬਣ ਗਏ ਹਾਂ, ਪਰ ਅੰਦਰੋਂ ਅਸੀਂ ਵੀ ਤੁਹਾਡੇ ਵਰਗੇ ਹੀ ਹਾਂ। ਦਿਲ ਸਾਡਾ ਇਹ ਵੀ ਕਰਦਾ ਹੈ ਕਿ ਅਸੀਂ ਸ਼ਾਹਰੁਖ਼ ਖਾਨ ਅਤੇ ਕਰੀਨਾ ਕਪੂਰ ਬਣ ਕੇ ਕੈਮਰੇ ਦੇ ਸਾਹਮਣੇ ਬੁੱਲ੍ਹ ਹਿਲਾਈ ਜਾਈਏ।

ਪੁਰਾਣੇ ਸੇਠ ਵੀ ਮੁਨਾਫ਼ਾ ਆਪਣੇ ਮਜ਼ਦੂਰ ਦੇ ਪਸੀਨੇ ਨਾਲ ਹੀ ਕਮਾਉਂਦੇ ਸਨ, ਪਰ ਹੁਣ ਆ ਗਏ ਨੇ ਮਹਾਂਸੇਠ। ਅੱਜ ਕੱਲ੍ਹ ਤਾਂ ਇੰਝ ਲੱਗਦਾ ਹੈ ਕਿ ਕੁਝ ਤਾਂ ਅੰਬਾਨੀਆਂ ਦੇ ਮਜ਼ਦੂਰ ਨੇ ਅਤੇ ਬਾਕੀ ਸਾਰੇ ਉਨ੍ਹਾਂ ਦੇ...। ਜਿਸ ਵਾਈਫਾਈ ਜਾਂ ਮੋਬਾਈਲ ਡਾਟਾ ਨਾਲ ਤੁਸੀਂ ਅੰਬਾਨੀਆਂ ਦੇ ਵਿਆਹ ਦੀ ਵੀਡੀਓ ਵੇਖ ਰਹੇ ਹੋਵੋਗੇ, ਹੋ ਸਕਦਾ ਹੈ ਕਿ ਉਸ ਦਾ ਬਿੱਲ ਤੁਹਾਨੂੰ ਅੰਬਾਨੀ ਦੀ ਕੋਈ ਕੰਪਨੀ ਭੇਜੇ। ਜਿਸ ਮੋਟਰਸਾਈਕਲ 'ਚ ਸਵੇਰੇ ਪੈਟਰੋਲ ਪਵਾਇਆ ਸੀ, ਉਹ ਵੀ ਉਨ੍ਹਾਂ ਨੇ ਹੀ ਤੁਹਾਨੂੰ ਵੇਚਿਆ ਹੋਣਾ ਹੈ। ਜਿਸ ਸੜਕ 'ਤੇ ਮੋਟਰਸਾਈਕਲ ਚਲਾ ਕੇ ਆਏ ਹੋ ਸ਼ਾਇਦ ਉਸ ਸੜਕ ਨੂੰ ਬਣਾਉਣ ਦਾ ਠੇਕਾ ਵੀ ਉਨ੍ਹਾਂ ਕੋਲ ਹੀ ਰਿਹਾ ਹੋਵੇ। ਘਰ ਦੇ ਕਿਚਨ 'ਚ ਜਾਵੋਗੇ ਤਾਂ ਗੈਸ ਦਾ ਸਿਲੰਡਰ ਵੀ ਉਨ੍ਹਾਂ ਦਾ ਤੇ ਅੱਜ ਕੱਲ੍ਹ ਸੁਣਿਆ ਹੈ ਕਿ ਆਟਾ-ਦਾਲ, ਆਲੂ-ਟਮਾਟਰ ਵੀ ਵੇਚ ਰਹੇ ਹਨ। ਬਾਥਰੂਮ 'ਚ ਸਫਾਈ ਵਾਲਾ ਸਾਮਾਨ ਵੀ ਅੰਬਾਨੀ ਦੀ ਕਿਸੇ ਕੰਪਨੀ ਨੇ ਤੁਹਾਨੂੰ ਵੇਚਿਆ ਹੋਣਾ ਹੈ।

ਹੁਣ ਪੰਜ-ਛੇ ਮਹੀਨੇ ਤੋਂ ਚੱਲਦੇ ਵਿਆਹ ਨੂੰ ਵੇਖ ਕੇ ਲੱਗ ਰਿਹਾ ਹੈ ਕਿ ਅੰਬਾਨੀ ਹੁਰੀਂ ਇੱਕ ਹੱਥ ਨਾਲ ਸਾਡੀ ਜੇਬ੍ਹ 'ਚੋਂ ਪੈਸੇ ਕੱਢੀ ਜਾ ਰਹੇ ਹਨ ਅਤੇ ਦੂਜੇ ਹੱਥ ਨਾਲ ਉਸੇ ਪੈਸੇ ਨਾਲ ਆਪਣੇ ਮੁੰਡੇ ਦੇ ਵਿਆਹ ਦੀਆਂ ਵੇਲਾਂ ਕਰਵਾਈ ਜਾ ਰਹੇ ਹਨ। ਪਤਾ ਨਹੀਂ ਇੰਨਾ ਲੰਮਾ ਜਸ਼ਨ ਇੰਡੀਆ ਦੀ ਸੌਫਟ ਪਾਵਰ ਵਿਖਾਉਣ ਲਈ ਚੱਲ ਰਿਹਾ ਹੈ ਜਾਂ ਸਿਰਫ਼ ਆਪਣੇ ਮੁੰਡੇ ਦਾ ਦਿਲ ਖੁਸ਼ ਕਰਨ ਲਈ; ਜਾਂ ਜਿਵੇਂ ਕੁਝ ਲੋਕ ਕਹਿੰਦੇ ਹਨ ਕਿ ਸਾਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਓਏ ਗਰੀਬੋ ਵੇਖੋ ਅਤੇ ਸੜੋ!

ਪਰ ਇਹ ਵੀ ਹੋ ਸਕਦਾ ਹੈ ਕਿ ਅੰਬਾਨੀ ਫੈਮਿਲੀ ਨੂੰ ਅਹਿਸਾਸ ਹੋਵੇ ਕਿ ਵਿਆਹ 'ਤੇ ਜਿੰਨੇ ਸੌ ਮਿਲੀਅਨ ਡਾਲਰ ਵੀ ਖਰਚਾ ਹੋ ਗਿਆ, ਆਖਿਰ ਇਹ ਖਰਚਾ ਜਿਹੜਾ ਹੈ, ਇਸ ਦੇ ਵਿੱਚ ਅਸੀਂ ਵੀ ਰੁਪਿਆ-ਰੁਪਿਆ ਜੋੜ ਕੇ ਹਿੱਸਾ ਪਾਇਆ ਹੈ ਅਤੇ ਉਹ ਸਾਨੂੰ ਇਹ ਕਹਿ ਰਹੇ ਹੋਣ ਕਿ ਤੁਸੀਂ ਵੀ ਵੀਡੀਓ ਵੇਖੋ ਅਤੇ ਮਜ਼ੇ ਕਰੋ। ਇਸ ਨੂੰ ਸਾਡਾ ਨਹੀਂ ਸਗੋਂ ਆਪਣਾ ਹੀ ਵਿਆਹ ਸਮਝੋ।



ਗਲੋਬਲੀ ਸੇਠ ਦੇ ਮੁੰਡੇ ਦੇ ਵਿਆਹ ਜਸ਼ਨਾਂ ਮੌਕੇ ਗਾਉਂਦਾ ਹੋਇਆ ਜਸਟਿਨ ਬੀਬਰ

ਕੁਝ ਲੋਕ ਇਹ ਵੀ ਕਹਿੰਦੇ ਹਨ ਕਿ ਇੰਡੀਆ ਦੀ ਹਕੂਮਤ ਦਾ ਵੀ ਸ਼ਾਇਦ ਓਨਾ ਟਹਿਕਾ ਨਹੀਂ ਹੈ, ਜਿੰਨਾ ਕਿ ਅੰਬਾਨੀਆਂ ਦਾ ਹੈ। ਇਸ ਲਈ ਇੰਨੀ ਹਿੰਮਤ ਤਾਂ ਕਿਸੇ ਦੀ ਹੋ ਨਹੀਂ ਸਕਦੀ ਕਿ ਇਹ ਕਹਿ ਦੇਵੇ ਕਿ ਇਹ ਸ਼ਾਦੀ ਨਹੀਂ ਹੋ ਸਕਦੀ ਜਾਂ ਇਹ ਸ਼ਾਦੀ ਹੁਣ ਖ਼ਤਮ ਵੀ ਕਰਦੋ। ਪਰ ਗਰੀਬ ਲੋਕ ਹੱਥ ਬੰਨ੍ਹ ਕੇ ਇਹ ਦੁਆ ਤਾਂ ਦੇ ਸਕਦੇ ਹਨ ਕਿ ਰੱਬ ਜੋੜੀ ਸਲਾਮਤ ਰੱਖੇ, ਲੇਕਿਨ ਇਹ ਵਿਆਹ ਹੁਣ ਮੁੱਕਣ ਦਿਓ। ਤੰਬੂ-ਕਨਾਤਾਂ ਲਪੇਟੋ। ਪ੍ਰੀਵੈਡਿੰਗ ਅਤੇ ਵੈਡਿੰਗ ਤੋਂ ਬਾਅਦ ਹੁਣ ਕਿਤੇ ਪੋਸਟ ਵੈਡਿੰਗ ਜਸ਼ਨ ਨਾ ਸ਼ੁਰੂ ਕਰ ਦੇਣਾ। ਇਹ ਨਾ ਹੋਵੇ ਕਿ ਹਨੀਮੂਨ ਹੋਟਲ ਦੇ ਬਾਹਰ ਵੀ ਕੈਮਰੇ ਲੱਗੇ ਹੋਣ ਤੇ ਦਲੇਰ ਮਹਿੰਦੀ ਕੋਈ ਵਿਆਹ ਵਾਲਾ ਗਾਣਾ ਗਾ ਰਿਹਾ ਹੋਵੇ। ਇਸ ਤੋਂ ਬਾਅਦ ਅਸੀਂ ਕਿਸੇ ਕੰਮ ਜੋਗੇ ਨਹੀਂ ਰਹਿਣਾ।

ਆਖ਼ਰ ਨਵੇਂ ਜੋੜੇ ਦੇ ਵੀ ਬੱਚੇ ਹੋਣਗੇ। ਫਿਰ ਉਹ ਵੱਡੇ ਹੋਣਗੇ। ਫਿਰ ਉਨ੍ਹਾਂ ਦਾ ਵੀ ਵਿਆਹ ਹੋਵੇਗਾ। ਉਸ ਦਾ ਭਾਰ ਕਿਸਨੇ ਚੁੱਕਣਾ ਹੈ? ਜੇਕਰ ਸਾਡੇ ਕੋਲ ਮਜ਼ਦੂਰੀ ਕਰਨ ਦਾ ਟਾਇਮ ਨਾ ਹੋਇਆ ਅਤੇ ਅਸੀਂ ਤੁਹਾਡੇ ਮੋਬਾਇਲ ਡਾਟਾ ਦੇ ਬਿੱਲ ਨਾ ਦਿੱਤੇ ਤਾਂ ਇਨ੍ਹਾਂ ਬੱਚਿਆਂ ਦੇ ਬੱਚਿਆਂ ਦੇ ਵਿਆਹ ਦਾ ਖਰਚ ਕਿੱਥੋਂ ਪੂਰਾ ਹੋਵੇਗਾ?

**ਅੰਤਿਕਾ: ਹੀਰ ਵਾਰਿਸ਼ ਸ਼ਾਹ**

ਪੰਜਾਬ ਦੇ ਜੰਮਿਆਂ ਲਈ ਹੀਰ ਵਾਰਿਸ਼ ਸ਼ਾਹ ਪੜ੍ਹਨੀ ਲਾਜ਼ਮੀ ਕਿਉਂ ਹੈ? ਹੀਰ ਵਾਰਿਸ਼ ਸ਼ਾਹ ਪੰਜਾਬ ਦੇ ਜੰਮਿਆਂ ਨੇ ਜੇ ਪੜ੍ਹੀ ਨਾ ਹੋਵੇ ਤਾਂ ਸੁਣੀ ਤਾਂ ਜ਼ਰੂਰ ਹੀ ਹੋਵੇਗੀ; ਪਰ ਦੋਵਾਂ ਗੱਲਾਂ ਵਿੱਚ ਫ਼ਰਕ ਹੈ। ਇੱਕ ਕਿੱਸਾ ਸਾਂਝਾ ਕਰਦਾ ਹਾਂ: ਇੱਕ ਬਜ਼ੁਰਗ ਨੇ ਪੁੱਛਿਆ, "ਮੁੰਡਿਆ ਤੂੰ ਆਪਣੇ ਆਪ ਨੂੰ ਪੰਜਾਬੀ ਕਹਿੰਨਾ ਹੈਂ ਤੇ ਹੀਰ ਵਾਰਿਸ਼ ਸ਼ਾਹ ਤਾਂ ਪੜ੍ਹੀ ਹੋਣੀ ਹੈ।"

ਜਵਾਬ ਸੀ, "ਪੜ੍ਹੀ ਤਾਂ ਘੱਟ ਵਧ ਹੀ ਹੈ, ਪਰ ਸੁਣੀ ਵਾਹਵਾ (ਬਹੁਤ ਵਾਰ) ਹੈ। ਕਦੇ ਕਿਸੇ ਮੇਲੇ 'ਤੇ ਅਤੇ ਕਦੇ ਆਪਣੇ ਹੀ ਵਿਹੜੇ 'ਚ ਕਿਸੇ ਪ੍ਰਾਹੁਣੇ ਨੇ ਰਾਤ ਨੂੰ ਹੀਰ ਗਾਉਣੀ ਸ਼ੁਰੂ ਕਰ ਦਿੱਤੀ।"

ਬਜ਼ੁਰਗਾਂ ਨੇ ਕਿਹਾ, "ਜੰਮਪਲ ਤੂੰ ਪੰਜਾਬ ਦਾ ਹੈ ਅਤੇ ਹੀਰ ਬਸ ਸੁਣੀ-ਸੁਣਾਈ 'ਤੇ ਚੱਲ ਰਿਹਾ।"

# ਮਹਿੰਗੇ ਵਿਆਹਾਂ ਦਾ ਰੁਝਾਨ

ਇਨ੍ਹੀਂ ਦਿਨੀਂ ਸਾਰਿਆਂ ਦੀਆਂ ਨਜ਼ਰਾਂ ਮੁੰਬਈ ਉੱਤੇ ਟਿਕੀਆਂ ਹੋਈਆਂ ਸਨ- ਰਾਧਿਕਾ ਮਰਚੈਂਟ ਅਤੇ ਅਨੰਤ ਅੰਬਾਨੀ ਦੇ ਵਿਆਹ ਕਾਰਨ। ਸੋਸ਼ਲ ਮੀਡੀਆ ਉੱਤੇ ਭਾਰਤੀ ਸੈਲੀਬ੍ਰਿਟੀਜ਼ ਆਪਣੇ ਪਰਿਵਾਰਾਂ ਨਾਲ ਸੂਹੇ ਰੰਗਾਂ ਦੇ ਕੱਪੜੇ ਅਤੇ ਲਿਸ਼ਕਦੇ ਗਹਿਣੇ ਪਾ ਕੇ ਘੁੰਮਦੇ ਰਹੇ। ਉਨ੍ਹਾਂ ਦੇ ਕੱਪੜਿਆਂ ਦੀ ਕੀਮਤ ਦੀ ਸੋਸ਼ਲ ਮੀਡੀਆ ਉੱਤੇ ਚਰਚਾ ਹੈ। ਦੁਨੀਆਂ ਦੇ ਮਸ਼ਹੂਰ ਗਾਇਕ, ਬਾਲੀਵੁੱਡ ਤੇ ਕ੍ਰਿਕਟ ਦੇ ਸਿਤਾਰੇ ਅਤੇ ਕਾਰੋਬਾਰੀ- ਅਮੀਰ ਵਿਆਹ ਵਿੱਚ ਸ਼ਾਮਲ ਹੋਣ ਕਾਰਨ ਆਪਣੇ-ਆਪ ਨੂੰ ਖਾਸ ਸਮਝ ਰਹੇ ਸਨ।

ਭਾਰਤ ਵਿੱਚ ਵਿਆਹ ਇੱਕ ਪਰਿਵਾਰਕ ਸਮਾਗਮ ਹੁੰਦਾ ਹੈ, ਪਰ ਅੱਜ ਕੱਲ੍ਹ ਤਾਂ ਸਥਿਤੀ ਇਹ ਹੋ ਗਈ ਹੈ ਕਿ ਪਰਿਵਾਰ ਵਾਲੇ ਵਿਆਹ ਨੂੰ ਸਮਾਜ ਵਿੱਚ ਆਪਣੇ ਪੈਸੇ ਅਤੇ ਰੁਤਬੇ ਦੀ ਨੁਮਾਇਸ਼ ਕਰਨ ਲਈ ਵਰਤਦੇ ਹਨ। ਧਰਮ ਕੋਈ ਵੀ ਹੋਵੇ, ਸਾਰੇ ਹੀ ਵਰਗਾਂ ਵਿੱਚ ਵਿਆਹਾਂ ਉੱਤੇ ਵਧ ਚੜ੍ਹ ਕੇ ਖਰਚਾ ਕਰਨ ਦੀ ਦੌੜ ਲੱਗੀ ਰਹਿੰਦੀ ਹੈ। ਉੱਤਰੀ ਭਾਰਤ ਵਿੱਚ ਵਿਆਹ, ਵਿਆਹ ਤੋਂ ਪਹਿਲੀਆਂ ਰਸਮਾਂ ਜਿਵੇਂ ਸੰਗੀਤ ਅਤੇ ਹਲਦੀ ਬਹੁਤ ਲਿਸ਼ਕ-ਪੁਸ਼ਕ ਨਾਲ ਕੀਤੀਆਂ ਜਾਂਦੀਆਂ ਹਨ। ਮੁਸਲਿਮ ਵਿਆਹਾਂ ਵਿੱਚ ਵੀ ਮਹਿੰਦੀ, ਨਿਕਾਹ ਅਤੇ ਵਲੀਮੇ ਦੀਆਂ ਰਸਮਾਂ ਦਾ ਆਪਣਾ ਜਲੌਅ ਹੁੰਦਾ ਹੈ। ਈਸਾਈ ਵਿਆਹਾਂ ਵਿੱਚ ਮੰਗਣੀ, ਵਿਆਹ ਅਤੇ ਦਾਅਵਤਾਂ ਹੁੰਦੀਆਂ ਹਨ। ਸਿੱਖਾਂ ਦੇ ਵਿਆਹਾਂ ਵਿੱਚ ਵੀ ਅਨੰਦ ਕਾਰਜ ਦੀ ਰਸਮ ਮਗਰੋਂ ਤੇ ਪਹਿਲਾਂ ਵੀ ਪਾਰਟੀਆਂ ਉੱਤੇ ਵੱਡੀ ਰਕਮ ਖਰਚੀ ਜਾਂਦੀ ਹੈ।

ਮੀਡੀਆ ਅਨੁਮਾਨਾਂ ਮੁਤਾਬਕ ਅਨੰਤ ਅੰਬਾਨੀ ਦੇ ਵਿਆਹ ਦਾ ਬਜਟ ਹਜ਼ਾਰਾਂ ਕਰੋੜ ਵਿੱਚ ਹੈ। ਭਾਰਤੀ ਸਮਾਜ ਵਿੱਚ ਸਾਰੇ ਵਿਆਹ ਅੰਬਾਨੀ ਦੇ ਵਿਆਹ ਵਰਗੇ ਨਹੀਂ ਹੁੰਦੇ, ਪਰ ਕਰਨਾ ਸਾਰੇ ਚਾਹੁੰਦੇ ਹਨ; ਜਿਵੇਂ ਅਤੇ ਜਿੰਨਾ ਕਿਸੇ ਦੀ ਜੇਬ੍ਹ ਭਾਰ ਝੱਲ ਸਕਦੀ ਹੋਵੇ। ਲੋਕ ਆਪਣੇ ਵਿੱਤ ਤੋਂ ਬਾਹਰ ਜਾ ਕੇ ਕਰਜ਼ਾ ਚੁੱਕੇ ਕੇ ਆਪਣੇ ਧੀਆਂ-ਪੁੱਤਰਾਂ ਦੇ ਵਿਆਹਾਂ ਉੱਤੇ ਖ਼ਰਚ ਕਰਦੇ ਹਨ। ਵਿਆਹਾਂ ਉੱਤੇ ਪੈਸਾ ਵਹਾਉਣ ਨੂੰ ਇੱਕ ਸਮਾਜਿਕ ਪ੍ਰਵਾਨਗੀ ਮਿਲ ਚੁੱਕੀ ਹੈ। ਇਸ ਮਾਮਲੇ ਵਿੱਚ ਭਾਰਤ ਵਿੱਚ ਜਾਤ-ਬਰਾਦਰੀ, ਧਰਮ ਅਤੇ ਸੱਭਿਆਚਾਰ ਦਾ ਕੋਈ ਫਰਕ ਨਜ਼ਰ ਨਹੀਂ ਆਉਂਦਾ। ਲੋਕ ਆਪਣੇ ਰਿਸ਼ਤੇਦਾਰਾਂ ਦੇ ਸਾਹਮਣੇ ਆਪਣੀ ਤਾਕਤ ਦਾ ਲੋਹਾ ਮੰਨਵਾਉਣ ਲਈ ਕਿਸੇ ਵੀ ਹੱਦ ਤੱਕ ਚਲੇ ਜਾਂਦੇ ਹਨ।

ਇਨਵੈਸਟਮੈਂਟ ਬੈਂਕਿੰਗ ਅਤੇ ਕੈਪੀਟਲ ਮਾਰਕਿਟ ਨਾਲ ਜੁੜੀ ਫਰਮ 'ਜੈਫਰੀਜ਼' ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਅਨੁਮਾਨ ਲਾਇਆ ਹੈ ਕਿ ਭਾਰਤ ਵਿੱਚ ਵਿਆਹਾਂ ਦਾ ਅਰਥਚਾਰਾ ਲਗਭਗ 10.7 ਲੱਖ ਕਰੋੜ ਰੁਪਏ ਦਾ ਹੈ। ਵਿਆਹ ਖਾਣੇ ਅਤੇ ਕਰਿਆਨੇ ਨਾਲ ਜੁੜੇ ਕਾਰੋਬਾਰ (56.5 ਲੱਖ ਕਰੋੜ) ਤੋਂ ਬਾਅਦ ਦੂਜਾ ਸਭ ਤੋਂ ਵੱਡਾ ਗਾਹਕ ਬਾਜ਼ਾਰ ਹੈ। ਭਾਰਤ ਦਾ ਵਿਆਹ ਬਾਜ਼ਾਰ ਅਮਰੀਕਾ (5.8 ਲੱਖ ਕਰੋੜ) ਤੋਂ ਲਗਭਗ ਦੁੱਗਣਾ, ਪਰ ਚੀਨ (14 ਲੱਖ ਕਰੋੜ) ਤੋਂ ਘੱਟ ਹੈ। ਸੰਖਿਆ ਦੇ ਹਿਸਾਬ ਨਾਲ ਭਾਰਤ ਵਿੱਚ ਹਰ ਸਾਲ 80 ਲੱਖ ਤੋਂ ਲੈ ਕੇ ਇੱਕ ਕਰੋੜ ਤੱਕ ਵਿਆਹ ਹੁੰਦੇ ਹਨ। ਜਦਕਿ ਚੀਨ ਵਿੱਚ 70 ਤੋਂ 80 ਲੱਖ ਵਿਆਹ ਹਰ ਸਾਲ ਹੁੰਦੇ ਹਨ। ਅਮਰੀਕਾ ਵਿੱਚ 20 ਤੋਂ 35 ਲੱਖ ਵਿਆਹ ਹਰ ਸਾਲ ਹੁੰਦੇ ਹਨ।

ਜੈਫਰੀਜ਼ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਵਿਆਹ ਉੱਤੇ ਔਸਤ 12.5 ਲੱਖ ਖਰਚੇ ਜਾਂਦੇ ਹਨ, ਜਦਕਿ ਮਹਿੰਗੇ ਵਿਆਹਾਂ ਉੱਪਰ ਤਾਂ 20-30 ਲੱਖ ਖਰਚ ਦਿੱਤੇ ਜਾਣੇ ਮਾਮੂਲੀ ਗੱਲ ਹੈ। ਵਿਆਹਾਂ ਉੱਤੇ 12.5 ਲੱਖ ਦਾ ਕੀਤਾ ਜਾਣਾ ਵਾਲਾ ਖਰਚਾ ਭਾਰਤ ਦੀ ਪ੍ਰਤੀ ਕੈਪਿਟਾ ਜੀ.ਡੀ.ਪੀ. ਔਸਤ (2.4 ਲੱਖ) ਤੋਂ ਪੰਜ ਗੁਣਾ ਜ਼ਿਆਦਾ ਹੈ। ਇਹ ਇੱਕ ਔਸਤ ਭਾਰਤੀ ਪਰਿਵਾਰ ਦੀ ਸਾਲਾਨਾ ਆਮਦਨ (4 ਲੱਖ) ਦਾ ਤਿੰਨ ਗੁਣਾ ਹੈ। ਇਸ ਤੋਂ ਵੀ ਅੱਗੇ ਇਹ ਰਕਮ ਭਾਰਤ ਵਿੱਚ ਕਿੰਡਰਗਾਰਟਨ ਤੋਂ ਗਰੈਜੂਏਸ਼ਨ ਤੱਕ ਪੜ੍ਹਾਈ ਉੱਤੇ ਕੀਤੇ ਜਾਣ ਵਾਲੇ ਖਰਚੇ ਤੋਂ ਵੀ ਦੁੱਗਣਾ ਹੈ। ਰਿਪੋਰਟ ਉਪਲਬਧ ਡੇਟਾ ਅਤੇ ਵਿਆਹ ਕੇਂਦਰਾਂ ਦੇ ਅੰਕੜਿਆਂ ਉੱਤੇ ਆਧਾਰਿਤ ਹੈ।

ਲਿਸ਼ਕਦੇ-ਪੁਸ਼ਕਦੇ ਵਿਆਹ ਭਾਰਤ ਦੇ ਨੀਵੀਂ ਆਮਦਨ ਵਾਲੇ ਮੱਧ ਵਰਗ ਉੱਤੇ ਇੱਕ ਅਹਿਮ ਬੋਝ ਪਾਉਂਦੇ ਹਨ।



ਜਦੋਂ ਚੇਨੱਈ ਦੀ ਰਹਿਣ ਵਾਲੀ ਕਾਰਥਿਕਾ ਨੇ ਦਸ ਸਾਲ ਪਹਿਲਾਂ 22 ਸਾਲ ਦੀ ਉਮਰ ਵਿੱਚ ਬਹੁਤ ਜ਼ਿਆਦਾ ਖੁੱਲ੍ਹੇ ਖਰਚ ਨਾਲ ਵਿਆਹ ਕੀਤਾ ਤਾਂ ਸਭ ਕੁਝ ਠੀਕ ਸੀ। ਥੋੜ੍ਹੀ ਆਮਦਨ ਵਾਲੇ ਪਰਿਵਾਰ ਹੋਣ ਦੇ ਬਾਵਜੂਦ ਬੈਂਕ ਤੋਂ ਲੋਨ ਲੈ ਕੇ ਵਿਆਹ ਕਰਵਾਇਆ; ਪਰ ਕਰਜ਼ਾ ਮੋੜਨ ਵਿੱਚ ਉਨ੍ਹਾਂ ਦੇ ਮਾਪਿਆਂ ਅਤੇ ਪਤੀ ਨੂੰ ਪੂਰੇ ਦਸ ਸਾਲ ਲੱਗ ਗਏ। 10 ਲੱਖ ਤਾਂ ਸਿਰਫ਼ ਮੈਰਿਜ ਹਾਲ ਅਤੇ ਖਾਣੇ ਉੱਤੇ ਹੀ ਖਰਚ ਦਿੱਤਾ ਗਿਆ ਸੀ। ਇੱਕ ਕਰਜ਼ ਲਾਹੁਣ ਲਈ ਇੱਕ ਹੋਰ ਕਰਜ਼ਾ ਲੈਣਾ ਪਿਆ। ਹੁਣ ਉਨ੍ਹਾਂ ਨੂੰ ਪਛਤਾਵਾ ਹੈ ਕਿ ਉਨ੍ਹਾਂ ਦੀ ਜ਼ਿਆਦਾਤਰ ਜ਼ਿੰਦਗੀ ਕਰਜ਼ਾ ਉਤਾਰਨ ਵਿੱਚ ਹੀ ਬੀਤ ਗਈ ਹੈ।

ਇੱਕ ਪਾਸੇ ਉਹ ਲੋਕ ਹਨ, ਜਿਨ੍ਹਾਂ ਨੇ ਵਿਆਹਾਂ ਲਈ ਕਰਜ਼ ਚੁੱਕੇ ਤੇ ਹੁਣ ਉਸ ਵਿੱਚੋਂ ਨਿਕਲਣ ਲਈ ਸੰਘਰਸ਼ ਕਰ ਰਹੇ ਹਨ ਅਤੇ ਦੂਜੇ ਪਾਸੇ ਉਹ ਲੋਕ ਹਨ, ਜੋ ਆਪਣੀ ਬੱਚਤ ਦਾ ਜ਼ਿਆਦਾਤਰ ਹਿੱਸਾ ਵਿਆਹ ਉੱਤੇ ਖਰਚ ਕਰਨ ਲਈ ਤਿਆਰ ਹਨ। ਸਾਦੀਆਂ ਰਸਮਾਂ ਦਾ ਵੀ ਆਧੁਨੀਕੀਕਰਨ ਹੋ ਗਿਆ ਹੈ, ਭਾਂਤ-ਸੁਭਾਂਤੇ ਭੋਜਨ ਪਰੋਸੇ ਜਾਂਦੇ ਹਨ। ਵਿਆਹ ਵਿੱਚ ਬਹੁਤ ਸਾਰੀ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ ਹੈਲੀਕੈਮ ਫੋਟੋਗ੍ਰਾਫੀ ਅਤੇ ਮਿਊਜ਼ਿਕ ਬੈਂਡ। ਗਹਿਣੇ ਭਾਰਤੀ ਵਿਆਹਾਂ ਦੀ ਸਭ ਤੋਂ ਮਹਿੰਗੀ ਚੀਜ਼ ਹੈ। ਜੈਫਰੀਜ਼ ਦੀ ਰਿਪੋਰਟ ਮੁਤਾਬਕ ਵੱਡੀ ਰਕਮ ਸਿਰਫ ਗਹਿਣਿਆਂ ਉੱਤੇ ਖ਼ਰਚ ਦਿੱਤੀ ਜਾਂਦੀ ਹੈ। ਆਲੀਸ਼ਾਨ ਵਿਆਹਾਂ ਵਿੱਚ ਹੀਰੇ ਦੇ ਗਹਿਣਿਆਂ ਨੂੰ ਵੀ ਉਨੀਂ ਹੀ ਅਹਿਮੀਅਤ ਦਿੱਤੀ ਜਾਂਦੀ ਹੈ, ਜਿੰਨੀ ਗਰੀਬ ਜਾਂ ਮੱਧ ਵਰਗੀ ਪਰਿਵਾਰਾਂ ਵਿੱਚ ਸੋਨੇ ਦੇ ਗਹਿਣਿਆਂ ਦੀ ਹੁੰਦੀ ਹੈ। ਇਸ ਤੋਂ ਇਲਾਵਾ ਵਿਆਹ ਨਾਲ ਜੁੜੇ ਹੋਰ ਮੌਕੇ, ਕੱਪੜੇ, ਸਜਾਵਟ, 3ਡੀ ਕੈਮਰੇ, ਡੀ.ਜੇ. ਅਤੇ ਫਲੋਰ ਡਾਂਸ ਆਦਿ ਵੀ ਵਿਆਹਾਂ ਦੇ ਖਰਚੇ ਦਾ ਅਹਿਮ ਹਿੱਸਾ ਹਨ। ਮਹਿੰਦੀ ਵਰਗੀਆਂ ਹੋਰ ਰਸਮਾਂ, ਜੋ ਪਹਿਲਾਂ ਘਰ ਵਿੱਚ ਹੀ ਕੀਤੀਆਂ ਜਾਂਦੀਆਂ ਸਨ, ਹੁਣ ਕਿਰਾਏ ਦੇ ਹਾਲਾਂ ਵਿੱਚ ਕੀਤੀਆਂ ਜਾਂਦੀਆਂ ਹਨ। ਕੁਝ ਲੋਕ ਹਨ, ਜੋ ਖਰਚੀਲੇ ਵਿਆਹਾਂ ਨਾਲ ਸਹਿਮਤ ਨਹੀਂ ਹਨ ਅਤੇ ਫਾਲਤੂ ਦੇ ਖਰਚੇ ਨਾ ਕਰਨ ਲਈ ਦ੍ਰਿੜ ਹਨ।

ਉਂਜ ਭਾਰਤ ਵਿੱਚ ਵਿਆਹਾਂ ਦੇ ਸੱਭਿਆਚਾਰਕ ਮਹੱਤਵ ਕਾਰਨ ਭਾਰਤ ਤੋਂ ਬਾਹਰ ਵੀ ਇਸ ਦਾ ਕਾਰੋਬਾਰ ਵਧ-ਫੁੱਲ ਰਿਹਾ ਹੈ। ਰਾਜਸਥਾਨ ਦੇ ਜੈਪੁਰ ਤੇ ਉਦੇਪੁਰ ਅਤੇ ਗੋਆ ਦੇ ਸੁਹਣੇ ਸਮੁੰਦਰੀ ਕਿਨਾਰੇ ਬਾਲੀਵੁੱਡ ਕਲਾਕਾਰਾਂ ਅਤੇ ਅਮੀਰਾਂ ਦੇ ਵਿਆਹ ਸਮਾਗਮਾਂ ਲਈ ਪਹਿਲੀ ਪਸੰਦ ਹਨ। ਬਾਲੀਵੁੱਡ ਵਿੱਚ ਦੱਖਣ ਭਾਰਤੀ ਸੂਬਿਆਂ ਵਿੱਚ ਤਾਮਿਲਨਾਡੂ ਅਤੇ ਕੇਰਲ ਵਿੱਚ ਵਿਆਹ ਕਰਵਾਉਣ ਦਾ ਰੁਝਾਨ ਵੀ ਵਧ ਰਿਹਾ ਹੈ। ਲੋਕ ਪੋਨੀਅਨ ਸੇਲਵਨ ਥੀਮ ਜਾਂ ਬਾਹੂਬਲੀ ਥੀਮ ਦੀ ਮੰਗ ਕਰਦੇ ਹਨ।

ਉਂਜ ਜਦੋਂ ਵੀ ਖਰਚੀਲੇ ਵਿਆਹ ਦੀ ਖ਼ਬਰ ਆਉਂਦੀ ਹੈ ਤਾਂ ਲੋਕ ਰੌਲਾ ਪਾਉਂਦੇ ਹਨ ਕਿ ਸਾਦੇ ਵਿਆਹ ਹੀ ਸਾਡਾ ਸੱਭਿਆਚਾਰ ਹਨ, ਪਰ ਸਮਾਜਿਕ ਦਬਾਅ ਅਤੇ ਗਾਹਕਵਾਦੀ ਸੱਭਿਆਚਾਰ ਕਾਰਨ ਮੱਧ ਵਰਗ ਅਮੀਰਾਂ ਦੇ ਵਿਆਹਾਂ ਦੀ ਚਮਕ-ਦਮਕ ਤੋਂ ਪ੍ਰਭਾਵਿਤ ਹੋ ਜਾਂਦਾ ਹੈ। ਸਮਾਜ ਵਿੱਚ ਵਿੱਤੀ ਤਣਾਅ ਫੈਲਣ ਦਾ ਇੱਕ ਕਾਰਨ ਖਰਬੂਜੇ ਨੂੰ ਦੇਖ ਕੇ ਖਰਬੂਜੇ ਦੇ ਰੰਗ ਬਦਲਣ ਵਾਂਗ ਰੀਸੋ-ਰੀਸੀ ਵਿਆਹਾਂ ਦੇ ਖਰਚੇ ਵਧਾਉਣਾ ਵੀ ਹੈ।

*-ਨੰਦਿਨੀ*

# Teeyan Da Mela
## MILWAUKEE

Food - Giddha - Singing - Prizes - Bhangra - Open Dance Floor

**August 11, 2024**

1 to 6 PM

VENUE: Four Points by Sheraton
5311 S. Howell Ave,
Milwaukee, WI 53207

Organizers Contact: Happy Chahal 414-712-6568 - Harjinder Soos 414-530-5699
Pinku Sandhawalia 414-708-2035 - Gurdeep Chahal 414-861-7395
Jas Kaur, Harpreet Toor, Mani Toor, Baljit Gill, Reena Aulakh, Harjeet Boparai, Raman Hansi

Tickets: $35 each at the door
Children under 10 free

*Ladies Only*

Cafe India Milwaukee

DJ Desi Vibes

VENDOR PARTNERS

dream DECOR BY KIRAN

Asian Diva Salon Milwaukee

Punjabi Community Organization of WI — PCO 1998





TASTE OF India FINE DINING BISTRO

17115 W. Bluemound Rd, Suite D1, Brookfield, WI 53005

# We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

## ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

**ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ**



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill
Restaurant - Bar - Banquet
1038 N. Jackson St,
Milwaukee, WI 53202

**We Also Provide**

Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913
ਜਾਂ 414-588-3325